ਮਾਸਟਰ ਆਫ ਲਾਇਬ੍ਰੇਰੀ
ਅਤੇ ਸੂਚਨਾ ਵਿਗਿਆਨ

**MLIS 202**

**ਇਨ.ਫਰਮੇਸ਼ਨ ਸਟੋਰੇਜ ਐਂਡ ਰੀਟ੍ਰੀਵਲ**

**ਯੂਨਿਟ ਨੰਬਰ : 1**

**ਪਾਠ ਨੰ.**


1.1 ਸਾਧਾਰਣ ਵਰਗੀਕਰਣ ਪ੍ਰਣਾਲੀਆਂ : ਵਿਕਾਸ ਅਤੇ ਰੁਝਾਨ

1.2 ਵਰਗੀਕਰਣ ਖੋਜ ਵਿੱਚ ਲੱਗੀਆਂ ਸੰਸਥਾਵਾਂ ਦੀਆਂ ਕਾਰਵਾਈਆਂ

1.3 ਐਂਗਲੋਅਮਰੀਕਨ ਕੈਟਾਲਾਗਿੰਗ ਰੂਲਜ਼ (ਏ.ਏ.ਸੀ.ਆਰ): ਵਿਕਾਸ ਅਤੇ ਰੁਝਾਨ

1.4 ਸੂਚੀਕਰਣ ਵਿੱਚ ਵਿਕਾਸ ਅਤੇ ਪ੍ਰਚੱਲਿਤ ਰੁਝਾਨ

1.5 ਓਪੇਕ ਅਤੇ ਆਨਲਾਈਨ ਖੋਜ ਲਈ ਵਿਸ਼ਾ ਸੂਚੀਕਰਣ



ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ 1.1 ਲੇਖਕ : ਡਾ.ਵੀ.ਚੰਦਰਾਕੁਮਾਰ
ਅਨੁਵਾਦਕ : ਤਰਵਿੰਦਰ ਸਿੰਘ

# ਸਾਧਾਰਣ ਵਰਗੀਕਰਣ ਪ੍ਰਣਾਲੀਆਂ : ਵਿਕਾਸ ਅਤੇ ਰੁਝਾਨ

**(Classification : Development and Trends in General Classification Schemes)**

## ਸਿੱਖਣ ਦੇ ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਤੁਸੀਂ ਹੇਠ ਲਿਖੇ ਬਾਰੇ ਜਾਣ ਸਕੋਗੇ :-

1. ਸਾਧਾਰਣ ਅਤੇ ਵਿਸ਼ੇਸ਼ ਵਰਗੀਕਰਣ ਪ੍ਰਣਾਲੀਆਂ ਦੀ ਪਰਿਭਾਸ਼ਾ ਅਤੇ ਸਾਧਾਰਣ ਵਰਗੀਕਰਣ ਪ੍ਰਣਾਲੀਆਂ ਦੇ ਰੁਝਾਨ; ਅਤੇ,
2. ਡੀਵੀ ਡੈਸੀਮਲ ਵਰਗੀਕਰਣ, ਯੂਨੀਵਰਸਲ ਡੈਸੀਮਲ ਵਰਗੀਕਰਣ, ਲਾਇਬ੍ਰੇਰੀ ਆਫ਼ ਕਾਂਗਰਸ ਵਰਗੀਕਰਣ, ਬਿਬਲਿਓਗ੍ਰਾਫਿਕ ਵਰਗੀਕਰਣ, ਕੋਲਨ ਵਰਗੀਕਰਣ ਅਤੇ ਬ੍ਰਾਡ ਸਿਸਟਮ ਆਫ਼ ਆਰਡਰਿੰਗ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕੋਗੇ।

## ਸੰਰਚਨਾ :

1.1.0 ਜਾਣਕਾਰੀ
1.1.1 ਡੀਵੀ ਡੈਸੀਮਲ ਕਲਾਸੀਫੀਕੇਸ਼ਨ
1.1.2 ਯੂਨੀਵਰਸਲ ਡੈਸੀਮਲ ਕਲਾਸੀਫੀਕੇਸ਼ਨ
1.1.3 ਲਾਇਬ੍ਰੇਰੀ ਆਫ਼ ਕਾਂਗਰਸ ਕਲਾਸੀਫੀਕੇਸ਼ਨ
1.1.4 ਬਿਬਲਿਓਗ੍ਰਾਫਿਕ ਕਲਾਸੀਫੀਕੇਸ਼ਨ
1.1.5 ਕੋਲਨ ਕਲਾਸੀਫੀਕੇਸ਼ਨ
1.1.6 ਰਾਈਡਰ ਇੰਟਰਨੈਸ਼ਨਲ ਕਲਾਸੀਫੀਕੇਸ਼ਨ
1.1.7 ਬ੍ਰਾਡ ਸਿਸਟਮ ਆਫ਼ ਆਰਡਰਿੰਗ
1.1.8 ਆਟੋਮੈਟਿਕ ਵਰਗੀਕਰਣ
1.1.9 ਸਾਰ
1.1.10 ਸੰਦਰਭ
1.1.11 ਸਵੈ-ਪੜਤਾਲ ਅਭਿਆਸ।

## 1.1.0 ਜਾਣਕਾਰੀ :

ਵਰਗੀਕਰਣ ਪ੍ਰਣਾਲੀਆਂ ਨੂੰ ਆਮ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ : ਸਾਧਾਰਣ ਅਤੇ ਵਿਸ਼ੇਸ਼। ਸਾਧਾਰਣ ਵਰਗੀਕਰਣ ਪ੍ਰਣਾਲੀ ਉਹ ਹੁੰਦੀ ਹੈ, ਜਿਸਦਾ ਆਪਣਾ ਆਧਾਰ ਹੋਵੇ ਅਤੇ ਜੋ ਗਿਆਨ ਦੀਆਂ ਸਾਰੀਆਂ ਸ਼ਾਖ਼ਾਵਾਂ ਦਾ ਵਰਗੀਕਰਣ ਕਰਦੀ ਹੋਵੇ। ਗਿਆਨ ਦੀ ਕਿਸੇ ਵੀ ਸ਼ਾਖ਼ਾ ਵਿੱਚ ਪੈਂਦੇ ਵਿਸ਼ਿਆਂ ਦਾ ਵਰਗੀਕਰਣ ਕਰਨਾ ਉਨ੍ਹਾਂ ਦਾ ਮੂਲ ਮੰਤਵ ਹੁੰਦਾ ਹੈ। ਡੀਵੀ ਡੈਸੀਮਲ ਦੇ ਪਹਿਲੇ ਐਡੀਸ਼ਨ ਦੇ 1876 ਵਿੱਚ ਆਗਮਨ ਨਾਲ ਸਾਧਾਰਣ ਵਰਗੀਕਰਣ ਪ੍ਰਣਾਲੀਆਂ ਦਾ ਆਰੰਭ ਹੋਇਆ। ਇੱਕ ਸਦੀ ਜਾਂ ਇਸ ਤੋਂ ਵੱਧ ਸਮੇਂ ਵਿੱਚ ਵਰਗੀਕਰਣ ਪ੍ਰਣਾਲੀਆਂ ਦੇ ਡਿਜ਼ਾਈਨ ਅਤੇ ਵਿਕਾਸ ਸਬੰਧੀ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਕੋਸ਼ਿਸ਼ਾਂ ਸਦਕਾ ਹੀ ਵੱਖ-ਵੱਖ ਵਰਗੀਕਰਣ ਪ੍ਰਣਾਲੀਆਂ ਜਿਵੇਂ ਕਿ ਰੰਗਾਨਾਥਨ ਦੀ ਕੋਲਨ ਕਲਾਸੀਫਿਕੇਸ਼ਨ (1933), ਯੂਨੀਵਰਸਲ ਡੈਸੀਮਲ ਕਲਾਸੀਫਿਕੇਸ਼ਨ (1895), ਬਲਿਸ (Bliss) ਦੀ ਬਿਬਲਿਓਗ੍ਰਾਫਿਕ ਕਲਾਸੀਫਿਕੇਸ਼ਨ (1961), ਅਤੇ ਹੁਣੇ-ਹੁਣੇ ਬ੍ਰਾਡ ਸਿਸਟਮ ਆਫ਼ ਆਰਡਰਿੰਗ ਵਰਗੀਆਂ ਵਰਗੀਕਰਣ ਪ੍ਰਣਾਲੀਆਂ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਸਾਰੀਆਂ ਵਿਚੋਂ ਡੀਵੀ ਡੈਸੀਮਲ ਕਲਾਸੀਫਿਕੇਸ਼ਨ ਅਤੇ ਯੂਨੀਵਰਸਲ ਡੈਸੀਮਲ

ਕਲਾਸੀਫਿਕੇਸ਼ਨ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ ਜਦੋਂ ਕਿ ਬਾਕੀ ਵਰਗੀਕਰਣ ਪ੍ਰਣਾਲੀਆਂ ਕਿਸੇ ਖ਼ਾਸ ਖੇਤਰ ਜਾਂ ਕੁਝ ਲਾਇਬ੍ਰੇਰੀਆਂ ਤੱਕ ਸੀਮਿਤ ਹਨ।

ਵਿਸ਼ੇਸ਼ ਵਰਗੀਕਰਣ ਪ੍ਰਣਾਲੀਆਂ ਉਹ ਪ੍ਰਣਾਲੀਆਂ ਹਨ, ਜਿਨ੍ਹਾਂ ਦਾ ਵਿਕਾਸ ਕਿਸੇ ਇੱਕ ਵਿਸ਼ੇ ਦੇ ਖ਼ਾਸ ਤਰ੍ਹਾਂ ਦੇ ਸਾਹਿਤ ਦੇ ਵਰਗੀਕਰਣ ਲਈ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਵਿਸ਼ੇਸ਼ ਵਰਗੀਕਰਣ ਪ੍ਰਣਾਲੀ ਵੱਡੇ ਪੱਧਰ 'ਤੇ ਐਬਸਟ੍ਰੈਕਟਿੰਗ ਸੇਵਾ ਜਿਵੇਂ ਕਿ INSPEC, ਕੈਮੀਕਲ ਐਬਸਟ੍ਰੈਕਟਸ, ਲਾਇਬ੍ਰੇਰੀ ਐਂਡ ਇਨਫ਼ਾਰਮੇਸ਼ਨ ਸਾਇੰਸ ਐਬਸਟ੍ਰੈਕਟਸ (LISA) ਵਰਗੀਆਂ ਸੇਵਾਵਾਂ ਵਿੱਚ ਵਰਤੋਂ ਲਈ ਤਿਆਰ ਕੀਤੀ ਜਾਂਦੀ ਹੈ। ਆਮ ਤੌਰ 'ਤੇ ਖ਼ਾਸ ਸਾਹਿਤ ਲਈ ਕਿਸੇ ਖ਼ਾਸ ਵਰਗੀਕਰਣ ਪ੍ਰਣਾਲੀ ਦੀ ਜ਼ਰੂਰਤ ਨੂੰ ਸਵੀਕਾਰਿਆ ਜਾਂਦਾ ਹੈ। ਇਸ ਲਈ ਬਹੁਤ ਸਾਰੇ ਖ਼ਾਸ ਵਰਗੀਕਰਣ ਸਿਸਟਮ ਜਿਵੇਂ ਕਿ ਜੈਕ ਮਿਲਸ ਦੁਆਰਾ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਲਈ, ਈ.ਜੇ. ਕੈਟਸ ਦੁਆਰਾ ਸੰਗੀਤ, ਬਰਨਾਈਸ ਫੀਲਡ ਦੁਆਰਾ INSPEC ਡਾਟਾਬੇਸ ਲਈ ਵਿਕਸਿਤ ਕੀਤੇ ਗਏ ਆਦਿ। ਦੂਸਰੇ ਵਿਚਾਰ ਅਨੁਸਾਰ ਇੱਕ ਹੋਰ ਪ੍ਰਕਿਰਿਆ ਇਸ ਸਮੱਸਿਆ ਨੂੰ ਖਤਮ ਕਰਨ ਲਈ ਅਤੇ ਇੱਕ ਵਿਸ਼ੇਸ਼ ਵਰਗੀਕਰਣ ਪ੍ਰਣਾਲੀ ਡਿਜ਼ਾਈਨ ਕਰਨ ਲਈ ਇਹ ਹੈ ਕਿ ਇਸਦਾ ਇੱਕ ਵਿਆਪਕ ਸੰਸਕਰਣ ਛਾਪਿਆ ਜਾਵੇ। ਯੂ.ਡੀ.ਸੀ. ਸਕੀਮ ਕਈ ਸੰਸਕਰਣਾਂ ਜਿਵੇਂ ਛੋਟਾ ਐਡੀਸ਼ਨ, ਵਿਚਕਾਰਲਾ ਐਡੀਸ਼ਨ ਆਦਿ ਵਿੱਚ ਛਪਣੀ ਹੈ। ਕੋਲਨ ਕਲਾਸੀਫਿਕੇਸ਼ਨ ਦਾ ਵਿਆਪਕ ਸੰਸਕਰਣ ਖ਼ਾਸ ਕਰਕੇ ਸਾਇੰਸ, ਇੰਜੀਨੀਅਰਿੰਗ ਅਤੇ ਮੈਡੀਸਨ ਆਦਿ ਲਈ ਡਿਜ਼ਾਈਨ ਕੀਤਾ ਅਤੇ ਛਾਪਿਆ ਗਿਆ ਹੈ।

**1.1.1 ਡੀਵੀ ਡੈਸੀਮਲ ਵਰਗੀਕਰਣ ਪ੍ਰਣਾਲੀ (DDC) :-** ਮੈਲਵਿਲ ਡੀਵੀ ਨੇ 1876 ਵਿੱਚ ਦਸ਼ਮਲਵ ਵਰਗੀਕਰਨ ਸਕੀਮ ਨੂੰ ਇੱਕ ਟਾਈਟਲ "ਏ ਕਲਾਸੀਫਿਕੇਸ਼ਨ ਐਂਡ ਸਬਜੈਕਟ ਰੂਲਜ਼ ਫ਼ਾਰ ਕੈਟਾਲਾਗ ਐਂਡ ਅਰੇਂਜਿੰਗ ਬੁਕਸ ਐਂਡ ਪੈਂਫਲੇਟਸ ਆਫ਼ ਲਾਇਬ੍ਰੇਰੀ" ਅਧੀਨ ਪ੍ਰਕਾਸ਼ਿਤ ਕੀਤਾ। ਡੀਵੀ ਡੈਸੀਮਲ ਪ੍ਰਣਾਲੀ ਦੇ ਪਹਿਲੇ ਐਡੀਸ਼ਨ ਵਿੱਚ ਪਹਿਲੇ 12 ਪੰਨੇ ਜਾਣਕਾਰੀ, ਵਿਚਕਾਰਲੇ 12 ਪੰਨੇ ਟੇਬਲਾਂ ਲਈ ਅਤੇ ਆਖ਼ਰੀ 18 ਪੰਨੇ ਇੰਡੈਕਸ ਨੂੰ ਦਿੱਤੇ ਗਏ।

ਡੀ.ਡੀ.ਸੀ. ਦੇ ਦੂਜੇ ਐਡੀਸ਼ਨ ਵਿੱਚ ਕੁਝ ਮਹੱਤਵਪੂਰਣ ਤੱਥਾਂ ਨੂੰ ਪਹਿਲੀ ਵਾਰ ਪੇਸ਼ ਕੀਤਾ ਗਿਆ। ਇਨ੍ਹਾਂ ਵਿੱਚੋਂ ਕੁਝ ਹਨ : (ੳ) ਅੰਕ ਪ੍ਰਣਾਲੀ ਵਿੱਚ ਤਿੰਨ ਪਦਾਂ ਤੋਂ ਬਾਅਦ ਬਿੰਦੂ ਦੀ ਵਰਤੋਂ; (ਅ) ਸਾਰੇ ਸ਼ੈਡਿਊਲ ਵਿੱਚ ਸਮਾਨ ਰੂਪ ਨਾਲ ਲਾਗੂ ਹੋਣ ਵਾਲੇ ਫ਼ਾਰਮ ਡਿਵੀਜ਼ਨ ਜਿਨ੍ਹਾਂ ਨੂੰ ਹੁਣ ਸਟੈਂਡਰਡਰ ਸਬ-ਡਵੀਜ਼ਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਵਰਤੋਂ; ਅਤੇ, (ੲ) ਕਈ ਵਰਗਾਂ ਵਿੱਚ 'ਡਿਵਾਈਡ ਲਾਈਕ' ਜਿਸਨੂੰ ਹੁਣ "ਐਡ ਟੂ" ਕਰਕੇ ਜਾਣਿਆ ਜਾਂਦਾ ਹੈ, ਦੀ ਵਰਤੋਂ।

ਡੀਵੀ ਨੇ ਆਪਣੀ ਮੌਤ (1931) ਤੱਕ ਡੀ.ਡੀ.ਸੀ. ਨੂੰ ਸੁਪਰਵਾਈਜ਼ਡ ਕੀਤਾ ਅਤੇ 13ਵੇਂ ਐਡੀਸ਼ਨ ਤੱਕ ਇਸਦੀ ਸੋਧ ਕੀਤੀ। ਇਸਦੇ 15ਵੇਂ ਐਡੀਸ਼ਨ ਵਿੱਚ ਕੁਝ ਵੱਡੀਆਂ ਤਬਦੀਲੀਆਂ ਆਈਆਂ, ਜਿਵੇਂ ਕਿ (ੳ) ਕਲਾਸ ਨੰਬਰ ਦੀ ਔਸਤ ਲੰਬਾਈ ਦਾ ਘਟਣਾ (ਜ਼ਿਆਦਾਤਰ 5 ਹਿੰਦਸਿਆਂ ਤੱਕ); (ਅ) "ਡਿਵਾਈਡ ਲਾਈਕ" ਵਰਗੀਆਂ ਸਾਰੀਆਂ ਜੁਗਤਾਂ ਲਗਭਗ ਖਤਮ ਹੋ ਗਈਆਂ; (ੲ) ਇੰਦਰਾਜਾਂ ਦੀ ਗਿਣਤੀ 31,000 ਤੋਂ ਘਟਾਕੇ 4700 ਹੋ ਗਈ; (ਸ) ਫੋਰਮ ਡਵੀਜ਼ਨ (Form Divisions) ਨੂੰ ਘਟਾਕੇ 9 ਤੱਕ ਲਿਆਂਦਾ ਗਿਆ, ਭਾਵੇਂ ਕਿ ਇਸਦੀ ਸੰਖਿਆ ਡੀਵੀ ਦੇ ਪੁੱਤਰ ਗਾਡਫਰੇ ਦੀ ਅਗਵਾਈ ਹੇਠ ਛਾਪੇ ਅਗਲੇ ਐਡੀਸ਼ਨ ਵਿੱਚ ਫੇਰ ਵਧਾ ਦਿੱਤੀ ਗਈ। 16ਵਾਂ ਐਡੀਸ਼ਨ 1958 ਵਿੱਚ ਦੋ ਭਾਗਾਂ ਵਿੱਚ ਪੇਸ਼ ਕੀਤਾ ਗਿਆ। ਇਹ ਪਤਾ ਲੱਗਣ 'ਤੇ ਕਿ ਕੁਝ ਸ਼ੈਡਿਊਲ ਪੁਰਾਣੇ ਹੋ ਚੁੱਕੇ ਹਨ ਅਤੇ ਤਸੱਲੀਬਖ਼ਸ਼ ਤਰੀਕਾ ਇਹੋ ਸੀ ਕਿ ਇਨ੍ਹਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਜਾਵੇ, ਜਿਸਦੇ ਤਹਿਤ ਹੀ 16ਵੇਂ ਐਡੀਸ਼ਨ ਵਿੱਚ 'ਫੋਨਿਕਸ' ਸ਼ੈਡਿਊਲ ਦੀ ਵਰਤੋਂ ਕੀਤੀ ਗਈ। 17ਵਾਂ ਐਡੀਸ਼ਨ 1965 ਵਿੱਚ ਦੋ ਭਾਗਾਂ ਵਿੱਚ ਛਪਿਆ ਜਿਸ ਵਿੱਚ ਫਾਰਮ ਡਿਵੀਜ਼ਨ (Form Divisions) ਵਿੱਚ ਵਾਧੂ ਸਿਫ਼ਰਾਂ (Zeros) ਲਗਾਉਣ ਦੇ ਨਿਯਮ ਬਿਆਨ ਕੀਤੇ ਗਏ।

1971 ਵਿੱਚ 18ਵਾਂ ਐਡੀਸ਼ਨ ਮੌਜੂਦਾ ਟਾਈਟਲ "ਡੀਵੀ ਡੈਸੀਮਲ ਕਲਾਸੀਫਿਕੇਸ਼ਨ" ਹੇਠ ਛਾਪਿਆ ਗਿਆ, ਜਿਸ ਵਿੱਚ ਭਾਗ ਪਹਿਲਾ ਟੇਬਲ, ਭਾਗ ਦੂਜਾ ਸ਼ੈਡਿਊਲਜ਼ ਅਤੇ ਭਾਗ ਤੀਜਾ ਅਨੁਕ੍ਰਮਣਿਕਾ (Index) ਦੇ ਰੂਪ ਵਿੱਚ ਸਾਹਮਣੇ ਆਏ। ਇਸ ਸੰਸਕਰਣ ਵਿੱਚ ਸ਼ੈਡਿਊਲਾਂ ਨੂੰ ਆਸਾਨੀ ਨਾਲ ਵਰਤਣ ਲਈ ਵੱਖ-ਵੱਖ ਤਬਦੀਲੀਆਂ

ਕੀਤੀਆਂ ਗਈਆਂ, ਜਿਵੇਂ ਕਿ (ੳ) "divide like" ਦੀ ਥਾਂ 'ਤੇ "add to" ਦੀ ਵਰਤੋਂ; (ਅ) ਨਵੇਂ ਪਦਾਂ ਦੀ ਵਰਤੋਂ ਜਿਵੇਂ "Citation Order"; (ੲ) 340 ਲਾਅ ਅਤੇ 510 Mathematics ਲਈ Phoenix Schedule ਦੀ ਵਰਤੋਂ; (ਸ) ਸਾਂਝੇ ਪਹਿਲੂਆਂ ਵਾਲੇ ਹੋਰ 7 ਟੇਬਲਾਂ ਦੀ ਸ਼ੁਰੂਆਤ। 19ਵਾਂ ਐਡੀਸ਼ਨ 1979 ਵਿੱਚ 3000 ਪੰਨਿਆਂ ਦੀ ਗਿਣਤੀ ਵਾਲੇ ਤਿੰਨ ਭਾਗਾਂ ਵਿੱਚ ਛਾਪਿਆ ਗਿਆ। 20ਵਾਂ ਐਡੀਸ਼ਨ 4 ਭਾਗਾਂ ਵਿੱਚ ਛਾਪਿਆ ਗਿਆ। ਇਸ ਵਿੱਚ ਵਰਗੀਕਰਣ ਕਰਨ ਵਾਲਿਆਂ ਨੂੰ ਸਕੀਮ ਦੀ ਵਰਤੋਂ ਕਰਨ ਲਈ ਮਦਦ ਕਰਨ ਹਿੱਤ ਮੈਨੂਅਲ ਜੋੜਿਆ ਗਿਆ।

1996 ਵਿੱਚ ਡੀ.ਡੀ.ਸੀ. ਦਾ 21ਵਾਂ ਐਡੀਸ਼ਨ ਛਪਿਆ। 2003 ਦੇ ਮੱਧ ਵਿੱਚ 22ਵਾਂ ਐਡੀਸ਼ਨ ਵੀ ਛਪ ਗਿਆ। ਇਸ ਵਿੱਚ ਕੁਝ ਖ਼ਾਸ ਗੱਲਾਂ ਸ਼ਾਮਿਲ ਕੀਤੀਆਂ ਗਈਆਂ, ਜਿਨ੍ਹਾਂ ਨਾਲ ਸਕੀਮ ਨੂੰ ਆਸਾਨੀ ਨਾਲ ਵਰਤਿਆ ਜਾ ਸਕੇ। ਹੁਣ ਇਹ ਸਕੀਮ ਪ੍ਰਿੰਟ ਅਤੇ ਵੈਬ ਫਾਰਮੈਟ ਵਿੱਚ ਵੱਡੇ ਅਤੇ ਸੰਖਿਪਤ ਸੰਸਕਰਣ ਦੇ ਰੂਪ ਵਿੱਚ ਉਪਲਬਧ ਹੈ। ਡੀ.ਡੀ.ਸੀ. ਦਾ ਪੂਰੀ ਤਰ੍ਹਾਂ ਨਾਲ ਸੋਧਿਆ 23ਵਾਂ ਐਡੀਸ਼ਨ 2011 ਵਿੱਚ ਛਾਪਿਆ ਗਿਆ।

ਡੀ.ਡੀ.ਸੀ. ਦੀਆਂ ਮੁੱਖ ਕਲਾਸਾਂ ਦਾ ਖਾਕਾ ਬੇਕਨ (Becon) ਅਤੇ ਹੈਰਿਸ (Harris) ਦੀਆਂ ਸਕੀਮਾਂ 'ਤੇ ਆਧਾਰਿਤ ਹੈ। ਮੁੱਖ ਕਲਾਸਾਂ ਦੀ ਤਰਤੀਬ ਹੈਰਿਸ ਦੇ ਵਰਗੀਕਰਣ ਮੁਤਾਬਿਕ ਹੈ। ਇਹ ਇੱਕ ਪਦਵੀ ਤਰਤੀਬ (Hierarchial) ਪ੍ਰਣਾਲੀ ਹੈ, ਜਿਹੜੀ ਕਿ ਬਿੰਦੂ ਦੀ ਵਰਤੋਂ ਨਾਲ ਆਮ ਤੋਂ ਚੱਲ ਕੇ ਖ਼ਾਸ ਤੱਕ ਗਿਆਨ ਦੇ ਖੰਡਾਂ ਵੱਲ ਵਧਦੀ ਹੈ। ਇਹ 9 ਮੁੱਖ ਭਾਗਾਂ ਵਿੱਚ ਗਿਆਨ ਨੂੰ ਵੰਡਦੀ ਹੈ ਅਤੇ ਜਨਰਲ ਵਰਕਸ (Generalities) ਵਜੋਂ ਜਾਣੀ ਜਾਂਦੀ ਮੁੱਖ ਕਲਾਸ ਨੂੰ ਵੀ ਆਪਣੇ ਨਾਲ ਜੋੜਦੀ ਹੈ। ਇਸ ਤਰ੍ਹਾਂ ਇਸਦੇ 10 ਮੁੱਖ ਭਾਗ ਹਨ :-

- **ਆਮ ਕਿਰਤਾਂ (Generalities) :**
  1. ਫਿਲਾਸਫ਼ੀ ਅਤੇ ਸੰਬੰਧਤ ਖੇਤਰ (Philosophy and related disciplines)
  2. ਧਰਮ (Religion)
  3. ਸੋਸ਼ਲ ਸਾਇੰਸਿਜ਼ (Social Sciences)
  4. ਭਾਸ਼ਾਵਾਂ (Languages)
  5. ਨਿਰੋਲ ਵਿਗਿਆਨ (Pure Sciences)
  6. ਤਕਨਾਲੋਜੀ-ਅਪਲਾਈਡ ਸਾਇੰਸਿਜ਼ (Technology-Applied Sciences)
  7. ਕਲਾ (The Arts)
  8. ਲਿਟਰੇਚਰ (Literature - Bells Letters)
  9. ਭੂਗੋਲ ਅਤੇ ਇਤਿਹਾਸ ਅਤੇ ਇਨ੍ਹਾਂ ਦੀਆਂ ਆਗਜੀਲੀਅਰੀਆਂ (General Geography and History and their Auxiliaries)

ਸ਼ੁਰੂ ਵਿੱਚ ਡੀ.ਡੀ.ਸੀ. ਇੱਕ ਗਿਣਨਾਤਮਕ ਸੁਭਾਅ ਦੀ ਸੀ, ਪਰੰਤੂ 16ਵੇਂ ਐਡੀਸ਼ਨ ਤੋਂ ਬਾਅਦ ਇਸਨੇ ਹੌਲੀ-ਹੌਲੀ ਵਿਸ਼ਲੇਸ਼ਣੀ ਤੱਥਾਂ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। 18ਵੇਂ ਐਡੀਸ਼ਨ ਵਿੱਚ ਅਤੇ ਉਸ ਤੋਂ ਬਾਅਦ ਵਾਲੇ ਐਡੀਸ਼ਨਾਂ ਵਿੱਚ ਸੱਤ ਟੇਬਲ ਪੇਸ਼ ਕੀਤੇ ਗਏ। ਇਹ ਹਨ :-

1. Standard Subdivision
2. Area Divisions
3. Subdivisions of Individual Literature
4. Subdivision of Individual Language
5. Racial, Ethnic, National Groups
6. Languages, and
7. Persons; to synthesie the auxiliary ideas with basic class.

ਡੀਵੀ ਨੇ ਇੰਡੈਕਸ ਨੂੰ ਜ਼ਿਆਦਾ ਮਹੱਤਤਾ ਦਿੱਤੀ ਹੈ। ਇਸ ਤਰ੍ਹਾਂ ਦਾ ਇੰਡੈਕਸ ਇੱਕ ਵਿਸ਼ੇ ਦਾ ਦੂਜੇ ਵਿਸ਼ੇ ਨਾਲ ਅਤੇ ਸਾਰੇ ਵਿਸ਼ਾ ਵਿਭਾਜਨ ਨਾਲ ਗੂੜ੍ਹਾ ਸੰਬੰਧ ਦਰਸਾਉਂਦਾ ਹੈ।

ਡੀ.ਡੀ.ਸੀ. ਦਾ 22ਵਾਂ ਸੰਸਕਰਣ ਸੰਨ 2003 ਵਿੱਚ ਪ੍ਰਿੰਟ ਅਤੇ ਵੈਬ ਸੰਸਕਰਣਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਹ ਵੈਬ ਵਾਤਾਵਰਨ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ। ਇਸ ਵਿੱਚ ਕਈ ਨਵੇਂ update ਕੀਤੇ ਗਏ ਨੰਬਰ ਅਤੇ ਵਿਸ਼ਾ-ਵਸਤੂ ਪੇਸ਼ ਕੀਤੇ ਗਏ ਹਨ ਅਤੇ ਸ਼ੈਡਿਊਲ ਦਾ ਪੁਨਰ ਦੁਹਰਾਉ ਕੀਤੇ ਬਿਨਾ ਇੱਕ Tool ਦੀ ਤਰ੍ਹਾਂ ਕੰਮ ਕਰਨ ਦੀ ਸਮਰੱਥਾ ਹੈ। ਡੀ.ਡੀ.ਸੀ. ਦੇ 22ਵੇਂ ਐਡੀਸ਼ਨ ਦਾ ਪਹਿਲਾ ਇਲੈਕਟ੍ਰਿਕ ਵਰਸ਼ਨ ਜੂਨ 15, 2003 ਨੂੰ 'ਵੈਬ, ਡੀਵੀ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। 'ਵੈਬ ਡੀਵੀ' ਅਤੇ 'ਐਬਰਿਜ਼ਡ ਵੈਬ ਡੀਵੀ' OCLC ਸੇਵਾ ਵਿੱਚ ਉਪਲਬਧ ਹਨ। ਸਾਰੇ ਕਾਪੀ ਰਾਈਟ ਅਧਿਕਾਰ OCLC ਕੋਲ ਹਨ ਅਤੇ DDC ਅਤੇ ਵੈਬ ਡੀਵੀ OCLC ਦੇ ਰਜਿਸਟਰਡ ਟ੍ਰੇਡ ਮਾਰਕ ਹਨ।

ਹੁਣ ''ਵੈਬ ਡਿਊਈ 2.0'' ਵਰਤੋਂ ਲਈ ਤਿਆਰ ਹੈ। ਨਵੀਂ ਵੈਬ ਡਿਊਈ ਨੂੰ ਵਰਤਣਾ ਸੌਖਾ ਹੋ ਗਿਆ ਹੈ ਅਤੇ ਇਸ ਵਿਚ ਹੇਠ ਲਿਖੇ ਵਿਸ਼ੇਸ਼ ਗੁਣ ਪਾਏ ਜਾਂਦੇ ਹਨ :

(ੳ) ਨਵ-ਸਿਖਿਏ ਅਤੇ ਪਾਵਰ ਵਰਤੋਂਕਾਰਾਂ ਲਈ ''ਈਜ਼ੀ-ਟੂ-ਨੇਵੀਗੇਟ'' ਸਰਲ ਯੂਜ਼ਰ ਇਨਟਰਫੇਸ (User Interface) ਦਾ ਉਪਰਾਲਾ ਕੀਤਾ ਗਿਆ ਹੈ।

(ਅ) ਇਕਹਿਰੀ ਕਲਿਕ (Click) ਨਾਲ ਸਕਰੀਨ ਤੇ ਸੌਖਾ ਵਿਖਾਵਾ।

(ੲ) ਲਗਾਤਾਰ ਮਿਤੀ-ਅੰਤਤਾ ਹੁੰਦੀ ਰਹਿੰਦੀ ਹੈ।

ਸਕੀਮ ਦੀ ਸੰਰਚਨਾ ਇਸ ਪ੍ਰਕਾਰ ਹੈ :-

(1) ਵਾਲਯੂਮ-1 – ਮੈਨੂਅਲ ਅਤੇ ਟੇਬਲ; ਵਾਲਯੂਮ-2 – ਸ਼ੈਡਿਊਲ 000-599; ਵਾਲਯੂਮ-3 – ਸ਼ੈਡਿਊਲ 600-999; ਅਤੇ ਵਾਲਯੂਮ-4 – ਰਿਲੇਟਿਵ ਇੰਡੈਕਸ।

ਡੀਡੀਸੀ 22 ਵਿੱਚ ਨਵੇਂ ਜਿਉਗ੍ਰਾਫੀਕਲ ਏਰੀਆ, ਅਤੇ ਪ੍ਰਬੰਧਕੀ ਖੇਤਰ ਨਾਲ ਸਬੰਧਤ ਕਈ ਨਵੇਂ ਨੰਬਰ ਅਤੇ ਉਪ-ਵਿਸ਼ੇ ਸ਼ਾਮਿਲ ਕੀਤੇ ਗਏ ਹਨ। ਨਵੇਂ ਉਪ-ਵਿਸ਼ਿਆਂ ਵਿੱਚ ਕੰਪਿਊਟਰ ਸਾਇੰਸ, ਇੰਜੀਨੀਅਰਿੰਗ, ਸ਼ੋਸਿਓਲੋਜੀ, ਮੈਡੀਸਨ ਅਤੇ ਹਿਸਟਰੀ ਨਾਲ ਸਬੰਧਤ ਉਪ-ਵਿਸ਼ੇ ਸ਼ਾਮਿਲ ਕੀਤੇ ਗਏ ਹਨ।

ਕੁਝ ਮੁੱਖ ਬਦਲਾਅ ਇਸ ਪ੍ਰਕਾਰ ਹਨ :-

(1) ਟੇਬਲ 7 ਸ਼ਬਦਾਵਲੀ ਸੰਦ ਦੇ ਤੌਰ 'ਤੇ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਹੈ।

(2) 004-006 ਡਾਟਾ ਪ੍ਰੋਸੈਸਿੰਗ ਅਤੇ ਕੰਪਿਊਟਰ ਸਾਇੰਸ ਨੂੰ ਪੂਰੀ ਤਰ੍ਹਾਂ ਨਵਿਆਇਆ (Update) ਗਿਆ ਹੈ।

(3) ਨਵੇਂ ਐਡੀਸ਼ਨ ਪਲਾਨ ਵਿੱਚ 200 Religion ਵਿੱਚ ਈਸਾਈ ਧਰਮ ਵੱਲ ਝੁਕਾਅ ਨੂੰ ਘੱਟ ਕੀਤਾ ਗਿਆ ਹੈ।

(4) ਮੈਡੀਸਨ, ਮੈਥੇਮੈਟਿਕਸ ਅਤੇ ਸੋਸ਼ਲ ਗਰੁੱਪ (305-506) ਨੂੰ ਸ਼ੈਡਿਊਲ ਵਿੱਚ ਅਪਡੇਟ ਕੀਤਾ ਗਿਆ ਹੈ।

(5) ਟੇਬਲ-2 ਵਿੱਚ ਜਿਉਗ੍ਰਾਫੀਕਲ ਏਰੀਆ, ਇਤਿਹਾਸਕ ਕਾਲ (ਸਮਾਂ), ਵਿਅਕਤੀ ਆਦਿ ਨਵਿਆਏ ਗਏ ਹਨ।

(6) ਟੇਬਲ-5 ਵਿੱਚ ''ਨਸਲਾਂ, ਕੌਮਾਂ ਤੇ ਰਾਸ਼ਟਰੀ ਗਰੁੱਪ'' ਨੂੰ ਨਵਾਂ ਨਾਮ ''ਕੌਮਾਂ ਅਤੇ ਰਾਸ਼ਟਰੀ ਗਰੁੱਪ'' ਦਿੱਤਾ ਗਿਆ ਹੈ।

ਡੀ.ਡੀ.ਸੀ. ਦਾ 23ਵਾਂ ਛਪਿਆ ਹੋਇਆ ਸੰਸਕਰਣ ਸਾਲ 2010 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਸੰਸਕਰਣ ਵਿੱਚ ਬਹੁਤ ਸਾਰੇ ਬਦਲਾਵ ਕੀਤੇ ਗਏ ਹਨ ਅਤੇ ਬਹੁਤ ਸਾਰੇ ਵਿਸ਼ੇ ਮਿਤੀਅੰਤ ਕੀਤੇ ਗਏ ਹਨ।

ਡੀ.ਡੀ.ਸੀ. 23 ਦੇ ਵਿਸ਼ੇਸ਼ ਗੁਣ ਹੇਠ ਲਿਖੇ ਅਨੁਸਾਰ ਸਾਰ ਰੂਪ ਵਿੱਚ ਪੇਸ਼ ਕੀਤੇ ਜਾ ਸਕਦੇ ਹਨ :

1. ਬਹੁਤ ਸਾਰੇ ਨਵੇਂ ਟਾਪਿਕ ਜੋੜੇ ਗਏ ਹਨ ਅਤੇ ਕੁਝ ਚੋਣਵੇਂ ਖੇਤਰਾਂ ਨੂੰ ਮਿਤੀਅੰਤ ਕੀਤਾ ਗਿਆ ਹੈ।
2. ਲੋਕਾਂ ਦੇ ਸਮੂਹ (Groups of People) ਨੂੰ ਪੂਰੀ ਤਰ੍ਹਾਂ ਦੁਬਾਰਾ ਲਿਖਿਆ ਗਿਆ ਹੈ।
3. ਬਹੁਤ ਸਾਰੀਆਂ ਪ੍ਰਮਾਣਿਕ ਉਪਵੰਡਾਂ (Standard Subdivisions) ਨੂੰ ਨਵੇਂ ਸਿਰੇ ਤੋਂ ਵਿਚਾਰਿਆ ਗਿਆ ਹੈ।
4. ਦੁਹਰਾਓ ਵਾਲੇ ਸਿਰਲੇਖਾਂ ਨੂੰ ਸਮਾਪਤ ਕੀਤਾ ਗਿਆ ਹੈ।

5. ਟੇਬਲ ਵਿਚ ਵਿਸਤਾਰ ਕੀਤਾ ਗਿਆ ਹੈ ਅਤੇ 930–990 ਤੱਕ ਇਕੋ ਜਿਹਾ ਉਪਬੰਧ (Provision) ਕੀਤਾ ਗਿਆ ਹੈ।
6. ਇਤਿਹਾਸਕ ਸਮਾਂ (Historical Periods) ਨੂੰ 930–990 ਤਕ ਮਿਤੀਅੰਤ ਕੀਤਾ ਗਿਆ ਹੈ।

### 1.1.2 ਯੂਨੀਵਰਸਲ ਡੈਸੀਮਲ ਕਲਾਸੀਫਿਕੇਸ਼ਨ (ਯੂ.ਡੀ.ਸੀ.) :

ਐਫ.ਆਈ.ਡੀ. ਦੀ ਸਰਪ੍ਰਸਤੀ ਵਿੱਚ ਪਾਲ ਆਟਲੇਨ ਅਤੇ ਹੈਨਰੀ ਲਾ ਫਾਨਟੇਨ ਨਾਮੀਂ ਦੋ ਬੈਲਜੀਅਨਾਂ ਨੇ ਵਿਸ਼ਵਵਿਆਪੀ ਪ੍ਰਕਾਸ਼ਿਤ ਸਾਮੱਗਰੀ ਦੀ ਵਰਗੀਕ੍ਰਿਤ ਅਨੁਕ੍ਰਮਣਿਕਾ ਤਿਆਰ ਕਰਨ ਦਾ ਬੀੜਾ ਚੁੱਕਿਆ, ਜਿਸ ਲਈ ਡੀ.ਡੀ.ਸੀ. ਨੂੰ ਆਧਾਰ ਵਜੋਂ ਵਰਤਣ ਦਾ ਵਿਚਾਰ ਪੇਸ਼ ਕੀਤਾ ਗਿਆ। ਇਨ੍ਹਾਂ ਬੈਲਜੀਅਨਾਂ ਨੇ ਡੈਸੀਮਲ ਕਲਾਸੀਫਿਕੇਸ਼ਨ ਦੇ ਸ਼ੈਡਿਊਲ ਨੂੰ ਵਿਕਸਿਤ ਕਰਨ ਲਈ ਇਸ ਦੀਆਂ ਕਲਾਸਾਂ ਦਾ ਗਹਿਰਾਈ ਨਾਲ ਅਧਿਐਨ ਕਰਨਾ ਸ਼ੁਰੂ ਕੀਤਾ। ਵਿਕਾਸ ਦੌਰਾਨ ਇਸ ਵਿੱਚ ਹੋਰ ਜ਼ਿਆਦਾ ਵੱਖਰਾਪਨ ਲਿਆਂਦਾ ਗਿਆ। ਯੂਡੀਸੀ ਦਾ ਪਹਿਲਾ ਸੰਪੂਰਨ ਐਡੀਸ਼ਨ ਫਰੈਂਚ ਭਾਸ਼ਾ ਵਿੱਚ 1905 ਵਿੱਚ ਛਪਕੇ ਤਿਆਰ ਹੋਇਆ। ਇਸਦਾ ਪਹਿਲਾ ਟਾਈਟਲ ''ਮੈਨੂਅਲ ਡੂ ਰਿਪੋਰਟੋਇਨ ਬਿਬਲਿਓਗ੍ਰਾਫਿਕ ਯੂਨੀਵਰਸਲ'' ਰੱਖਿਆ ਗਿਆ। ਇਸਦੀ ਰਿਵੀਜਨ ਦੀ ਜ਼ਿੰਮੇਵਾਰੀ ਅਤੇ ਇਸਨੂੰ update ਰੱਖਣ ਦੀ ਜ਼ਿੰਮੇਵਾਰੀ ਦਾ ਕੰਮ FID ਦੀ ਸੈਂਟਰਲ ਕਮੇਟੀ ਨੂੰ ਸੌਂਪਿਆ ਗਿਆ, ਜਿਹੜੀ ਕਿ ਹੋਰ ਪ੍ਰਦੇਸ਼ਾਂ ਦੀਆਂ ਕਮੇਟੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਸਹਿਯੋਗ ਨਾਲ ਕੰਮ ਕਰਦੀ ਸੀ।

ਯੂਡੀਸੀ ਦਾ ਦੂਜਾ ਐਡੀਸ਼ਨ 1927–1933 ਦੇ ਵਿਚਕਾਰ ਛਪਕੇ ਤਿਆਰ ਹੋਇਆ। ਇਹ ਫਰੈਂਚ ਭਾਸ਼ਾ ਵਿੱਚ ਸੀ। ਤੀਜਾ ਐਡੀਸ਼ਨ 1934 ਵਿੱਚ ਸ਼ੁਰੂ ਹੋਇਆ ਅਤੇ 1952 ਈ. ਵਿੱਚ ਸੰਪੂਰਨ ਹੋਇਆ। ਚੌਥੇ ਐਡੀਸ਼ਨ ਉਪਰ 1943 ਈ. ਵਿੱਚ ਕੰਮ ਸ਼ੁਰੂ ਹੋਇਆ ਸੀ।

ਯੂਡੀਸੀ ਦਾ ਅੰਗਰੇਜ਼ੀ ਵਿੱਚ ਸੋਧਿਆ ਹੋਇਆ ਐਡੀਸ਼ਨ ਸਭ ਤੋਂ ਪਹਿਲਾਂ ਬ੍ਰਿਟਿਸ਼ ਸਟੈਂਡਰਡ ਇੰਸਟੀਚਿਊਟ ਵੱਲੋਂ 1948 ਵਿੱਚ ਛਪਕੇ ਤਿਆਰ ਹੋਇਆ। ਬ੍ਰਿਟਿਸ਼ ਸਟੈਂਡਰਡ ਇੰਸਟੀਚਿਊਟ ਇਸ ਸਕੀਮ ਦੀ ਬ੍ਰਿਟਿਸ਼ ਐਡੀਟੋਰੀਅਲ ਸੰਸਥਾ ਹੈ। ਤੀਜਾ ਐਡੀਸ਼ਨ BSI ਦੁਆਰਾ BSI000A ਸੰਨ 1961 ਵਿੱਚ ਛਾਪਿਆ ਗਿਆ। ਇਹ ਪੂਰੇ ਯੂਰਪ ਭਰ ਵਿੱਚ ਅਪਣਾਇਆ ਜਾ ਰਿਹਾ ਹੈ। ਯੂ.ਡੀ.ਸੀ. ਹੁਣ ਤਿੰਨ ਐਡੀਸ਼ਨਾਂ ਵਿੱਚ ਸਾਹਮਣੇ ਆ ਚੁਕੀ ਹੈ, ਜਿਸ ਵਿੱਚ Full, Medium ਅਤੇ Abridged ਐਡੀਸ਼ਨ ਸ਼ਾਮਿਲ ਹਨ ਅਤੇ ਇਹ 20 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦਿਤ ਕੀਤੀ ਜਾ ਚੁੱਕੀ ਹੈ। ਯੂ.ਡੀ.ਸੀ. ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :–

(1) ਯੂ.ਡੀ.ਸੀ. ਸਿਧਾਂਤ ਆਧਾਰਿਤ ਹੋਣ ਦੀ ਬਜਾਏ ਇੱਕ ਪ੍ਰਯੋਗੀ ਸਕੀਮ ਹੈ, ਜੋ ਕਿ ਪੈਂਫਲੇਟ, ਰੀਪੋਰਟਾਂ ਅਤੇ ਹੋਰ ਸਾਹਿਤ ਦੇ ਉਪਰ ਆਧਾਰਿਤ ਹੈ।

(2) ਭਾਵੇਂ ਕਿ ਇਹ ਸਕੀਮ ਡੈਸੀਮਲ ਕਲਾਸੀਫਿਕੇਸ਼ਨ ਉਪਰ ਆਧਾਰਿਤ ਹੈ, ਪਰ ਫਿਰ ਵੀ ਇਹ ਪਹਿਲੀ "analytico-synthetic" ਲਾਇਬ੍ਰੇਰੀ ਵਰਗੀਕਰਣ ਸਕੀਮ ਹੋਣ ਦਾ ਦਾਅਵਾ ਕਰ ਸਕਦੀ ਹੈ।

(3) ਇਹ ਇੱਕ ਜਨਰਲ ਕਲਾਸੀਫਿਕੇਸ਼ਨ ਸਕੀਮ ਹੈ। ਇਹ ਵਿਸ਼ੇਸ਼ ਵਰਗੀਕਰਣਾਂ ਦਾ Bundle ਨਹੀਂ ਹੈ, ਬਲਕਿ ਪੂਰੀ ਤਰ੍ਹਾਂ ਗੁੰਦਵੀਂ ਹੈ।

(4) ਸੰਸ਼ਲੇਸ਼ਣ ਤੇ ਤਾਲਮੇਲ ਦੀ ਮੌਜੂਦਗੀ ਕਾਰਨ ਇਹ ਸਕੀਮ ਸ਼ੈਡਿਊਲ ਵਿੱਚ ਪੂਰੀ ਤਰ੍ਹਾਂ ਗਿਣਨਾਤਮਕ ਹੋਣ ਦੀ ਝਲਕ ਦਾ ਪ੍ਰਗਟਾਵਾ ਵੀ ਕਰਦੀ ਹੈ।

(5) ਸੰਸ਼ਲੇਸ਼ਣਾਤਮਕ ਜੁਗਤ ਜਿਵੇਂ ਕਿ ਕੋਲਨ (:) ਦੀ ਵਰਤੋਂ ਨਾਲ ਸੰਕਲਪਾਂ ਦੇ ਕ੍ਰਮ ਪਰਿਵਰਤਨ ਕਰਕੇ ਨਵੇਂ ਤਾਲਮੇਲ ਬਿਠਾਏ ਜਾ ਸਕਦੇ ਹਨ, ਜਿਸ ਨਾਲ ਗਿਣਨਾਤਮਕ (Enumerative) ਵਰਗੀਕਰਣ ਦੀ ਕਠੋਰਤਾ ਨੂੰ ਘੱਟ ਕੀਤਾ ਜਾ ਸਕਦਾ ਹੈ।

(6) ਯੂ.ਡੀ.ਸੀ. ਦੀ ਸੰਕੇਤਨ ਪ੍ਰਣਾਲੀ ਅੰਤਰਰਾਸ਼ਟਰੀ ਪੱਧਰ ਦੀ ਹੈ, ਤਾਂ ਜੋ ਇਸਨੂੰ ਹਰੇਕ ਭਾਸ਼ਾ ਦੇ ਜਾਨਣ ਵਾਲੇ ਦੁਆਰਾ ਸਮਝਿਆ ਜਾ ਸਕੇ।

(7) ਇਸਦਾ ਰੱਖ-ਰਖਾਵ ਅਤੇ ਸੁਧਾਈ ਦਾ ਕੰਮ ਇਸਦੇ ਵਰਤੋਂਕਾਰਾਂ ਦੀ ਮਦਦ ਨਾਲ ਇੱਕ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਦੇਖ ਰਹੀ ਹੈ, ਜੋ ਇਸ ਵਿੱਚ ਸਮੇਂ-ਸਮੇਂ 'ਤੇ ਬਦਲਾਅ ਕਰਦੀ ਰਹਿੰਦੀ ਹੈ। ਇਹ ਬਦਲਾਅ ਸਮੇਂ ਦੀ ਲੋੜ ਅਨੁਸਾਰ ਕੀਤੇ ਜਾਂਦੇ ਹਨ।

ਯੂ.ਡੀ.ਸੀ. ਇੱਕ ਸਾਧਾਰਨ ਵਰਗੀਕਰਣ ਸਕੀਮ ਹੈ, ਜੋ ਕਿ ਗਿਆਨ ਦੇ ਸਾਰੇ ਖੇਤਰਾਂ ਨੂੰ cover ਕਰਦੀ ਹੈ। ਇਹ ਮੁੱਖ ਤੌਰ 'ਤੇ ਨੌ (9) ਮੁੱਖ ਕਲਾਸਾਂ ਵਿੱਚ ਵੰਡਿਆ ਗਿਆ ਹੈ (1-9)। ਇੱਕ ਦਸਵੀਂ ਕਲਾਸ ਮੁੱਖ ਤੌਰ 'ਤੇ ਜਨਰਲ ਕਲਾਸਾਂ ਨੂੰ ਕਵਰ ਕਰਨ ਲਈ ਡਿਜ਼ਾਈਨ ਕੀਤੀ ਗਈ ਹੈ। ਇਸ ਵਿੱਚ ਗਿਆਨ ਦੇ ਸੰਗਠਨ ਨਾਲ ਸੰਬੰਧਤ ਹੋਰ ਵਿਸ਼ੇ ਜਿਵੇਂ ਬਿਬਲਿਓਗ੍ਰਾਫੀ, ਲਾਇਬ੍ਰੇਰੀ ਅਤੇ ਲਾਇਬ੍ਰੇਰੀਅਨਸ਼ਿਪ ਨੂੰ ਵੀ ਜਗ੍ਹਾ ਦਿੱਤੀ ਗਈ ਹੈ। ਹਰੇਕ ਮੇਨ ਕਲਾਸ ਅੱਗੇ ਚਲਕੇ ਉਪ-ਸ੍ਰੇਣੀਆਂ ਵਿੱਚ ਵਿਭਾਜਤ ਕੀਤੀ ਗਈ ਹੈ। ਇਨ੍ਹਾਂ ਉਪ-ਸ੍ਰੇਣੀਆਂ ਨੂੰ ਅੱਗੇ ਉਪ-ਉਪ-ਸ੍ਰੇਣੀਆਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਨੂੰ ਅੱਗੇ ਚਲਕੇ ਫਿਰ ਵਿਭਾਜਿਤ ਕੀਤਾ ਗਿਆ ਹੈ। ਮੁੱਖ ਵਿਸ਼ੇ (Classes) ਇਹ ਹਨ :-

0. Generalities Science and Knowlege Organisation Information Documentation Libraries Institutions and Publications
1. Philosophy, Psychology and Ethics
2. Religion and Theology
3. Social Sciences, Statistics, Politics, Economics, Trade, Law, Government Military Affairs, Welfare, Insurance, Education and Folklore.
4. (ਪਹਿਲਾਂ ਇਹ ਨੰਬਰ Language ਅਤੇ Literature ਨੂੰ ਦਿੱਤਾ ਗਿਆ ਸੀ, ਜਿਹੜਾ ਹੁਣ ਬਦਲ ਕੇ ਨੰਬਰ-8 ਨੂੰ ਦੇ ਦਿੱਤਾ ਗਿਆ ਹੈ।)
5. Mathematics and natural sciences
6. Applied Sciences, Medicine and Technology
7. The Art, Recreation, Entertainment and Sport
8. Language, Linguistics, Literature, Belles and Letters
9. Geography, Biography, History

ਆਗਜ਼ੀਲੀਅਰੀ (Auxilliaries) ਤੋਂ ਭਾਵ ਇਹ ਹੈ ਕਿ ਉਹ secondary (ਦੂਜੇ ਪੱਧਰ ਦੀ) ਸ਼ਬਦਾਵਲੀ ਜੋ ਕਿ ਪਹਿਲੇ ਪੱਧਰ 'ਤੇ ਤੱਥਾਂ ਨੂੰ ਸਪੱਸ਼ਟ ਕਰਨ ਲਈ ਵਰਤੀ ਜਾਂਦੀ ਹੋਵੇ। ਇਸ ਨੂੰ ਆਮ ਤੌਰ 'ਤੇ ਖ਼ਾਸ ਚਿੰਨ੍ਹਾਂ ਜਾਂ facet indicators ਨਾਲ ਦਰਸਾਇਆ ਜਾਂਦਾ ਹੈ। ਵਿਸ਼ੇਸ਼ ਸ਼ਬਦਾਵਲੀ (Special Auxillaries) ਨੂੰ (-) ਹਾਈਫਨ ਦੁਆਰਾ, Point of view ਨੂੰ (.O,) ਦੁਆਰਾ ਅਤੇ ਆਮ ਸ਼ਬਦਾਵਲੀ ਨੂੰ ਕੁਝ ਹੋਰ ਦੂਜੇ ਚਿੰਨ੍ਹਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਆਮ ਸਹਾਇਕ (Auxillaries) ਇਹ ਹਨ :-

(a) ਜੋੜ ਅਤੇ ਲਗਾਤਾਰਤਾ ਦਰਸਾਉਣ ਲਈ (+ ਅਤੇ /);
(b) ਭਾਸ਼ਾ ਲਈ (=);
(c) ਰੂਪ ਲਈ (0...);
(d) ਸਥਾਨ ਲਈ (1/9);
(e) ਨਸਲਾਂ ਅਤੇ ਰਾਸ਼ਟਰੀ ਗਰੁੱਪਾਂ ਲਈ ( = 0/ = 9)
(f) ਟਾਈਮ ਲਈ (" .... ")
(g) ਨਜ਼ਰੀਏ (Point of view) ਲਈ (00); ਅਤੇ,
(i) ਐਲਫਾਬੈਟਿਕਲ ਅਤੇ (non-decimal) numerical subdivision.

ਯੂਡੀਸੀ. ਦੇ ਖੇਤਰ ਵਿੱਚ ਇੱਕ ਹੋਰ ਵਿਕਾਸ ਉਦੋਂ ਹੋਇਆ, ਜਦੋਂ ਇਸਦੇ ਮੀਡੀਅਮ ਅਤੇ ਸਪੈਸ਼ਲ ਸਬਜੈਕਟ ਐਡੀਸ਼ਨ ਛਪੇ। ਮੀਡੀਅਮ ਐਡੀਸ਼ਨ ਸਭ ਤੋਂ ਪਹਿਲਾਂ ਜਰਮਨ ਵਿੱਚ ਛਪਿਆ ਜਿਹੜਾ ਕਿ ''ਪੂਰੇ'' ਅਤੇ ''ਸੋਧੇ ਹੋਏ ਐਡੀਸ਼ਨ'' ਵਿਚਕਾਰ ਕੜੀ ਦਾ ਕੰਮ ਕਰਦਾ ਸੀ। ਖ਼ਾਸ ਵਿਸ਼ੇ ਜੋ ਇਸ ਵਿੱਚ ਜੋੜੇ ਗਏ, ਉਹ ਸਨ - ਨਿਊਕਲੀਅਰ ਵਿਗਿਆਨ, ਮਾਈਨਿੰਗ ਅਤੇ Metallurgy, ਅਤੇ ਭਵਨ, ਇਹ ਐਡੀਸ਼ਨ ਮੁੱਖ ਤੌਰ 'ਤੇ ਵੱਡੇ ਲਾਇਬ੍ਰੇਰੀ ਸਿਸਟਮ ਦੀ ਪ੍ਰੈਕਟਿਸ 'ਤੇ ਆਧਾਰਿਤ ਸੀ।

1985-88 ਦੇ ਸਾਲਾਂ ਵਿੱਚ ਅੰਗ੍ਰੇਜ਼ੀ ਵਿੱਚ ਇੰਟਰਨੈਸ਼ਨਲ ''ਮੀਡੀਅਮ'' ਐਡੀਸ਼ਨ (BS1000M) ਛਪਿਆ ਸੀ। ਦੂਜਾ ਅੰਗਰੇਜ਼ੀ ਮੀਡੀਅਮ ਐਡੀਸ਼ਨ (BS1000M; 1993) ਵਿੱਚ ਦੋ ਭਾਗਾਂ ਵਿੱਚ ਛਪਿਆ ਸੀ।

ਇਸ ਤੋਂ ਬਾਅਦ ਇਹ ਫਰੈਂਚ, ਸਪੈਨਿਸ਼, ਜਾਪਾਨੀ, ਡੱਚ, ਡੈਨਿਸ਼, ਹੰਗੇਰੀਅਨ, ਪੋਲਿਸ਼, ਚੈਕ, ਆਦਿ ਭਾਸ਼ਾਵਾਂ ਵਿੱਚ ਵੀ ਛਪਿਆ। ਟਾਸਕ ਫੋਰਸ ਨੇ ਇਸਨੂੰ ਕੰਪਿਊਟਰ ਚਾਲਿਤ ਬਣਾਉਣ ਲਈ ਪ੍ਰਵਾਨਗੀ ਦਿੱਤੀ ਅਤੇ 1991 ਵਿੱਚ ਇਸ ਨੂੰ ਹੋਂਦ ਵਿੱਚ ਲਿਆਉਣ ਲਈ ਢਾਂਚੇ ਦੀ ਤਿਆਰੀ ਸ਼ੁਰੂ ਕੀਤੀ। ਯੂ.ਡੀ.ਸੀ. ਆਨਲਾਈਨ ਵੈਬ ਦੁਆਰਾ ਪ੍ਰਾਪਤ ਕਰਨ ਦੇ ਯੋਗ ਹੈ। ਇਹ ਇੰਟਰਨੈਸ਼ਨਲ ਮੀਡੀਅਮ ਐਡੀਸ਼ਨ ਵਿੱਚ ਹੈ। ਇਹ http://www.UDC_online.com ਦੁਆਰਾ ਨੈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। UDC ਪਬਲੀਕੇਸ਼ਨ ਦੇ ਖੇਤਰ ਵਿੱਚ ਇੱਕ ਹੋਰ ਵਿਕਾਸ ਇਸਦੇ ਪਾਕਿਟ ਐਡੀਸ਼ਨ ਦੁਆਰਾ ਹੋਇਆ। ਇਸਦਾ ਪਹਿਲਾ ਅੰਗ੍ਰੇਜ਼ੀ ਪਾਕਿਟ ਐਡੀਸ਼ਨ (PD1000:1999) ਛਪਿਆ, ਜਿਸ ਵਿੱਚ 4,000 ਇੰਦਰਾਜ ਹਨ।

ਸਾਲ 2009 ਵਿਚ ਯੂਨੀਵਰਸਲ ਡੈਸੀਮਲ ਕਲਾਸੀਫੀਕੇਸ਼ਨ ਸਮਰੀ (UDC Summary) ਪ੍ਰਕਾਸ਼ਿਤ ਕੀਤੀ ਗਈ। ਇਹ ਯੂ.ਡੀ.ਸੀ. ਕਨਸਾਰਟੀਅਮ ਦੀ ਬੌਧਿਕ ਪੂੰਜੀ ਹੈ। ਇਸ ਵਿਚ ਯੂ.ਡੀ.ਸੀ. ਮਾਸਟਰ ਰੈਫਰੈਂਸ ਫਾਈਲ (UDC MRF) ਦੀਆਂ 68,000 ਸ਼੍ਰੇਣੀਆਂ ਵਿਚੋਂ ਲਗਭਗ 2000 ਚੋਣਵੀਆਂ ਸ਼੍ਰੇਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਯੂ.ਡੀ.ਸੀ. ਕਨਸਾਰਟੀਅਮ (Consortium) ਯੂ.ਡੀ.ਸੀ. ਸਮਰੀ ਦੀ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਨੂੰ ਸਮਰਥਨ ਦੇ ਰਹੀ ਹੈ ਅਤੇ ਅਨੁਵਾਦ ਲਈ ਉਤਸਾਹਤ ਕਰ ਰਹੀ ਹੈ।

### 1.1.3 ਲਾਇਬ੍ਰੇਰੀ ਆਫ਼ ਕਾਂਗਰਸ ਕਲਾਸੀਫਿਕੇਸ਼ਨ (LCC) :

''ਲਾਇਬ੍ਰੇਰੀ ਆਫ਼ ਕਾਂਗਰਸ ਕਲਾਸੀਫਿਕੇਸ਼ਨ'' ਲਾਇਬ੍ਰੇਰੀ ਆਫ਼ ਕਾਂਗਰਸ ਦੁਆਰਾ ਵਿਕਸਿਤ ਕੀਤੀ ਗਈ ਵਰਗੀਕਰਣ ਸਕੀਮ ਹੈ। ਇਹ ਅਮਰੀਕਾ ਅਤੇ ਹੋਰ ਦੇਸ਼ਾਂ ਦੀਆਂ ਰਿਸਰਚ ਅਤੇ ਯੂਨੀਵਰਸਿਟੀ ਲਾਇਬ੍ਰੇਰੀਆਂ ਵਿੱਚ ਅਤੇ ਪਬਲਿਕ ਲਾਇਬ੍ਰੇਰੀਆਂ ਵਿੱਚ ਮੁੱਖ ਤੌਰ 'ਤੇ ਵਰਤੀ ਜਾ ਰਹੀ ਹੈ।

ਇਹ ਵਰਗੀਕਰਣ ਸਕੀਮ ਅਸਲ ਵਿੱਚ ਚਾਰਲਸ ਐਮੀ ਕਟਰ ਦੇ ਲਾਇਬ੍ਰੇਰੀਅਨਸ਼ਿਪ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ 1897 ਵਿੱਚ ਉਸਦੀ ਸਲਾਹ ਨਾਲ ਹਰਬਰਟ ਪੂਤਨਅ ਦੁਆਰਾ ਵਿਕਸਿਤ ਕੀਤੀ ਗਈ। ਇਹ ਚਾਰਲਸ ਐਮੀਕਟਰ ਦੀ ''ਐਕਸਪੈਨਸਿਵ ਕਲਾਸੀਫਿਕੇਸ਼ਨ'' ਅਤੇ DDC ਤੋਂ ਪ੍ਰਭਾਵਿਤ ਹੋਕੇ ਬਣਾਈ ਗਈ। ਇਹ ਲਾਇਬ੍ਰੇਰੀ ਆਫ਼ ਕਾਂਗਰਸ ਵਿੱਚ ਵਰਗੀਕਰਣ ਦੇ ਕੰਮ ਵਿੱਚ ਵਰਤੋਂ ਕਰਨ ਲਈ ਖ਼ਾਸ ਤੌਰ 'ਤੇ ਬਣਾਈ ਗਈ ਸੀ। ਨਵੇਂ ਸਿਸਟਮ ਵਿੱਚ ਥਾਮਸਨ ਜੈਫਰਸਨ ਦੁਆਰਾ ਬਣਾਏ ''ਫਿਕਸਡ ਲੋਕੇਸ਼ਨ ਸਿਸਟਮ'' ਨੂੰ ਬਦਲ ਦਿੱਤਾ ਗਿਆ। 1939 ਵਿੱਚ ਪੂਤਨਮ ਦੇ ਅਹੁਦੇ ਨੂੰ ਛੱਡਣ ਦੇ ਸਮੇਂ ਤੱਕ (K Law), ਅਤੇ B(Philosophy and Religion) ਨੂੰ ਛੱਡ ਕੇ, ਸਾਰੀਆਂ ਕਲਾਸਾਂ ਚੰਗੀ ਤਰ੍ਹਾਂ ਵਿਕਸਿਤ ਕੀਤੀਆਂ ਜਾ ਚੁੱਕੀਆਂ ਸਨ। ਇਸ ਪ੍ਰਣਾਲੀ ਦੀ ਸਿਧਾਂਤਕ ਆਧਾਰ ਦੀ ਘਾਟ ਬਾਰੇ ਆਲੋਚਨਾ ਕੀਤੀ ਗਈ ਹੈ। ਜ਼ਿਆਦਾਤਰ ਵਰਗੀਕਰਣ ਫੈਸਲੇ ਲਾਇਬ੍ਰੇਰੀ ਦੀਆਂ ਪ੍ਰੈਕਟੀਕਲ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਕੇ ਨਿਰਧਾਰਿਤ ਕੀਤੇ ਜਾਂਦੇ ਹਨ। ਭਾਵੇਂ ਕਿ ਇਹ ਵਿਸ਼ਿਆਂ ਨੂੰ ਵੱਡੀਆਂ ਸ਼੍ਰੇਣੀਆਂ ਵਿੱਚ ਵੰਡਦੀ ਹੈ। ਇਹ ਮੁੱਢਲੇ ਤੌਰ 'ਤੇ ਸੁਭਾਅ ਵਿੱਚ Enumerative ਹੈ :-

A. ਸਾਧਾਰਣ ਕੰਮ (General Works)
B. ਫਿਲਾਸਫ਼ੀ, ਸਾਇਕਾਲੋਜੀ ਅਤੇ ਧਰਮ (Philosophy, Psychology and Religion)
C. ਆਗਜ਼ਲੀਅਰੀ ਵਿਗਿਆਨ ਦਾ ਇਤਿਹਾਸ (History of Auxilliary Science)
D. ਇਤਿਹਾਸ : ਜਨਰਲ ਅਤੇ ਪੁਰਾਣਾ ਸੰਸਾਰ (History : General and Old World)
E. ਇਤਿਹਾਸ : ਅਮਰੀਕਾ (History : America)
F. ਇਤਿਹਾਸ : ਅਮਰੀਕਾ (History : America)
G. ਭੂਗੋਲ (Geography : Anthropology and Recreation)
H. ਸਮਾਜ ਵਿਗਿਆਨ (Social Science)
J. ਰਾਜਨੀਤੀ ਵਿਗਿਆਨ (Political Science)
K. ਕਾਨੂੰਨ (Law)
L. ਸਿੱਖਿਆ (Education)
M. ਸੰਗੀਤ ਅਤੇ ਸੰਗੀਤ ਉਪਰ ਕਿਤਾਬਾਂ (Music and Books on Music)
N. ਫਾਈਨ ਆਰਟਸ (Fine Arts)

P. ਭਾਸ਼ਾ ਅਤੇ ਸਾਹਿਤ (Language and Literature)
Q. ਵਿਗਿਆਨ (Science)
R. ਮੈਡੀਸਨ (Medicine)
S. ਖੇਤੀਬਾੜੀ (Agriculture)
T. ਤਕਨਾਲੋਜੀ (Technology)
U. ਫ਼ੌਜ ਵਿਗਿਆਨ (Military Science)
V. ਨੇਵੀ ਸਾਇੰਸ (Navy Science)
Z. ਬਿਬਲਿਓਗ੍ਰਾਫੀ, ਲਾਇਬ੍ਰੇਰੀ ਸਾਇੰਸ ਅਤੇ ਸੂਚਨਾ ਸ੍ਰੋਤ (ਆਮ)
(Bibliography, Library Science and Information Resources (General)

ਇਸ ਸਿਸਟਮ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :-

1. ਉਚ ਪੱਧਰ ਦਾ ਵਿਸ਼ਾ ਪ੍ਰਸਤੁਤੀਕਰਨ, ਇੱਥੋਂ ਤੱਕ ਕਿ ਡਿਕਸ਼ਨਰੀ ਤੇ ਐਨਸਾਈਕਲੋਪੀਡੀਆ ਵੀ ਇਸ ਸ਼ੈਡਿਊਲ ਵਿੱਚ ਦਿੱਤੇ ਗਏ ਹਨ।
2. ਅੱਖ਼ਰਵਾਰ ਵਿਧੀ ਦਾ ਪ੍ਰਯੋਗ ਇੱਕ ਸੁਚੱਜੇ ਪ੍ਰਬੰਧ ਦੁਆਰਾ ਅੰਗਰੇਜ਼ੀ ਦੇ ਵੱਡੇ ਅੱਖ਼ਰਾਂ ਤੋਂ ਬਾਅਦ ਅਰਬੀ ਦੇ ਨੰਬਰਾਂ ਦੇ ਪ੍ਰਯੋਗ ਦੁਆਰਾ ਕੀਤਾ ਗਿਆ ਹੈ। ਨੰਬਰ ਡੈਸੀਮਲ ਰੂਪ ਵਿੱਚ ਵਰਤੇ ਗਏ ਹਨ ਅਤੇ ਇਹ ਖ਼ਾਸ ਟੇਬਲਾਂ ਵਿੱਚੋਂ ਲਏ ਗਏ ਹਨ ਜੋ ਕਿ ਅੱਖ਼ਰਕ੍ਰਮ ਵਿਧੀ ਵਿੱਚ ਹਨ।
3. ਸੰਕੇਤਨ ਜਾਂ ਅੰਕਨ ਦੇ ਵਿਚਕਾਰ ਗੈਪ ਛੱਡ ਕੇ ਮਹਿਮਾਨ-ਨਿਵਾਜ਼ੀ (Hospitality) ਦਾ ਉਪਬੰਧ ਕੀਤਾ ਗਿਆ ਹੈ।

### 1.1.4 ਬਿਬਲਿਓਗ੍ਰਾਫੀ ਕਲਾਸੀਫਿਕੇਸ਼ਨ (BC) :

ਬਿਬਲਿਓਗ੍ਰਾਫੀ ਕਲਾਸੀਫਿਕੇਸ਼ਨ ਐਚ.ਈ. ਬਲਿੱਸ ਦੁਆਰਾ ਵਿਕਸਿਤ ਕੀਤੀ ਗਈ। ਇਹ ਪੂਰੀ ਤਰ੍ਹਾਂ ਪਹਿਲੂ ਵਾਲੀ ਵਰਗੀਕਰਣ ਸਕੀਮ ਦੀ ਇੱਕ ਚੰਗੀ ਉਦਾਹਰਣ ਹੈ। ਇਹ ਹਰ ਪ੍ਰਕਾਰ ਦੀ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਲਈ ਇੱਕ ਵਿਸਤਾਰਤ ਵਰਗੀਕਰਣ ਸਕੀਮ ਪੇਸ਼ ਕਰਦੀ ਹੈ। ਹਰੇਕ ਕਲਾਸ ਵਿੱਚ ਸ਼ਬਦਾਵਲੀ ਖ਼ਾਸ ਤੌਰ 'ਤੇ ਸੰਖੇਪ ਅੰਕਨ ਵਿੱਚ ਇੰਡੈਕਸਿੰਗ ਅਤੇ ਕਿਸੇ ਵੀ ਸੂਖਮ ਵਰਗੀਕਰਣ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ। ਵਿਸ਼ਿਆਂ ਦਾ ਢਾਂਚਾ ਹਰੇਕ ਸ਼੍ਰੇਣੀ ਵਿੱਚ ਸਾਫ਼ ਅਤੇ ਸਪੱਸ਼ਟ ਤੌਰ 'ਤੇ ਨਿਯਮਾਂ ਅਨੁਸਾਰ ਜਲਦੀ ਲੱਭਣ (ਕਿਸੇ ਵੀ ਡਾਕੂਮੈਂਟ ਨੂੰ) ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ। ਹਰੇਕ ਵਾਲਯੂਮ ਵਿੱਚ A-Z ਇੰਡੈਕਸ ਦਿੱਤਾ ਗਿਆ ਹੈ। ਪਾਠਕ ਕਿਸੇ ਵੀ ਵਾਲਯੂਮ ਦੇ ਰਾਹੀਂ ਵਿਸ਼ਾ ਸੂਚੀ ਰੀਕਾਰਡ ਤੱਕ ਆਪਣੀ ਪਹੁੰਚ ਕਰ ਸਕਦਾ ਹੈ। ਪਰ ਇਹ ਪਾਠਕ ਦੀ ਮੁੱਢਲੀ ਦਿਲਚਸਪੀ ਉਪਰ ਨਿਰਭਰ ਕਰਦਾ ਹੈ।

ਬਿਬਲਿਓਗ੍ਰਾਫੀ ਕਲਾਸੀਫਿਕੇਸ਼ਨ ਸਭ ਤੋਂ ਪਹਿਲਾਂ ਚਾਰ ਭਾਗਾਂ ਵਿੱਚ 1940 ਅਤੇ 1953 ਦੇ ਵਿਚਕਾਰ ਅਮਰੀਕਾ ਵਿਖੇ ਪ੍ਰਕਾਸ਼ਿਤ ਹੋਈ। ਬਲਿੱਸ ਦੇ ਅਨੁਸਾਰ ਇਸ ਵਰਗੀਕਰਣ ਸਕੀਮ ਨੂੰ ਬਣਾਉਣ ਦਾ ਮੁੱਖ ਮੰਤਵ ''ਵਿਗਿਆਨ ਅਤੇ ਸਿੱਖਿਆ ਦੇ ਸਿਸਟਮ ਦੁਆਰਾ ਇਹ ਦੱਸਣਾ ਸੀ ਕਿ ਇੱਕ ਵਿਸ਼ਾਲ ਸਿਸਟਮ, ਜਿਹੜਾ ਕਿ ਵਰਗੀਕਰਣ ਦੇ ਤਰਕਪੂਰਣ ਤੱਥਾਂ 'ਤੇ ਆਧਾਰਿਤ ਅਤੇ ਵਿਗਿਆਨ ਅਤੇ ਸਿੱਖਿਆ ਢਾਂਚੇ ਨਾਲ ਸਥਿਰ ਹੈ, ਉਹ ਲਾਇਬ੍ਰੇਰੀਆਂ ਵਿੱਚ ਸੇਵਾ ਲਈ ਉਪਲਬਧ ਹੋ ਸਕਦਾ ਹੈ। ਇਸਦਾ ਕੰਮ ਲੰਬੇ ਸਮੇਂ ਤੋਂ ਸਥਾਪਿਤ ਵਰਗੀਕਰਣ ਪ੍ਰਣਾਲੀਆਂ ਦੀ ਰਿਵੀਜ਼ਨ ਅਤੇ ਇਕ ਕੁਸ਼ਲ ਤੇ ਸਸਤੀ ਵਰਗੀਕਰਣ, ਨੋਟੇਸ਼ਨ ਅਤੇ ਇੰਡੈਕਸ ਵਿੱਚ ਸਹਾਇਤਾ ਕਰਨਾ ਹੈ। ਇਸਦਾ ਮੁੱਖ ਮੰਤਵ ਸੁਬਾਰਡੀਨੇਸ਼ਨ (Subordination) ਦਾ ਵਿਚਾਰ ਸੀ ਅਤੇ ਇਹੀ ਪ੍ਰਣਾਲੀ ਹੁਣ BC1 ਨਾਲ ਜਾਣੀ ਜਾਂਦੀ ਹੈ।

ਬੀ.ਸੀ. ਸਭ ਤੋਂ ਪਹਿਲਾਂ ਨਿਊਯਾਰਕ ਦੇ ਇੱਕ ਕਾਲਜ, ਜਿੱਥੇ ਕਿ ਬਲਿੱਸ ਲਾਇਬ੍ਰੇਰੀਅਨ ਸੀ, ਵਿਖੇ 1902 ਵਿੱਚ ਵਰਤੀ ਗਈ। ਪੂਰੀ ਸਕੀਮ ਗਿਆਨ ਦੇ ਸੰਗਠਨ ਲਈ ਦੋ ਮਹਾਨ ਸਿਧਾਂਤਕ ਕਿਰਤਾਂ ਨੂੰ ਆਧਾਰ ਬਣਾਕੇ ਤਿਆਰ ਕੀਤੀ ਗਈ। ਇਸਦੀ ਮੁੱਖ ਖ਼ੂਬੀ ਇਸਦੇ ਸੁਚੱਜੇ ਢੰਗ ਨਾਲ ਡਿਜ਼ਾਈਨ ਕੀਤੀ ਗਈ ਸ਼੍ਰੇਣੀਬੱਧਤਾ (Theory of Gradation) ਉਪਰ ਚਾਨਣਾ ਪਾਉਣਾ ਹੈ।

BC1 ਰੰਗਾਨਾਥਨ ਦੁਆਰਾ ਮੁਲਾਂਕਿਤ ਕੀਤੇ ਪਹਿਲੂ ਵਿਸ਼ਲੇਸ਼ਣ (Facet Analysis) ਦਾ ਵਿਕਸਿਤ ਰੂਪ ਹੈ ਅਤੇ ਇਹ ਕਲਾਸੀਫਿਕੇਸ਼ਨ ਰਿਸਰਚ ਗਰੁੱਪ ਜੋ ਕਿ ਬ੍ਰਿਟੇਨ ਵਿੱਚ ਹੈ, ਦੁਆਰਾ ਵਿਕਸਿਤ ਕੀਤਾ ਗਿਆ ਅਤੇ 1970 ਦੇ ਸ਼ੁਰੂ ਵਿੱਚ ਸ਼ੁਰੂ ਕੀਤਾ ਗਿਆ।

ਬਲਿੱਸ ਕਲਾਸੀਫਿਕੇਸ਼ਨ ਐਸੋਸੀਏਸ਼ਨ (BCA) ਦੇ 1967 ਵਿੱਚ ਹੋਂਦ ਵਿੱਚ ਆਉਣ 'ਤੇ ਇਹ ਸੁਝਾਅ ਦਿੱਤਾ ਗਿਆ ਕਿ ਇੱਕ ਨਵਾਂ ਅਤੇ ਪੂਰੀ ਤਰ੍ਹਾਂ ਸੋਧਿਆ ਹੋਇਆ BC ਦਾ ਪੂਰਾ ਐਡੀਸ਼ਨ ਮਾਰਕੀਟ ਵਿੱਚ ਉਪਲਬਧ ਹੋਣਾ ਚਾਹੀਦਾ ਹੈ। ਇਸ ਲਈ ਸੁਧਾਈ ਦਾ ਕੰਮ ਪੂਰੀ ਨਿਪੁੰਨਤਾ ਨਾਲ ਹੋਣਾ ਚਾਹੀਦਾ ਹੈ ਤਾਂ ਜੋ ਇਹ ਪੂਰੀ ਤਰ੍ਹਾਂ ਨਵੇਂ ਸਿਸਟਮ ਨੂੰ ਸਪੱਸ਼ਟ ਤੌਰ 'ਤੇ ਬਿਆਨ ਕਰ ਸਕੇ। H.E. Bliss ਦੁਆਰਾ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜੈਕ ਮਿਲਸ ਦੀ ਸੰਪਾਦਨਾ ਹੇਠ ਬੀ.ਸੀ. ਦਾ ਦੂਜਾ ਸੋਧਿਆ ਹੋਇਆ ਸੰਸਕਰਣ 22 ਭਾਗਾਂ ਵਿੱਚ ਛਾਪਣ ਦਾ ਨਿਰਣਾ ਲਿਆ ਗਿਆ। ਇਹ ਵੀ ਨਿਰਣਾ ਲਿਆ ਗਿਆ ਕਿ ਹਰ ਇੱਕ ਭਾਗ ਵਿੱਚ ਇੱਕ ਜਾਂ ਦੋ ਵਿਸ਼ੇ ਹੀ ਹੋਣ। ਪਹਿਲਾ ਵਾਲਯੂਮ 1977 ਵਿੱਚ ਛਪਿਆ। ਇਸਦੀ ਡਿਟੇਲ ਇਸ ਪ੍ਰਕਾਰ ਹੈ :-

''ਬਲਿੱਸ ਬਿਬਲਿਓਗ੍ਰਾਫਿਕ ਕਲਾਸੀਫਿਕੇਸ਼ਨ, ਐਡੀਟਰ - ਜੇ. ਮਿਲਜ਼ ਅਤੇ ਵੰਦਾ ਬਰੋਗਟਨ, ਲੰਦਨ : ਬਟਰਵਰਥ, 1977 -) ਇਹ ਪਬਲੀਕੇਸ਼ਨ ਹੁਣ KG Saur ਦੇ ਅਧਿਕਾਰ ਹੇਠ ਹੈ।

BC2 (ਬੀ.ਸੀ.-2) ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :-

(ੳ) ਮੁੱਖ ਕਲਾਸਾਂ ਦੀ ਸ਼੍ਰੇਣੀਬੱਧਤਾ ਵਿਸ਼ੇ ਦੀ Theory ਦੀ ਮੰਗ ਅਨੁਸਾਰ ਮੁੱਖ ਸਿਧਾਂਤਾਂ ਉਪਰ ਕੇਂਦਰਿਤ ਹੈ। ਇਹ Theory of Gradation ਦੇ ਸਿਧਾਂਤ ਹਨ, ਜੋ ਕਿ ਫੀਬਲਮੈਨ ਅਤੇ ਹੋਰ ਵਿਦਵਾਨਾਂ ਦੁਆਰਾ ਵਿਕਸਿਤ ਕੀਤੇ ਗਏ ਹਨ।

(ਅ) ਹਰੇਕ ਮੇਨ ਕਲਾਸ ਅਤੇ ਸਾਰੀਆਂ ਉਪ-ਕਲਾਸਾਂ ਪੂਰੀ ਤਰ੍ਹਾਂ ਪਹਿਲੂ ਵਾਲੀਆਂ (fully faceted) ਹਨ। ਜਿਵੇਂ ਸ਼ਬਦਾਵਲੀ ਹਰੇਕ ਕੈਟਾਗਰੀ ਨੂੰ ਆਸਾਨੀ ਨਾਲ ਸਪੱਸ਼ਟ ਤੌਰ 'ਤੇ ਬਿਆਨ ਕਰਦੀ ਹੈ। ਉਦਾਹਰਣ ਦੇ ਤੌਰ 'ਤੇ ਮਨੁੱਖੀ ਜੀਵ ਗਿਆਨ ਅਤੇ ਮੈਡੀਕਲ ਨੂੰ ਵਿਅਕਤੀ ਦੀਆਂ ਕਿਸਮਾਂ, ਵਿਅਕਤੀ ਦੇ ਭਾਗ ਅਤੇ ਸਿਸਟਮ ਵਿਅਕਤੀ ਉਪਰ Processes, ਅਤੇ ਵਿਅਕਤੀ ਉਪਰ ਕੰਮ ਦੇ Agents ਆਦਿ ਨੂੰ ਬਿਆਨ ਕਰਦੀਆਂ ਹਨ।

(ੲ) ਕਿਸੇ ਵੀ ਸੰਯੁਕਤ ਵਿਸ਼ੇ ਦੀ ਸਥਿਤੀ ਬਾਰੇ ਉਚੇਚੇ ਤੌਰ 'ਤੇ ਅੰਦਾਜ਼ਾ ਲਗਾਉਣ ਲਈ ਸਾਰੀ ਵਰਗੀਕਰਣ ਪ੍ਰਣਾਲੀ ਵਿੱਚ ਪੂਰੀ ਅਤੇ ਭਰੋਸੇਯੋਗ ਉੱਧਰਣ (Citation) ਕ੍ਰਮ ਦੀ ਵਿਵਸਥਾ ਕੀਤੀ ਜਾਂਦੀ ਹੈ। ਉਦਾਹਰਣ ਵਜੋਂ ''ਚਿਕਿਤਸਾ'' ਵਿਸ਼ੇ ਪਹਿਲੂਆਂ ਦੇ ਕ੍ਰਮ ਵਿੱਚ ਇਸ ਪ੍ਰਕਾਰ ਵਿਵਸਥਾ ਕੀਤੀ ਗਈ ਹੈ। ਇਸ ਵਿਵਸਥਾ ਅਨੁਸਾਰ "Nursing Child Victims of Cancer" ਕਿਰਤ ਲਈ ਪਹਿਲੂ ਕ੍ਰਮ (ਵਿਅਕਤੀ ਦੀ ਕਿਸਮ) ਬੱਚੇ-(ਕਿਰਿਆਵਾਂ)-ਪੈਥਾਲੋਜੀਕਲ-ਕੈਂਸਰ-(Actions on) ਨਰਸਿੰਗ ਅਨੁਸਾਰ ਹੀ ਹੋਵੇਗਾ। ਇਸ ਉਦਾਹਰਣ ਵਿੱਚ ਪ੍ਰਮਾਣਿਕ ਉੱਧਰਣ (Citation) ਕ੍ਰਮ ਦੀ ਝਲਕ ਮਿਲਦੀ ਹੈ, ਜਿੱਥੇ ਕਿ ਪਹਿਲੇ ਪਹਿਲੂ ਵਿੱਚ ਵਿਸ਼ੇ ਦਾ ਉਦੇਸ਼ (ਪਰਿਭਾਸ਼ਾ ਆਦਿ ਸਮੇਤ) ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਕ੍ਰਮਵਾਰ ਕਿਸਮਾਂ, ਹਿੱਸੇ, ਪ੍ਰਕਿਰਿਆਵਾਂ, ਕਾਰਵਾਈਆਂ, ਏਜੰਟ, ਆਦਿ ਆਉਂਦੇ ਹਨ।

(ਸ) ਇਸ ਵਿੱਚ ਤਰਤੀਬ ਦਾ ਆਧਾਰ ਆਮ ਤੋਂ ਪਹਿਲਾਂ ਖ਼ਾਸ ਵੱਲ ਹੁੰਦਾ ਹੈ। ਉਪਰ ਦੱਸੀ ਉਦਾਹਰਣ ਵਿੱਚ HMY ਨਰਸਿੰਗ ਆਮ ਤੌਰ 'ਤੇ HQE ਕੈਂਸਰ ਤੋਂ ਪਹਿਲਾਂ ਹੋਵੇਗਾ ਜਿਹੜਾ ਕਿ HXO ਪੈਡੀਐਟ੍ਰਿਕਸ ਤੋਂ ਪਹਿਲਾਂ ਆਉਂਦਾ ਹੈ। ਇਸ ਤਰ੍ਹਾਂ ਬੱਚਾ-ਕੈਂਸਰ-ਨਰਸਿੰਗ ਇਨ੍ਹਾਂ ਸਾਰਿਆਂ ਤੋਂ ਬਾਅਦ HXO QEMY ਖ਼ਾਸ ਵਿਸ਼ਾ ਹੋਣ ਕਾਰਨ ਬਾਅਦ ਵਿੱਚ ਆਉਂਦੇ ਹਨ। ਇੱਥੋਂ ਨੋਟ ਕੀਤਾ ਜਾਵੇ ਕਿ ਉਪ-ਵਰਗਾਂ ਨੂੰ ਜੋੜਨ ਵੇਲੇ ਮੁੱਖ ਵਿਸ਼ਾ 'H' ਛੱਡ ਦਿੱਤਾ ਗਿਆ ਹੈ।

(ਹ) ਅੰਕਨ ਪੂਰੀ ਤਰ੍ਹਾਂ ਸੰਸ਼ਲੇਸ਼ਣੀ ਅਤੇ ਪਹਿਲੂਆਂ ਵਾਲੀ ਹੈ। ਕੋਈ ਇੱਕ ਕਲਾਸ ਸਾਰੀਆਂ ਕਲਾਸਾਂ ਦੁਆਰਾ ਵਿਸ਼ਵਾਸਯੋਗ ਤਰਤੀਬ ਗ੍ਰਹਿਣ ਕਰਨ ਦੇ ਯੋਗ ਹੋ ਸਕਦੀ ਹੈ। ਅੰਕਨ ਆਧਾਰ ਕਾਫ਼ੀ ਲੰਬਾ-ਚੌੜਾ ਹੈ। ਆਧਾਰ ਵਿੱਚ 35 ਅੱਖ਼ਰ (1/9, A/Z) ਪੂਰੀ ਤਰ੍ਹਾਂ ਤਰਤੀਬ ਵਿੱਚ ਹਨ। ਉਦਾਹਰਣ : ਇਹ ਕਦੇ ਵੀ ਅਸੰਭਵਤਾ ਦਾ ਸਾਹਮਣਾ ਨਹੀਂ ਕਰਦੇ ਅਤੇ ਹਮੇਸ਼ਾ ਤਰਤੀਬ ਵਿੱਚ

ਰਹਿੰਦੇ ਹਨ। ਇਸ ਸਕੀਮ ਦੀਆਂ ਇਹੋ ਦੋ ਖ਼ੂਬੀਆਂ ਇਸਨੂੰ ਵੱਖਰਾਪਨ ਅਤੇ ਖ਼ਾਸੀਅਤ ਪ੍ਰਦਾਨ ਕਰਦੀਆਂ ਹਨ। ਇਹ ਦੋ ਖ਼ੂਬੀਆਂ ਇਸ ਸਕੀਮ ਦੇ ਵੱਖਰੇਪਨ ਅਤੇ ਖ਼ਾਸੀਅਤ ਵਿਚਕਾਰ ਸੰਬੰਧ ਪੈਦਾ ਕਰਦੀਆਂ ਹਨ। (ਜ਼ਿਆਦਾਤਰ ਸੰਯੁਕਤ ਵਰਗ ਇੱਕ ਕਲਾਸ ਨੂੰ ਬਿਆਨ ਕਰਦੇ ਹਨ)। ਉਦਾਹਰਣ ਦੇ ਤੌਰ 'ਤੇ ਜਿਵੇਂ ਇੱਕ ਨਰਸ ਕਿਸੇ ਮਰੀਜ਼ ਅਤੇ ਉਸਦੇ ਪਰਿਵਾਰ ਦੀ ਦੇਖਭਾਲ ਕਰਦੀ ਹੈ। ਉਸਨੂੰ ਸ਼੍ਰੇਣੀ ਨਿਸ਼ਾਨੀ HPK PEY FBG K ਦੁਆਰਾ ਦਰਸਾਇਆ ਜਾਂਦਾ ਹੈ। ਕਿਸੇ ਵੀ ਹੋਰ ਜਨਰਲ ਕਲਾਸੀਫਿਕੇਸ਼ਨ ਸਕੀਮ ਵਿੱਚ ਇੰਨੀ ਸ਼ਕਤੀ ਨਹੀਂ ਹੈ ਕਿ ਉਹ ਇਸ ਪ੍ਰਕਾਰ ਦੀ ਲੰਬੀ ਕਲਾਸ approach ਤੱਕ ਆਪਣੀ ਪਹੁੰਚ ਬਣਾ ਸਕੇ। ਨੰਬਰਾਂ ਅਤੇ ਅੱਖ਼ਰਾਂ ਤੋਂ ਇਲਾਵਾ BC2 ਸਕੀਮ ਵਿੱਚ ਕਿਸੇ ਪ੍ਰਕਾਰ ਦੇ ਚਿੰਨ੍ਹਾਂ ਦੀ ਜ਼ਰੂਰਤ ਨਹੀਂ ਪੈਂਦੀ।

(ਕ) ਪੂਰੀ ਤਰ੍ਹਾਂ ਵਿਸਥਾਰ ਸਹਿਤ ਅੱਖ਼ਰਕ੍ਰਮ ਅਨੁਕ੍ਰਮਣਿਕਾਵਾਂ ਸਾਰੀਆਂ ਕਲਾਸਾਂ ਵਿੱਚ ਉਪਲਬਧ ਹਨ, ਜੋ ਕਿ Chain Procedure ਬਣਾਉਣ ਵਿੱਚ ਸਹਾਇਤਾ ਕਰਦੇ ਹਨ।

### 1.1.5 ਕੋਲਨ ਕਲਾਸੀਫਿਕੇਸ਼ਨ (CC) :

ਡਾ. ਐਸ.ਆਰ. ਰੰਗਾਨਾਥਨ, ਜਿਸਨੂੰ ਲਾਇਬ੍ਰੇਰੀ ਲਹਿਰ, ਜੋ ਕਿ ਭਾਰਤ ਵਿੱਚ ਚੱਲੀ ਸੀ, ਦਾ ਪਿਤਾਮਾ ਕਿਹਾ ਜਾਂਦਾ ਹੈ, ਨੇ ਕੋਲਨ ਕਲਾਸੀਫਿਕੇਸ਼ਨ (1933) ਦੀ ਰਚਨਾ ਕੀਤੀ ਸੀ। ਬਤੌਰ ਲਾਇਬ੍ਰੇਰੀਅਨ ਮਦਰਾਸ ਯੂਨੀਵਰਸਿਟੀ ਵਿਖੇ ਨਿਯੁਕਤ ਹੋਣ ਤੋਂ ਬਾਅਦ ਉਸਨੇ ਇਸ ਉਪਰ ਕੰਮ ਕਰਨਾ ਆਰੰਭਿਆ ਅਤੇ ਅੱਠ ਸਾਲ ਇਸ ਉਪਰ ਕੰਮ ਕੀਤਾ। ਕੋਲਨ ਕਲਾਸੀਫਿਕੇਸ਼ਨ ਦਾ ਪਹਿਲਾ ਐਡੀਸ਼ਨ 1933 ਈ. ਵਿੱਚ ਛਪਕੇ ਤਿਆਰ ਹੋਇਆ। ਇਹ ਦੋ ਭਾਗਾਂ ਵਿੱਚ ਸੀ, ਜਿਸ ਵਿੱਚ ਇੱਕ ਸ਼ੈਡਿਊਲ ਸੀ ਅਤੇ ਦੂਜੇ ਵਿੱਚ ਨਿਯਮ ਸਨ। ਇਹ ਅਲੱਗ-ਅਲੱਗ ਸਨ। ਕਿਉਂਕਿ ਇਸ ਸਕੀਮ ਵਿੱਚ ਕੋਲਨ (:) ਨੂੰ ਇੱਕ ਯੋਜਕ ਚਿੰਨ੍ਹ ਵਜੋਂ ਵਰਤਿਆ ਗਿਆ ਸੀ, ਇਸੇ ਕਰਕੇ ਇਸ ਸਕੀਮ ਦਾ ਨਾਂ ਵੀ ਇਸੇ ਕੋਲਨ (:) ਦੇ ਨਾਮ ਉਪਰ ਕੋਲਨ ਕਲਾਸੀਫਿਕੇਸ਼ਨ ਸਕੀਮ ਰੱਖਿਆ ਗਿਆ। ਡਾ. ਰੰਗਾਨਾਥਨ ਨੇ ਆਪਣੇ ਸਮੇਂ ਵਿੱਚ ਇਸਦੇ ਕਈ ਐਡੀਸ਼ਨ ਤਿਆਰ ਕਰਕੇ ਛਪਵਾਏ। ਦੂਜਾ ਐਡੀਸ਼ਨ 1939 ਈ. ਵਿੱਚ ਛਪਿਆ। ਇਸੇ ਤਰ੍ਹਾਂ ਤਰਤੀਬਵਾਰ 1950 ਵਿੱਚ ਤੀਜਾ, 1952 ਵਿੱਚ ਚੌਥਾ, 1959 ਵਿੱਚ ਪੰਜਵਾਂ ਅਤੇ 1960 ਵਿੱਚ ਇਸਦਾ ਛੇਵਾਂ ਐਡੀਸ਼ਨ ਛਪਕੇ ਤਿਆਰ ਹੋਇਆ। ਛੇਵਾਂ ਐਡੀਸ਼ਨ ਜੋ ਕਿ 1960 ਈ. ਵਿੱਚ ਛਪਿਆ ਸੀ, ਉਸ ਵਿੱਚ ਕੁਝ ਜ਼ਰੂਰੀ ਸੋਧਾਂ ਕੀਤੀਆਂ ਗਈਆਂ। ਸੱਤਵਾਂ ਐਡੀਸ਼ਨ 1987 ਈ. ਵਿੱਚ ਛਪਿਆ।

ਸਕੀਮ ਦਾ ਪੂਰਾ ਢਾਂਚਾ ਵਰਗੀਕਰਣ ਦੀਆਂ ਮਜ਼ਬੂਤ ਨੀਹਾਂ ਉਪਰ ਟਿਕਿਆ ਹੋਇਆ ਹੈ। ਬਲਿੱਸ ਦੇ ਵਰਗੀਕਰਣ ਉਪਰ ਕੀਤੇ ਥਿਊਰੈਟੀਕਲ ਕੰਮ ਨੇ ਰੰਗਾਨਾਥਨ ਨੂੰ ਲਾਇਬ੍ਰੇਰੀ ਵਰਗੀਕਰਣ ਉਪਰ ਕੰਮ ਕਰਨ ਲਈ ਪ੍ਰਭਾਵਿਤ ਕੀਤਾ ਅਤੇ ਉਸਨੇ ਵਰਗੀਕਰਣ ਦੇ ਕੰਮ ਨੂੰ ਅੱਗੇ ਵਧਾਇਆ। ਰੰਗਾਨਾਥਨ ਦੇ ਸ਼ਬਦਾਂ ਵਿੱਚ ਲਾਇਬ੍ਰੇਰੀ ਵਰਗੀਕਰਣ ਲਈ ਤਿੰਨ ਖ਼ਾਸ Planes ਹੋਣੇ ਚਾਹੀਦੇ ਹਨ, ਜਿਵੇਂ - Idea (ਵਿਚਾਰ), Verbal (ਸ਼ਾਬਦਿਕ), ਅਤੇ Notational (ਸੰਕੇਤਨ)।

ਕੋਲਨ ਕਲਾਸੀਫਿਕੇਸ਼ਨ ਨੇ ਪੂਰੇ ਗਿਆਨ ਜਗਤ ਨੂੰ ਕੁਝ ਇੱਕ ਮੁੱਖ ਸ਼੍ਰੇਣੀਆਂ ਵਿੱਚ ਵੰਡਿਆ ਹੈ। ਮੁੱਖ ਸ਼੍ਰੇਣੀਆਂ/ਪਹਿਲੂਆਂ ਵਿੱਚ ਇੱਕ ਜਾਂ ਇੱਕ ਤੋਂ ਜ਼ਿਆਦਾ ਇਕੱਲ ਵਿਚਾਰ ਹੋ ਸਕਦੇ ਹਨ। ਰੰਗਾਨਾਥਨ ਨੇ ਆਪਣੀ ਥਿਊਰੀ ਰਾਹੀਂ ਇਹ ਗੱਲ ਸਿੱਧ ਕਰ ਦਿੱਤੀ ਕਿ ਕੇਵਲ ਅਤੇ ਕੇਵਲ ਪੰਜ ਮੁੱਖ ਸ਼੍ਰੇਣੀਆਂ ਹਨ, ਜਿਨ੍ਹਾਂ ਵਿੱਚ ਪੂਰੇ ਗਿਆਨ ਜਗਤ ਨੂੰ ਵਿਭਾਜਿਤ ਕੀਤਾ ਜਾ ਸਕਦਾ ਹੈ, ਇਹ ਹਨ – Personality, Matter, Energy, Space and Time, ਜਿਸਨੂੰ PMEST ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਰੰਗਾਨਾਥਨ ਨੇ ਅਲੱਗ-ਅਲੱਗ facets ਰੂਪਾਂ ਤੱਕ ਆਪਣੀ ਪਹੁੰਚ ਕਰਨ ਲਈ CC ਵਿੱਚ Rounds (ਚੱਕਰ) ਅਤੇ Levels (ਪੱਧਰ) ਦੀ ਵੀ ਵਰਤੋਂ ਕੀਤੀ ਹੈ।

CC6 (ਛੇਵੇਂ ਐਡੀਸ਼ਨ) ਦੇ ਤੀਜੇ ਭਾਗ ਵਿੱਚ ਭਾਰਤੀ ਕਲਾਸੀਕਲ ਸਾਹਿਤ ਦੀ ਇੱਕ ਲੰਮੀ ਲਿਸਟ ਦਿੱਤੀ ਗਈ ਹੈ ਅਤੇ ਇੱਕ ਅਲੱਗ ਇੰਡੈਕਸ ਭਾਰਤੀ ਕਲਾਸੀਕਲ ਅਤੇ ਧਾਰਮਿਕ ਪੁਸਤਕਾਂ ਲਈ ਦਿੱਤਾ ਗਿਆ ਹੈ।

CC ਵਿੱਚ ਮਿਸ਼ਰਤ ਅੰਕਨ ਦੀ ਵਰਤੋਂ ਕੀਤੀ ਗਈ ਹੈ। ਮੁੱਖ ਕਲਾਸਾਂ ਆਮ ਤੌਰ 'ਤੇ ਰੋਮਨ ਕੈਪੀਟਲ (ਵੱਡੇ)

ਅੱਖਰਾਂ A/Z ਰਾਹੀਂ ਦਰਸਾਈਆਂ ਗਈਆਂ ਹਨ। ਇਸ ਵਿੱਚ ਰੋਮਨ ਛੋਟੇ a/z ਦੀ ਵਰਤੋਂ ਵੀ ਕਿਤੇ-ਕਿਤੇ ਕੀਤੀ ਗਈ ਹੈ। ਇਸ ਤੋਂ ਬਿਨਾ ਭਾਰਤੀ-ਅਰਬੀ ਅੱਖ਼ਰ 0, 1/9 ਅਤੇ ਗਰੀਕ ਸ਼ਬਦ $\Delta$, $\Sigma$ ਆਦਿ ਦੀ ਵਰਤੋਂ ਵੀ ਕੀਤੀ ਗਈ ਹੈ। ਮੁੱਖ ਕਲਾਸਾਂ ਵਿਚਕਾਰ ਜੋ ਵਿਭਾਜਨ ਕੀਤਾ ਗਿਆ, ਉਸ ਵਿੱਚ ਭਾਰਤੀ-ਅਰਬੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਕਈ ਪ੍ਰਕਾਰ ਦੇ ਚਿੰਨ੍ਹਾਂ ਅਤੇ ਅੱਖ਼ਰਾਂ ਦੀ ਵੀ ਵਰਤੋਂ ਕੀਤੀ ਗਈ ਹੈ। ਜਿਵੇਂ zero (0) ਦੀ ਵਰਤੋਂ ਪੜਾਅ ਸੰਬੰਧ (Phase Relation) ਦਰਸ਼ਾਉਣ ਲਈ ਕੀਤੀ ਗਈ ਹੈ ਅਤੇ ਗੋਲ ਬ੍ਰੈਕਟਾਂ ( ) ਦੀ ਵਰਤੋਂ ਸਬਜੈਕਟ ਡਿਵਾਈਸ ਲਗਾਉਣ ਲਈ ਕੀਤੀ ਗਈ ਹੈ।

ਉਦਾਹਰਣ : **ਪੜਾਅ ਸੰਬੰਧ :**

diff. between Math & Physics → B od C

**ਵਿਸ਼ਾ ਜੁਗਤ :**

Religious Library → 24 (Q)

ਸੱਤਵੇਂ ਐਡੀਸ਼ਨ ਉਪਰ 1960ਵੇਂ ਦੇ ਸ਼ੁਰੂ ਵਿੱਚ ਕੰਮ ਸ਼ੁਰੂ ਹੋਇਆ, ਜਿਸ ਵਿੱਚ ਜ਼ਿਆਦਾਤਰ ਵਿਸਥਾਰ ਵਿੱਚ ਕੰਮ ਡੀ.ਆਰ.ਟੀ.ਸੀ. ਬੰਗਲੌਰ ਵਿਖੇ ਕੀਤਾ ਗਿਆ। ਹੁਣ ਵਾਲਾ ਸੱਤਵਾਂ ਐਡੀਸ਼ਨ ਪਹਿਲਾਂ ਛਪ ਚੁੱਕੇ ਐਡੀਸ਼ਨਾਂ ਨਾਲੋਂ ਸੁਭਾਅ ਵਿੱਚ ਜ਼ਿਆਦਾ ਵਿਸ਼ਲੇਸ਼ਣਾਤਮਕ-ਸੰਸ਼ਲੇਸ਼ਣਾਤਮਕ (Analytio-Synthetic) ਹੈ। ਇਸ ਸਕੀਮ ਨੂੰ ਦੋ ਖੰਡਾਂ ਵਿੱਚ ਛਾਪਣ ਦਾ ਵਿਚਾਰ ਹੈ। ਜਿਵੇਂ ਖੰਡ ਪਹਿਲਾ ਵਰਗੀਕਰਣ ਸ਼ੈਡਿਊਲ ਲਈ ਅਤੇ ਖੰਡ ਦੂਜਾ ਇੰਡੈਕਸ। ਇਸਦਾ ਪਹਿਲਾ ਖੰਡ ਪ੍ਰਕਾਸ਼ਕ ਵੱਲੋਂ 1987 ਵਿੱਚ ਛਪ ਕੇ ਤਿਆਰ ਹੋ ਚੁੱਕਾ ਹੈ।

CC-7, ਵਰਗੀਕਰਣ ਸਕੀਮ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :-

(1) ਮੁੱਖ ਵਿਸ਼ਿਆਂ ਨੂੰ ਦੋ ਸਮੂਹਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ : ਮੁੱਢਲੇ ਅਤੇ ਅਣਮੁੱਢਲੇ ਮੁੱਖ ਵਿਸ਼ੇ, ਅੱਗੋਂ ਮੁੱਖ ਵਿਸ਼ਿਆਂ ਨੂੰ ਫਿਰ ਰਵਾਇਤੀ ਅਤੇ ਨਵੇਂ ਮੁੱਢਲੇ ਵਿਸ਼ਿਆਂ ਵਿੱਚ ਵੰਡਿਆ ਗਿਆ ਹੈ।

(2) ਮੈਟਰ (Matter) ਇਕੱਲ ਦੇ ਇੱਕ ਨਵੇਂ ਸਮੂਹ ਨੂੰ ਪੇਸ਼ ਕੀਤਾ ਗਿਆ ਹੈ, ਜਿਵੇਂ – ਮੈਟਰ ਪ੍ਰਾਪਰਟੀ, ਮੈਟਰ ਮੈਟੀਰੀਅਲ ਅਤੇ ਮੈਟਰ ਮੈਥਡ।

(3) ਪੰਜ ਤਰ੍ਹਾਂ ਦੇ ਫੇਜ ਰਿਲੇਸ਼ਨ (ਅੰਤਰ ਪੜਾਅ ਸੰਬੰਧ) ਵਿੱਚ ਵਾਧਾ ਕੀਤਾ ਗਿਆ ਹੈ, ਜਿਵੇਂ – ਜਨਰਲ (General), ਬਾਈਸ (Bias), ਕੰਪੈਰੀਜਨ (Comparison), ਡਿਫਰੈਂਸ (Difference), ਇਨਫਲੂਐਂਸ (Influence) ਤੋਂ ਬਾਅਦ ਛੇਵੇਂ ਪੱਧਰ ਦਾ ਹੋਰ ਸੰਬੰਧ ਜੋੜਿਆ ਗਿਆ ਹੈ, ਜਿਸਨੂੰ ਟੂਲ (Tool) ਸੰਬੰਧ ਕਹਿੰਦੇ ਹਨ।

(4) CC-7 ਦੇ DC ਚੈਪਟਰ ਵਿੱਚ ਵਾਤਾਵਰਨ (Environment) ਵੰਡ ਦਾ ਨਵਾਂ ਸ਼ੈਡਿਊਲ ਦਿੱਤਾ ਗਿਆ ਹੈ।

(5) ਚੈਪਟਰ DK ਵਿੱਚ ''ਸਾਂਝੇ ਮੈਟਰ (Matter) ਇਕੱਲ'' ਲਈ ਇੱਕ ਵੱਖਰਾ ਸ਼ੈਡਿਊਲ ਦਿੱਤਾ ਗਿਆ ਹੈ।

(6) ''ਸਪੈਸੀਏਟਰ'' (Speciator) ਦੇ ਨਵੇਂ ਸੰਕਲਪ ਦੀ ਵਰਤੋਂ ਕੀਤੀ ਗਈ ਹੈ।

(7) ਨਵੇਂ ਪਛਾਣ ਚਿੰਨ੍ਹਾਂ ਦੀ ਵਰਤੋਂ ਪਹਿਲੂਆਂ, ਅਤੇ ਸੰਬੰਧਾਂ ਨੂੰ ਦਰਸਾਉਣ ਲਈ ਕੀਤੀ ਗਈ ਹੈ : ਜਿਵੇਂ (,) ਕਾਮਾ ਵਿਅਕਤੀਤਵ ਨੂੰ ਦਰਸਾਉਣ ਲਈ, zero (0) ਦੀ ਥਾਂ 'ਤੇ ਹੁਣ ਐਂਪਰਸ਼ੈਂਟ (&) ਦੀ ਵਰਤੋਂ ਅੰਤਰ ਦਸ਼ਾ ਸੰਬੰਧ ਦਰਸਾਉਣ ਲਈ ਕੀਤੀ ਗਈ ਹੈ, ਹਾਈਫਨ (-) ਦੀ ਵਰਤੋਂ ਸਪੈਸੀਏਸ਼ਨ (ਖ਼ਾਸੀਅਤ) ਲਈ, ਡਬਲ ਇਨਵਰਟਡ ਕਾਮਾ (“ ”) ਦੀ ਵਰਤੋਂ ਅਗੇਤਰੇ ਸਾਂਝੇ ਇਕੱਲ (Anterior Common Isolate) ਨੂੰ ਦਰਸਾਉਣ ਲਈ ਕੀਤੀ ਗਈ ਹੈ। ਬਰਾਬਰ (=) ਦੀ ਨਿਸ਼ਾਨੀ ਦੂਜੀ ਵਾਰ ਦੇ ਸਪੈਸੀਏਟਰ (Speciator of Order 2) ਅਤੇ ਜੋੜ (+) ਦੀ ਨਿਸ਼ਾਨੀ ਬਹੁਪਦੀ ਭਾਗਾਂ ਨੂੰ ਦਰਸਾਉਣ ਲਈ ਕੀਤੀ ਗਈ ਹੈ।

### 1.1.6 ਰਾਈਡਰ ਇੰਟਰਨੈਸ਼ਨਲ ਕਲਾਸੀਫੀਕੇਸ਼ਨ (ਆਰ.ਆਈ.ਸੀ) :

ਰਾਈਡਰ ਇੰਟਰਨੈਸ਼ਨਲ ਕਲਾਸੀਫੀਕੇਸ਼ਨ (ਆਰ.ਆਈ.ਸੀ.) ਦਾ ਇਕੋ ਇਕ ਸੰਸਕਰਣ ਸੰਨ 1961 ਵਿਚ

ਪ੍ਰਕਾਸ਼ਿਤ ਹੋਇਆ ਸੀ। ਇਹ ਇਕ ਵਿਵਰਣਾਤਮਕ (Enumerative) ਵਰਗੀਕਰਣ ਪ੍ਰਣਾਲੀ ਹੈ, ਜਿਸ ਵਿਚ ਪਹਿਲਾਂ ਤੋਂ ਹੀ ਤਿਆਰ ਕੀਤੇ ਵਰਗ ਅੰਕ (Class Number) ਮਿਲਦੇ ਹਨ। ਇਸ ਵਿੱਚ ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਾਲੀ ਸ਼ੁੱਧ ਸੰਕੇਤਨ ਵਰਤੀ ਗਈ ਹੈ, ਅਤੇ ਸਾਰੇ ਹੀ ਵਰਗ ਅੰਕ ਤਿੰਨ ਪਦਾਂ ਵਾਲੇ ਹਨ। ਇਸਦੀ ਭੂਮਿਕਾ 33 ਪੰਨਿਆਂ ਵਿਚ ਹੈ। ਇਸ ਵਰਗੀਕਰਣ ਪ੍ਰਣਾਲੀ ਦੀਆਂ ਅਨੁਸੂਚੀਆਂ 931 ਪੰਨਿਆਂ ਅਤੇ ਅਨੁਕ੍ਰਮਣਿਕਾ 242 ਪੰਨਿਆਂ ਵਿੱਚ ਪ੍ਰਕਾਸ਼ਿਤ ਹੋਈ ਸੀ।

ਇਹ ਵਰਗੀਕਰਣ ਪ੍ਰਣਾਲੀ ਦੇ ਕਰਤਾ ਏ.ਫਰੀਮਾਂਟ ਰਾਈਡਰ (A Fremont Rider) ਦੀ ਅਚਨਚੇਤ ਮੌਤ ਕਾਰਨ ਇਹ ਪ੍ਰਣਾਲੀ ਵਧੇਰੇ ਪ੍ਰਫੁੱਲਤ ਨਹੀਂ ਹੋ ਸਕੀ।

### 1.1.7 ਬ੍ਰਾਡ ਸਿਸਟਮ ਆਫ਼ ਆਰਡਰਿੰਗ (ਬੀ.ਐਸ.ਓ.)

**Broad System of Ordering (BSO)**

ਬ੍ਰਾਡ ਸਿਸਟਮ ਆਫ਼ ਆਰਡਰਿੰਗ (BSO) ਇੱਕ ਸਾਧਾਰਨ, ਪਹਿਲੂਆਂ ਵਾਲੀ (Faceted) ਵਰਗੀਕਰਣ ਸਕੀਮ ਹੈ, ਜੋ ਕਿ ਸੂਚਨਾ ਦੇ ਤਬਾਦਲੇ ਅਤੇ ਦੂਜੇ ਸੂਚਨਾ ਸਿਸਟਮਾਂ ਨਾਲ ਸੰਬੰਧ ਜੋੜਨ ਵਿੱਚ ਮਦਦ ਕਰਦੀ ਹੈ। ਇਸ ਵਰਗੀਕਰਣ ਸਕੀਮ ਦਾ ਯੂਨੀਸਿਸਟ (Unisist) ਦੁਆਰਾ ਉਲੀਕੇ ਪ੍ਰੋਗਰਾਮ ਅਨੁਸਾਰ ਸੂਚਨਾ ਪ੍ਰਣਾਲੀਆਂ ਨੂੰ ਆਪਸ ਵਿੱਚ ਜੋੜਨ ਦੇ ਮੰਤਵ ਲਈ ਡਿਜ਼ਾਈਨ ਤਿਆਰ ਕੀਤਾ ਗਿਆ ਸੀ। ਇਹ ਆਸ ਕੀਤੀ ਗਈ ਸੀ ਕਿ ਬੀ.ਐਸ.ਓ. ਵੱਖ-ਵੱਖ ਅਨੁਕ੍ਰਮਣਿਕਰਣ ਅਤੇ ਸੂਚਨਾ ਮੁੜ-ਪ੍ਰਾਪਤੀ ਭਾਸ਼ਾਵਾਂ ਦੀ ਵਰਤੋਂ ਕਰਕੇ ਸੂਚਨਾ ਪ੍ਰਣਾਲੀਆਂ ਅਤੇ ਸੇਵਾਵਾਂ ਨੂੰ ਆਪਸ ਵਿੱਚ ਜੋੜਨ ਲਈ ਸਵਿਚਿੰਗ (Switching) ਮਸ਼ੀਨਰੀ ਦਾ ਕੰਮ ਕਰੇਗੀ। ਇਹ ਇੱਕ ਗਿਆਨ ਵਰਗੀਕਰਣ ਹੈ, ਜੋ ਕਿ ਆਧੁਨਿਕ ਸਮਾਜ ਦਾ ਦ੍ਰਿਸ਼ ਪੇਸ਼ ਕਰਦੀ ਹੈ ਅਤੇ ਇਸੇ ਲਈ ਇਹ ਜ਼ਰੂਰੀ ਤੌਰ 'ਤੇ ਸੰਕਲਪ (Concept) ਪੱਖ ਨਾਲੋਂ ਰੂਪਕ (Form) ਪੱਖ ਦੇ ਵਧੇਰੇ ਨੇੜੇ ਕਹੀ ਜਾ ਸਕਦੀ ਹੈ।

ਬੀ.ਐਸ.ਓ. ਦੀ ਉਤਪਤੀ ਨੂੰ 1960ਵਿਆਂ ਵਿੱਚ ਵਿਸ਼ੇਸ਼ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਸੂਚਨਾ ਸਬੰਧੀ ਲੋੜਾਂ ਦੀ ਪੂਰਤੀ ਹਿੱਤ ਵਿਗਿਆਨਿਕ ਸੂਚਨਾ ਕੇਂਦਰਾਂ ਦੇ ਗਲੋਬਲ ਨੈਟਵਰਕ ਦੀ ਸਥਾਪਨਾ ਦੀਆਂ ਸੰਭਾਵਨਾਵਾਂ ਤਲਾਸ਼ਣ ਦੇ ਵਿਚਾਰ ਨਾਲ ਜੋੜਕੇ ਸਮਝਿਆ ਜਾ ਸਕਦਾ ਹੈ। 1967 ਈ. ਵਿੱਚ ਵਿਕਾਸਸ਼ੀਲ ਦੇਸ਼ਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਯੂਨੈਸਕੋ ਅਤੇ ਆਈ.ਸੀ.ਐਸ.ਯੂ. (UNESCO, ICSU) ਦੁਆਰਾ ਇੱਕ ਸੰਯੁਕਤ ਕੇਂਦਰੀ ਕਮੇਟੀ ਦਾ ਆਯੋਜਨ ਕੀਤਾ ਗਿਆ, ਜਿਸਨੇ ਯੂਨੀਸਿਸਟ ਨਾਮ ਦੇ ਇੱਕ ਸੂਚਨਾ ਸਿਸਟਮ ਦੀ ਭਰੋਸੇਯੋਗ ਸਟੱਡੀ ਉਪਰ ਵਿਚਾਰ ਕੀਤਾ। ਇਸ ਕਮੇਟੀ ਨੇ ਇੱਕ ਅਜਿਹੀ ਸਰਵ-ਵਿਆਪਕ (universal) ਭਾਸ਼ਾ ਦੀ ਲੋੜ 'ਤੇ ਜ਼ੋਰ ਦਿੱਤਾ, ਜੋ ਕਿ ਸਿਸਟਮ ਦੇ ਵਿਚਕਾਰ ਸੂਚਨਾ ਦੀ ਅਦਲਾ-ਬਦਲੀ ਦੀ ਭਾਸ਼ਾ ਵਜੋਂ ਕੰਮ ਕਰ ਸਕੇ। ਇਹ ਕਮੇਟੀ ਕਿਸੇ ਵੀ ਮੌਜੂਦਾ ਵਰਗੀਕਰਣ ਸਕੀਮ ਦੀ ਵਰਤੋਂ ਦੇ ਪੱਖ ਵਿੱਚ ਨਹੀਂ ਸੀ। ਇਸ ਕਮੇਟੀ ਨੇ UDC ਨੂੰ ਵੀ ਨਕਾਰ ਦਿੱਤਾ। ਇਹ ਕਮੇਟੀ ਇੱਕ ਨਵੀਂ ਵਰਗੀਕਰਣ ਸਕੀਮ ਦੀ ਭਾਲ ਵਿੱਚ ਸੀ, ਜੋ ਕਿ ਬਿਲਕੁਲ ਨਵੀਂ ਹੋਵੇ ਅਤੇ ਸਟੈਂਡਰਡ ਰੈਫਰੈਂਸ ਕੋਡ ਦੇ ਨਾਮ ਨਾਲ ਜਾਣੀ ਜਾਵੇ। ਇਸ ਪ੍ਰਸਤਾਵਿਤ ਨਵੀਂ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਇੱਕ ਕਾਰਜਕਾਰੀ ਸਮੂਹ ਦੀ ਸਥਾਪਨਾ FID/SRC ਦੀ ਸਬ-ਕਮੇਟੀ ਦੇ ਰੂਪ ਵਿੱਚ ਕੀਤੀ ਗਈ। 1974 ਵਿੱਚ FID/SRC ਦਾ ਕਾਰਜਕਾਰੀ ਸਮੂਹ ਜਿਸ ਵਿੱਚ Loyds, EJ, Coats ਅਤੇ D. Simond ਸੀ, ਦੀ ਤਿੰਨ ਮੈਂਬਰੀ ਸਮੂਹ ਦੀ ਸਥਾਪਨਾ ਕੀਤੀ ਗਈ। 1975 ਈ. ਵਿੱਚ ਅੰਕਨ ਤੋਂ ਬਿਨਾ ਇੱਕ ਆਰਜ਼ੀ ਰੂਪ-ਰੇਖਾ 400 ਤਜਰਬੇਕਾਰ ਵਿਅਕਤੀਆਂ ਨੂੰ ਭੇਜੀ ਗਈ। ਇਸ ਤੋਂ ਬਾਅਦ 1977 ਈ. ਵਿੱਚ ਮਾਹਿਰਾਂ ਵੱਲੋਂ ਪ੍ਰਾਪਤ ਹੋਏ ਸੁਝਾਵਾਂ ਨੂੰ ਮਿਲਾਕੇ, ਇਸਦਾ ਦੂਜਾ ਡਰਾਫਟ ਸਮੇਤ ਅੱਖ਼ਰਵਾਰ ਅਨੁਕ੍ਰਮਣਿਕਾ ਦੇ ਮਾਹਿਰਾਂ ਦੀਆਂ ਟਿੱਪਣੀਆਂ ਹਿੱਤ ਭੇਜਿਆ ਗਿਆ। ਇਹ ਰੂਪ-ਰੇਖਾ 1977 ਵਿੱਚ 26 ਸੰਸਥਾਵਾਂ ਵੱਲੋਂ ਪ੍ਰਯੋਗ ਕੀਤੀ ਗਈ ਅਤੇ ਇਸਨੂੰ ਫੇਰ 1978 ਵਿੱਚ ਸੋਧਿਆ ਗਿਆ। ਲਗਾਤਾਰ ਸੋਧਾਂ ਅਤੇ ਵਿਚਾਰਾਂ ਵਜੋਂ ਬੀ.ਐਸ.ਓ. ਮੈਨੂਅਲ 1979 ਵਿੱਚ ਛਪ ਕੇ ਤਿਆਰ ਹੋਇਆ।

ਬੀ.ਐਸ.ਓ. ਵਰਗੀਕਰਣ ਪ੍ਰਣਾਲੀ ਵਿੱਚ ਲਗਭਗ 6800 ਪਦਾਂ ਨੂੰ ਉਨ੍ਹਾਂ ਦੇ ਅਰਥਾਂ ਦੇ ਪੱਧਰ 'ਤੇ ਤਰਤੀਬਵਾਰ ਜਾਂ ਸੰਰਚਨਾਤਮਕ ਢੰਗ ਨਾਲ ਕ੍ਰਮ ਦਿੱਤਾ ਗਿਆ ਹੈ। ਇਹ ਪ੍ਰਣਾਲੀ ਖੋਜੀਆਂ ਨੂੰ ਅਜਿਹੇ ਸੰਯੁਕਤ ਵਿਸ਼ਿਆਂ

ਨੂੰ ਲੱਭਣ ਲਈ ਹੱਲ ਦੱਸਦੀ ਹੈ, ਜਿਨ੍ਹਾਂ ਨੂੰ ਕੇਵਲ ਮੁਹਾਵਰਿਆਂ ਦੀ ਭਾਸ਼ਾ ਵਿੱਚ ਹੀ ਵਿਅਕਤ ਕੀਤਾ ਹੁੰਦਾ ਹੈ।

ਬੀ.ਐਸ.ਓ. ਵਿੱਚ ਹਰ ਇੱਕ ਖੇਤਰ ਨਾਲ ਸੰਬੰਧਤ ਅਸਤਿੱਤਵਾਂ (Entities) ਨੂੰ ਉਨ੍ਹਾਂ ਦੀ ਜਟਿਲਤਾ ਦੇ ਆਰੋਹੀ ਕ੍ਰਮ ਵਿੱਚ ਤਰਤੀਬ ਦਿੱਤੀ ਜਾਂਦੀ ਹੈ। ਇਹ ਕ੍ਰਮ ਆਮ, ਮੂਲ ਅਤੇ ਭੌਤਿਕ ਵਿਗਿਆਨਾਂ ਨਾਲ ਆਰੰਭ ਹੁੰਦਾ ਹੈ। ਜੀਵ ਵਿਗਿਆਨਾਂ ਵਿੱਚੋਂ ਗੁਜ਼ਰਦਾ ਹੋਇਆ ਮਾਨਵਿਕੀ ਅਤੇ ਸਮਾਜ ਵਿਗਿਆਨਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੋਇਆ ਤਕਨਾਲੋਜੀ ਅਤੇ ਕਲਾਵਾਂ ਦੇ ਰੂਪ ਵਿੱਚ ਸਮਾਪਤ ਹੁੰਦਾ ਹੈ। ਵਿਸ਼ਿਆਂ ਦੀ ਤਰਤੀਬ ਤਿੰਨ ਪੱਧਰਾਂ ਜਿਵੇਂ ਕਿ ਵਿਸ਼ਾ ਖੇਤਰ, ਵਿਸ਼ਾ ਪੱਧਰ ਅਤੇ ਵਿਸ਼ਾ ਪੱਧਰ-ਵੰਡਾਂ ਵਿੱਚ ਕੀਤੀ ਜਾਂਦੀ ਹੈ।

**ਵਿਸ਼ਾ ਖੇਤਰ**

| | |
|---|---|
| 100 | Knowledge generally |
| 200 | Science and Technology |
| 300 | Life Sciences |
| 400 | Education |
| 500 | Humanities, Cultural and Social |
| 600 | Technology |
| 910 | Language, Linguistic and Literature |
| 940 | Arts |
| 970 | Religion and Atheism |

**ਵਿਸ਼ਾ ਪੱਧਰ**

| | |
|---|---|
| 112 | Philosophy |
| 116 | Science of Science |
| 118 | Logic |
| 120 | Mathematics |
| 128 | Computer Science |
| 140 | Information Science |

ਵਿਸ਼ਾ ਪੱਧਰ ਵੰਡਾਂ

| | |
|---|---|
| 128 | Computer Science |
| 0.20 | Programming & Software |
| 0.22 | Application Programming |

ਬੀ.ਐਸ.ਓ. ਵਰਗੀਕਰਣ ਪ੍ਰਣਾਲੀ ਦੇ ਵਿਆਖਿਆਤਮਕ ਪੱਖ ਵਿੱਚ ਸੰਕੇਤਨ ਸਭ ਤੋਂ ਅਖ਼ੀਰ ਵਿੱਚ ਵਿਚਾਰਨਯੋਗ ਹੈ। ਇਹ ਸ਼ਾਇਦ ਬੀ.ਐਸ.ਓ. ਦੇ ਸੰਕਲਨਕਰਤਾਵਾਂ ਦੇ ਨਜ਼ਰੀਏ ਨੂੰ ਵਿਅਕਤ ਕਰਦਾ ਹੈ, ਜਿਸ ਅਨੁਸਾਰ ਹਮੇਸ਼ਾ ਸੰਕੇਤਨ ਨੂੰ ਵਰਗੀਕਰਣ ਦੀ ਸੰਰਚਨਾ (Structure) ਵਿੱਚ ਇੱਕ ਸਹਾਇਕ ਵਜੋਂ ਸਮਝੇ ਜਾਣ ਬਾਰੇ ਜ਼ੋਰ ਦਿੱਤਾ ਗਿਆ ਹੈ।

**ਬੀ.ਐਸ.ਓ. ਦੀ ਵਰਤੋਂ :**

ਬੀ.ਐਸ.ਓ. ਦੀ ਵਰਤੋਂ ਨੂੰ ਹੇਠ ਲਿਖੇ ਅਨੁਸਾਰ ਸਾਰ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ :

1. ਇਹ ਨੈਟ ਜਾਂ ਅੱਡ ਅੱਡ ਵਿਸ਼ਿਆਂ ਤੇ ਆਧਾਰਿਤ ਲਿਖਤ ਜਾਂ ਸੰਗ੍ਰਹਿ ਵਿਚੋਂ ਇੱਕ ਵਿਸੇਸ਼ ਵਿਸ਼ੇ ਬਾਰੇ ਪੜਤਾਲ ਕਰਨ ਵਾਲੇ ਸੰਦ ਵਜੋਂ ਵਰਤਿਆ ਜਾ ਸਕਦੀ ਹੈ।
2. ਬਹੁਤ ਸਾਰੇ ਵਿਸ਼ਿਆਂ ਨਾਲ ਸੰਬੰਧਤ ਸੰਗ੍ਰਹਿ ਨੂੰ ਤਰਤੀਬਤ ਬਿਨਾਂ ਟੈਗ ਕੋਡ ਜਾਂ ਵਰਗ ਅੰਕ ਉਪਲਬਧ ਕਰਾਉਂਦੀ ਹੈ।
3. ਇਹ ਇਕ ਵਿਸ਼ਾ ਨਿਰਦੇਸ਼ਨ ਸਿਸਟਮ ਤੋਂ ਦੂਜੇ ਵਿਸ਼ਾ ਨਿਰਦੇਸ਼ਨ ਸਿਸਟਮ ਵਿੱਚ ਬਦਲੀ ਲਈ ਵਿਚੋਲਗੀ (Mediating) ਸੰਦ ਵਜੋਂ ਕੰਮ ਕਰਦੀ ਹੈ।

### 1.1.8 ਸਵੈ-ਚਾਲਿਤ ਵਰਗੀਕਰਣ (Automatic Classification) :

ਇਸ ਗੱਲ ਉਤੇ ਕਾਫ਼ੀ ਖੋਜ ਹੋ ਰਹੀ ਹੈ ਕਿ ਕੀ ਮਨੁੱਖ ਦੁਆਰਾ ਬਣਾਈਆਂ ਗਈਆਂ ਵਰਗੀਕਰਣ ਸਕੀਮਾਂ ਨੂੰ ਕੰਪਿਊਟਰ ਚਾਲਿਤ ਤਕਨੀਕਾਂ ਦੁਆਰਾ ਵੱਸ ਵਿੱਚ ਕੀਤਾ ਜਾ ਸਕਦਾ ਹੈ, ਭਾਵ ਇਸ ਨੂੰ ਸਵੈਚਾਲਿਤ ਰੂਪ ਦਿੱਤਾ ਜਾ ਸਕਦਾ ਹੈ। ਕੰਪਿਊਟਰ ਦਾ ਆਪਣਾ ਕੋਈ ਦਿਮਾਗ ਨਹੀਂ ਹੁੰਦਾ ਅਤੇ ਨਾ ਹੀ ''ਮਸ਼ੀਨ ਸੋਚ ਸਕਦੀ ਹੈ।'' ਵਰਗੀਕਰਣ ਨੂੰ ਵਿਸ਼ਿਆਂ ਵਿਚਕਾਰ ਗੁੰਝਲਦਾਰ ਅਤੇ ਸੂਖਮ ਸੰਬੰਧਾਂ ਨੂੰ ਨਿਰਧਾਰਤ ਕਰਨ ਦੀ ਯੋਗਤਾ ਅਤੇ ਇਨ੍ਹਾਂ ਵਿਚਕਾਰ ਸਮਾਨਤਾ ਅਤੇ ਵੱਖਰਾਪਨ ਸਮਝਣ ਲਈ ਮੁੱਢਲੀ ਬੋਧਿਕ ਸਮਰੱਥਾ ਦੀ ਲੋੜ ਹੈ। ਇਹ ਕੰਪਿਊਟਰ ਧਾਰਨਾਵਾਂ (ਸੰਕਲਪਾਂ) ਦੇ ਵਿਚਕਾਰ ਸੰਬੰਧ ਸਥਾਪਿਤ ਕਰਨ ਤੋਂ ਅਸਮਰੱਥ ਹੈ ਜਿਹੜੀ ਕਿ

ਵਰਗੀਕਰਣ ਸਕੀਮ ਦੀ ਮੁੱਢਲੀ ਲੋੜ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਕੰਪਿਊਟਰ ਇਸ ਤਰ੍ਹਾਂ ਦੇ ਕੰਮ ਵਿੱਚ ਕੋਈ ਰੋਲ ਅਦਾ ਨਹੀਂ ਕਰ ਸਕਦਾ।

ਪਰ ਕੁਝ ਵੀ ਹੋਵੇ, ਕੰਪਿਊਟਰ ਗਿਣਤੀ ਕਰਨ ਅਤੇ ਤੁਲਨਾ ਕਰਨ ਦੇ ਯੋਗ ਹਨ ਅਤੇ ਉਹ ਇਸ ਪ੍ਰਕਾਰ ਦੇ ਕੰਮ ਅਵਿਸ਼ਵਾਸਯੋਗ ਗਤੀ ਨਾਲ ਕਰਕੇ ਵਿਖਾ ਸਕਦੇ ਹਨ। ਅਰਥ ਭਰਪੂਰ ਵਰਗੀਕਰਣ ਨੂੰ ਸਹੀ ਤਰੀਕੇ ਨਾਲ ਕੰਪਿਊਟਰ ਉਤੇ ਉਪਲਬਧ ਕਰਵਾਉਣ ਦੀ ਦਿਸ਼ਾ ਵਿੱਚ, ਸਾਨੂੰ ਇਹ ਦੋ ਪ੍ਰਮੁੱਖ ਕੰਮ ਕਰਨੇ ਚਾਹੀਦੇ ਹਨ। ਅਸਲ ਵਿੱਚ ਬਨਾਵਟੀ ਬੌਧਿਕਤਾ (Artificial Intelligence) ਦੇ ਖੇਤਰ ਵਿੱਚ ਜੋ ਸਾਫ਼-ਸੁਥਰਾ ਅਜੋਕਾ ਵਿਕਾਸ ਹੋਇਆ ਹੈ, ਉਸਨੂੰ ਬੌਧਿਕ ਸਤਰ ਉਤੇ ਪ੍ਰਯੋਗ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਕੰਪਿਊਟਰ ਪ੍ਰਲੇਖਾਂ ਦੀ ਪ੍ਰਮਾਣਿਕਤਾ ਅਤੇ ਉਨ੍ਹਾਂ ਦੀ ਸਵੈਚਾਲਿਤ ਖੋਜ, ਇੱਕ ਭਾਸ਼ਾ ਦੇ ਅਨੁਵਾਦ ਅਤੇ ਇੱਕ ਗੁੰਝਲਦਾਰ ਮਾਹਿਰ ਸਿਸਟਮ ਦੀ ਰੂਪ-ਰੇਖਾ ਵਿੱਚ ਜਿਹੜਾ ਕਿ ਪਹਿਲਾਂ ਮਨੁੱਖੀ ਮਾਹਿਰਾਂ ਦੇ ਕਾਰਜ ਖੇਤਰ ਵਿੱਚ ਆਉਂਦਾ ਸੀ, ਨੂੰ ਪੂਰੀ ਤਰ੍ਹਾਂ ਪੇਸ਼ ਕਰ ਸਕਣ ਦੇ ਸਮਰੱਥ ਹੈ।

### 1.1.8.1 ਪਰਿਭਾਸ਼ਾ :

ਸਵੈ-ਚਾਲਿਤ ਵਰਗੀਕਰਣ ਪ੍ਰਲੇਖਾਂ ਦੇ ਉਸੇ ਵਿਸ਼ੇ ਨਾਲ ਸੰਬੰਧਾਂ ਜਾਂ ਪ੍ਰਲੇਖਾਂ ਨੂੰ ਦਿੱਤੀ ਗਈ ਕ੍ਰਮ ਸੂਚੀ ਦੇ ਨਿਯਮਾਂ ਜਿਸ ਨੂੰ ਅਸੀਂ ਸਮੂਹਬੱਧ ਕਰਦੇ ਹਾਂ, ਨਾਲ ਸੰਬੰਧ ਰੱਖਦਾ ਹੈ ਅਤੇ ਉਸਨੂੰ ਪ੍ਰਦਰਸ਼ਿਤ ਕਰਦਾ ਹੈ। ਸਵੈਚਾਲਿਤ ਵਰਗੀਕਰਣ ਉਸ ਸਿਸਟਮ ਅਤੇ ਕਾਰਜ-ਪ੍ਰਕਿਰਿਆ ਨਾਲ ਸੰਬੰਧ ਰੱਖਦਾ ਹੈ, ਜੋ ਕਿ ਪ੍ਰਲੇਖਾਂ ਦੇ ਆਪਣੇ ਪ੍ਰਕਾਰ ਦੇ ਪੱਧਰ ਜਾਂ ਸੂਚੀ ਕ੍ਰਮ ਵਿੱਚ ਵਰਤੇ ਗਏ ਸ਼ਬਦਾਂ ਦੇ ਆਪਣੇ ਪ੍ਰਕਾਰ ਦੇ ਪੱਧਰ ਅਤੇ ਸੂਚੀ ਕ੍ਰਮ ਪ੍ਰਲੇਖਾਂ ਵਿੱਚ ਵਰਤੇ ਗਏ ਨਿਯਮਾਂ ਵਿਚਕਾਰ ਅੰਤਰ ਸਪੱਸ਼ਟ ਕਰ ਸਕਦਾ ਹੈ।

ਜੇਕਰ ਅਸੀਂ ਇੱਕ ਪ੍ਰਲੇਖ ਦੇ ਮੈਟ੍ਰਿਕਸ (Matrix) ਅਤੇ ਉਸ ਵਿੱਚ ਪੇਸ਼ ਕੀਤੀ ਗਈ ਹਰ ਲਾਈਨ ਉਪਰ ਵਿਚਾਰ ਕਰਦੇ ਹਾਂ, ਜਿਹੜੀ ਕਿ ਕਿਸੇ ਵਿਸ਼ੇ ਵਿੱਚ ਆਏ ਵਿਸ਼ਾ-ਵਸਤੂ ਅਤੇ ਨਿਯਮਾਂ ਨੂੰ ਵਰਣਨ ਕਰਨ ਲਈ ਵਰਤੀ ਜਾਂਦੀ ਹੈ ਅਤੇ ਕਾਲਮ ਜੋ ਕਿ ਸੰਗ੍ਰਹਿ ਵਿੱਚੋਂ ਪ੍ਰਲੇਖਾਂ ਨੂੰ ਲੱਭਣ (ਵਰਨਣ ਕਰਨ) ਲਈ ਵਰਤੀਆਂ ਗਈਆਂ ਸਾਰੀਆਂ ਸੰਭਾਵਿਤ ਕ੍ਰਮ ਸੂਚੀਆਂ ਅਤੇ ਨਿਯਮਾਂ ਨੂੰ ਪੇਸ਼ ਕਰਦੇ ਹਨ। ਇਹ ਦੇਖਿਆ ਜਾ ਸਕਦਾ ਹੈ ਕਿ ਸਵੈਚਾਲਿਤ ਵਰਗੀਕਰਣ ਤੱਕ ਪਹੁੰਚ ਜਾਂ ਤਾਂ ਪ੍ਰਲੇਖਾਂ ਵਿਚਲੇ ਸੰਬੰਧਾਂ ਨੂੰ ਸਮਝ ਕੇ (ਜੋ ਕਿ ਮੈਟ੍ਰਿਕਸ ਦੀਆਂ ਲਾਈਨਾਂ ਹੁੰਦੀਆਂ ਹਨ) ਬਣਾਈ ਜਾ ਸਕਦੀ ਹੈ। ਇਸ ਤਰ੍ਹਾਂ ਸਵੈ-ਚਾਲਿਤ ਵਰਗੀਕਰਣ, ਜਿਸ ਬਾਰੇ ਇੱਥੇ ਵਿਚਾਰ ਕੀਤਾ ਜਾਵੇਗਾ, ਨੂੰ ਬਾਰੰਬਾਰਤਾ (ਜਾਂ ਨਾ ਬਾਰੰਬਾਰਤਾ) ਮਾਪਣ ਲਈ ਅਤੇ ਦੋਵਾਂ ਵਿੱਚੋਂ ਇੱਕ ਵੱਖਰੇ ਪ੍ਰਬੰਧਾਂ ਲਈ ਭੇਜਿਆ ਜਾਵੇਗਾ :-

* ਕ੍ਰਮ ਸੂਚੀ ਦੇ ਨਿਯਮਾਂ ਦਾ ਸਮੂਹ ਜਾਂ ਪ੍ਰਲੇਖਾਂ ਦਾ ਆਪਣਾ ਸਮੂਹ। ਇਨ੍ਹਾਂ ਦੇ ਰੂਪਾਂ ਦਾ ਆਮ ਤੌਰ 'ਤੇ ਸ਼ਬਦਾਂ ਦੇ ਸਮੂਹ ਦੇ ਰੂਪ ਵਿੱਚ ਅਤੇ ਅੱਖ਼ਰਾਂ ਨੂੰ ਪ੍ਰਲੇਖਾਂ ਦੇ ਸਮੂਹ ਦੇ ਰੂਪ ਵਿੱਚ ਸੰਬੰਧ ਜੋੜਿਆ ਜਾਂਦਾ ਹੈ।

### 1.1.8.2 ਤੱਤਾਂ ਦੇ ਮੁਲਾਂਕਣ ਦੀਆਂ ਤਕਨੀਕਾਂ (Elemental Analysis Techniques) :

ਵਰਗੀਕਰਣ ਨੂੰ ਸਵੈਚਾਲਿਤ ਤੌਰ 'ਤੇ ਸ਼ੁਰੂ ਕਰਨ ਦੇ ਯੋਗ ਹੋਣ ਲਈ, ਇਹ ਜ਼ਰੂਰੀ ਹੈ ਕਿ ਪਹਿਲਾਂ ਅਸੀਂ ਇਹ ਜਾਣ ਲਈਏ ਕਿ ਅਸੀਂ ਪ੍ਰਲੇਖਾਂ ਦੀ ਪੇਸ਼ਕਾਰੀ ਕਿਸ ਤਰੀਕੇ ਨਾਲ ਕਰ ਸਕਦੇ ਹਾਂ ਤਾਂ ਜੋ ਇਹ ਕੰਪਿਊਟਰ ਉਪਰ ਖੁਦ ਕੰਮ ਕਰ ਸਕਣ ਦੇ ਯੋਗ ਹੋ ਸਕੇ। ਇਸ ਖੇਤਰ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸਿਸਟਮ ਉਪਰ ਨਿਗਾਹ ਮਾਰਨ ਤੋਂ ਪਹਿਲਾਂ, ਇਹ ਠੀਕ ਰਹੇਗਾ ਕਿ ਅਸੀਂ ਪਹਿਲਾਂ ਇਸ ਦੀਆਂ ਮੁੱਢਲੀਆਂ ਮੁਲਾਂਕਿਤ ਤਕਨੀਕਾਂ ਦੇ ਆਧਾਰ ਨੂੰ ਚੰਗੀ ਤਰ੍ਹਾਂ ਸਮਝ ਲਈਏ, ਜਿਨ੍ਹਾਂ ਨੇ ਇਸਦੇ ਬਹੁਤੇ ਕਾਰਜ ਨੂੰ ਇੱਕ ਸਹਾਰਾ ਦਿੱਤਾ ਹੋਇਆ ਹੈ। ਸਵੈਚਾਲਿਤ ਵਰਗੀਕਰਣ ਦੀਆਂ ਗੁੰਝਲਾਂ ਨੂੰ ਸਮਝਣ ਲਈ ਹੇਠਾਂ ਲਿਖੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ :-

**1.1.8.2.1 ਸ਼ਬਦ ਬਾਰੰਬਾਰਤਾ (Word Frequency) :-** ਅਸੀਂ ਇੱਕ ਪ੍ਰਲੇਖ ਨੂੰ ਉਸ ਪ੍ਰਲੇਖ ਵਿੱਚ ਆਏ ਸ਼ਬਦਾਂ ਨੂੰ ਦੂਜੇ ਪ੍ਰਲੇਖਾਂ ਦੁਆਰਾ ਵਰਤੇ ਗਏ ਸ਼ਬਦਾਂ ਨਾਲ ਤੁਲਨਾ ਕਰਕੇ, ਅਤੇ ਇੱਕ ਪ੍ਰਲੇਖ ਨੂੰ ਬਿਲਕੁਲ ਉਸੇ ਤਰ੍ਹਾਂ ਦੇ ਵਰਤੇ ਗਏ ਸ਼ਬਦਾਂ ਦੇ ਆਧਾਰ 'ਤੇ ਇਕੱਠਿਆਂ ਵਰਗੀਕ੍ਰਿਤ ਕਰ ਸਕਦੇ ਹਾਂ ਅਤੇ ਇਸਦੀ ਇੱਕ

ਸੀਮਾ ਨਿਰਧਾਰਿਤ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਦੀ ਪਰਖ ਸਪੱਸ਼ਟ ਤੌਰ 'ਤੇ ਇੱਕ ਪ੍ਰਲੇਖ ਦੇ ਵਿਚਾਰਾਂ ਦਾ ਮੁਲਾਂਕਣ ਕਰਨ ਦਾ ਗੰਭੀਰ ਯਤਨ ਹੈ। ਪ੍ਰਲੇਖਾਂ ਵਿੱਚ ਵਰਤੇ ਜਾ ਰਹੇ ਇੱਕ ਤਿਹਾਈ ਸ਼ਬਦ, ਅਤੇ ਕੁਝ ਵਿਸ਼ਾ ਖੇਤਰਾਂ ਵਿੱਚ 46 ਪ੍ਰਤੀਸ਼ਤ ਤੱਕ ਇਹੋ ਜਿਹੇ ਸ਼ਬਦ ਹਨ ਜੋ ਕਿ ਕਾਰਜਸ਼ੀਲ ਹਨ। ਕਈ ਅਜਿਹੇ ਸ਼ਬਦ ਵੀ ਹਨ, ਜਿਨ੍ਹਾਂ ਦਾ ਡਿਕਸ਼ਨਰੀ ਵਿੱਚ ਕੋਈ ਅਰਥ ਨਹੀਂ ਮਿਲਦਾ ਜਿਵੇਂ "and", "of", "the", etc. ਇਹ ਕਿਸੇ ਵੀ ਭਾਸ਼ਾ ਦੇ ਸ਼ਬਦ ਸਮੂਹ ਨਾਲ ਸੰਬੰਧ ਰੱਖਦੇ ਹਨ, ਜਿਨ੍ਹਾਂ ਦਾ ਕੰਮ ਵਾਕ ਰਚਨਾ ਵਿੱਚ ਇੱਕ ਸੰਬੰਧਕ ਯੋਜਕ ਦੇ ਤੌਰ 'ਤੇ ਕੰਮ ਕਰਨਾ ਹੈ, ਪਰੰਤੂ ਇਹ ਸਿੱਧਾ ਵਿਸ਼ਾ-ਵਸਤੂ ਨੂੰ ਦਰਸਾਉਣ ਲਈ ਨਹੀਂ ਵਰਤਿਆ ਜਾ ਸਕਦਾ। ਅਚੇਤ ਰੂਪ ਵਿੱਚ ਸਾਨੂੰ ਸਾਧਾਰਨ ਸ਼ਬਦਾਂ ਦੀ ਲਗਾਤਾਰ ਵਰਤੋਂ ਦੀ ਬਜਾਏ ਜ਼ਿਆਦਾ ਸ਼ੁੱਧ ਤਕਨੀਕ ਵਰਤਣ ਦੀ ਲੋੜ ਹੈ। ਜੇਕਰ ਅਸੀਂ ਇੱਕ ਪ੍ਰਲੇਖ ਵਿੱਚ ਵਰਤੇ ਗਏ ਸ਼ਬਦ ਇਸਦੇ ਵਿਸ਼ੇ ਨੂੰ ਨਿਰਧਾਰਤ ਕਰਨ ਲਈ ਵਰਤਦੇ ਹਾਂ ਤਾਂ ਇਸ ਪ੍ਰਕਾਰ ਦੀ ਕੋਈ ਥਿਊਰੀ ਸੂਚਨਾ ਮੁੜ-ਪ੍ਰਾਪਤੀ ਲਈ ਵਿਕਸਿਤ ਨਹੀਂ ਕੀਤੀ ਗਈ। ਸਵੈਚਾਲਿਤ ਵਰਗੀਕਰਣ ਵਿੱਚ ਅਜੇ ਵੀ ਅੰਕੜਾਮਈ (Statistical) ਪਹੁੰਚ ਪ੍ਰਭਾਵਸ਼ੀਲ ਤਰੀਕੇ ਨਾਲ ਅਪਣਾਈ ਜਾ ਰਹੀ ਹੈ। 'ਸਾਲਟਨ' ਅਤੇ ਸਪਾਰਕ ਜੋਨਸ ਦੋਵੇਂ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਦੀ ਸਵੈਚਾਲਿਤ ਵਰਗੀਕਰਣ ਬਾਰੇ ਪ੍ਰਯੋਗਾਤਮਕ ਪਹੁੰਚ ਨੂੰ ਵਰਤਕੇ ਕੁਦਰਤੀ ਭਾਸ਼ਾ ਨੂੰ ਅਪਨਾਉਣ ਦੀ ਪ੍ਰਕਿਰਿਆ ਨੂੰ ਧਾਰਨ ਕੀਤਾ ਜਾ ਸਕਦਾ ਹੈ, ਪਰ ਅਜੇ ਤੱਕ ਕੋਈ ਇਸ ਤਰ੍ਹਾਂ ਪ੍ਰਯੋਗਾਤਮਕ ਸਬੂਤ ਨਹੀਂ ਮਿਲਦਾ ਕਿ ਇਸ ਪ੍ਰਕਾਰ ਵੀ ਕੀਤਾ ਜਾ ਸਕਦਾ ਹੈ।

**1.1.8.2.2 ਜੜ੍ਹ ਲਗਾਉਣਾ ਅਤੇ ਛੰਗਾਈ ਕਰਨਾ (Stemming & Truncation) :-** ਜੇਕਰ ਅਸੀਂ ਕਿਸੇ ਪ੍ਰਲੇਖ ਵਿੱਚੋਂ ਸ਼ਬਦਾਂ ਦੇ ਸਾਰ ਦੀ ਅੱਖਰਕ੍ਰਮ ਸੂਚੀ ਉਪਰ ਨਜ਼ਰ ਮਾਰੀਏ ਤਾਂ ਅਸੀਂ ਵੇਖਾਂਗੇ ਕਿ ''ਵਿਚਾਰ ਵਿਸ਼ਾ-ਵਸਤੂ'' ਦੇ ਪ੍ਰਲੇਖਾਂ ਵਿੱਚੋਂ ਸਾਧਾਰਨ ਸ਼ਬਦ ਗਣਨਾ ਦੇ ਨਾਲ ਸੰਬੰਧਤ ਇੱਕ ਹੋਰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਇਹ ਕਿ ਜਿਹੜੇ ਸ਼ਬਦਾਂ ਦੀ ਚੋਣ ਸਾਡੇ ਦੁਆਰਾ ਕੀਤੀ ਗਈ ਹੈ, ਅਤੇ ਉਹ ਜਿਹੜੇ ਪ੍ਰਲੇਖਾਂ ਨਾਲ ਸੰਬੰਧਿਤ ਹਨ, ਪਰ ਕੰਪਿਊਟਰ ਇਨ੍ਹਾਂ ਨੂੰ ਇੱਕ ਸਮੂਹ ਵਿੱਚ ਪੇਸ਼ ਨਾ ਕਰਕੇ ਅਲੱਗ-ਅਲੱਗ ਕਰ ਦਿੰਦਾ ਹੈ। ਉਦਾਹਰਣ ਲਈ : Computer, Computers, Computing। ਇਹ ਮੁਸ਼ਕਿਲ ਆਮ ਤੌਰ 'ਤੇ ਆਨਲਾਈਨ ਕੰਮ ਕਰਨ ਵਾਲੇ ਵਿਅਕਤੀ ਦੇ ਸਾਹਮਣੇ ਆਉਂਦੀ ਰਹਿੰਦੀ ਹੈ। ਜ਼ਿਆਦਾਤਰ ਡਾਟਾਬੇਸ ਖੋਜ ਕਾਂਟ-ਛਾਂਟ ਦੀ ਸੁਵਿਧਾ ਵੀ ਦਿੰਦੀ ਹੈ, ਜਿਹੜੀ ਇਸ ਜਗ੍ਹਾ 'ਤੇ ਆਕੇ ਸਾਨੂੰ ਆਪਣੀ ਖੋਜ ਨੂੰ ਵਿਕਸਿਤ ਕਰਨ ਲਈ ਇਸਦੀ ਪੂਰਤੀ ਕਰਨ ਦੀ ਆਗਿਆ ਦਿੰਦੀ ਹੈ। ਇਹ ਕਾਂਟ-ਛਾਂਟ ਇੱਕ ਖੋਜਕਰਤਾ ਨੂੰ ਇੱਕ ਟਰਮ ਦੇ ਅਖ਼ੀਰ ਵਿੱਚ ਇੱਕ ਆਪਣੀ ਮਨਮਰਜ਼ੀ ਦਾ ਚਿੰਨ੍ਹ ਲਗਾਉਣ ਦੀ ਆਗਿਆ ਪ੍ਰਦਾਨ ਕਰਦਾ ਹੈ, ਜੋ ਇਨ੍ਹਾਂ ਵਿਸ਼ੇਸ਼ਤਾਵਾਂ ਦੀ ਲੜੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਉਦੋਂ ਜਦੋਂ MEDLINE ਡਾਟਾਬੇਸ ਦੀ ਖੋਜ ਕਰਨ ਲਈ DIALOG ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਲਈ ਚਿੰਨ੍ਹ (?) ਸ਼ਬਦਾਂ ਦੀ ਕਾਂਟ-ਛਾਂਟ ਤੋਂ ਮਗਰੋਂ ਅੰਤ ਵਿੱਚ ਦਰਸਾਇਆ ਜਾ ਸਕਦਾ ਹੈ।

**1.1.8.2.3 ਸਮਾਨਾਰਥਕ (Synonimus) :-** ਜਦੋਂ ਸ਼ਬਦਾਂ ਦੀ ਬਾਰੰਬਾਰਤਾ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇੱਕ ਹੋਰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਅਸੀਂ ਸ਼ਬਦਾਂ ਦੀ ਬਾਰੰਬਾਰਤਾ ਉਪਰ ਇੱਕ ਸਾਧਾਰਨ ਜਿਹੀ ਨਿਗਾਹ ਮਾਰੀਏ ਤਾਂ ਅਸੀਂ ਵੇਖਾਂਗੇ ਕਿ ਸਮਾਨਾਰਥਕ ਸ਼ਬਦਾਂ ਦੀ ਵਰਤੋਂ ਦੀ ਕੋਈ ਗਿਣਤੀ ਨਹੀਂ ਹੈ। ਸਮਾਨਾਰਥਦ ਸ਼ਬਦਾਂ ਨੂੰ ਡਿਕਸ਼ਨਰੀ ਦੇ ਰਾਹੀਂ ਕੰਟਰੋਲ ਕੀਤਾ ਜਾ ਸਕਦਾ ਹੈ। ਇੱਥੋਂ ਤੱਕ ਕਿ ਇੱਕ ਚੰਗੀ ਡਿਕਸ਼ਨਰੀ ਇਸ ਤਰ੍ਹਾਂ ਦੇ ਵਿਸ਼ਵਾਸਯੋਗ ਕੰਮ ਕਰਨ ਲਈ ਵਰਤੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਕੰਮ ਵਰਗੀਕਰਣ ਸਕੀਮ ਨੂੰ ਸਵੈਚਾਲਿਤ ਕਰਨ ਲਈ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਜ਼ਰੂਰੀ ਹੈ ਕਿ ਇਹ ਕੰਪਿਊਟਰ ਇਸ ਪ੍ਰਕਾਰ ਦੀਆਂ ਇੱਕੋ ਤਰ੍ਹਾਂ ਦੀਆਂ ਅਤੇ ਸੰਬੰਧਤ ਸ਼ਬਦਾਂ ਨੂੰ ਪਹਿਚਾਨਣ ਦੇ ਯੋਗ ਹੋਣਾ ਚਾਹੀਦਾ ਹੈ।

### 1.1.8.3 ਪ੍ਰਲੇਖਾਂ ਦਾ ਸਮੂਹ :

ਪ੍ਰਲੇਖਾਂ ਦਾ ਸਮੂਹ ਪ੍ਰਲੇਖ ਵਿੱਚ ਆਈਆਂ Terms ਦੀ ਬਾਰੰਬਾਰਤਾ ਦੇ ਪ੍ਰਯੋਗ ਉਪਰ ਵਿਸ਼ਵਾਸ ਕਰਦਾ ਹੈ, ਪਰ ਡਾਟੇ ਦਾ ਮੁਲਾਂਕਣ ਕਰਨ ਦਾ ਤਰੀਕਾ, ਜਿਹੜੀ ਵਰਗੀਕਰਣ ਸਕੀਮ ਅਪਣਾਈ ਗਈ ਹੈ, ਉਸਦੀ ਸਪੱਸ਼ਟ

ਤੌਰ 'ਤੇ ਨਿਰਧਾਰਿਤ ਕੀਤੀ ਸੀਮਾ ਦੀ ਨਿਪੁੰਨਤਾ ਉਪਰ ਨਿਰਭਰ ਕਰੇਗਾ। ਪ੍ਰਲੇਖਾਂ ਵਿੱਚ ਦਿੱਤੇ ਹੋਏ ਸੰਗਠਨਾਂ ਦੀ ਤਾਕਤ ਮਾਪਣ ਦੇ ਤਰੀਕੇ ਬਹੁਤ ਮੁਸ਼ਕਿਲ ਹੋ ਸਕਦੇ ਹਨ। ਇਸੇ ਕਰਕੇ ਸਿੱਖਿਆ ਦੇ ਇਸ ਖੇਤਰ ਵਿੱਚ ਇੱਕ ਬਹੁਤ ਹੀ ਸਾਫ਼-ਸੁਥਰੀ ਪਹੁੰਚ ਪ੍ਰਲੇਖਾਂ ਵਿੱਚ ਵਰਤੀ ਗਈ ਹੈ, ਜਿਸ ਰਾਹੀਂ ਸਬੰਧਤ ਪ੍ਰਲੇਖਾਂ ਦੇ ਸਮੂਹ ਤੱਕ ਆਸਾਨੀ ਨਾਲ ਪਹੁੰਚ ਕੀਤੀ ਜਾ ਸਕਦੀ ਹੈ। ਪ੍ਰਲੇਖਾਂ ਦਾ ਸਮੂਹੀਕਰਨ ਕਰਨ ਦਾ ਮੁੱਖ ਮੰਤਵ ਸਾਨੂੰ ਜ਼ਿਆਦਾਤਰ ਪ੍ਰਲੇਖਾਂ ਨੂੰ ਵਾਚਣ ਦੀ ਆਗਿਆ ਦਿੰਦਾ ਹੈ। ਜਦੋਂ ਅਸੀਂ ਇੱਕ ਬਿਬਲਿਓਗ੍ਰਾਫ਼ਿਕ ਫ਼ਾਈਲ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਸਪੱਸ਼ਟ ਤੌਰ 'ਤੇ ਪ੍ਰਲੇਖਾਂ ਦੇ ਸਮੂਹ ਨੂੰ ਇਕੱਠਾ ਕਰਨ ਦੀ ਇੱਛਾ ਨਹੀਂ ਰੱਖਦੇ। ਇਸ ਲਈ ਅਸੀਂ ਇਹ ਪਰਖ ਕਰਦੇ ਹਾਂ ਕਿ ਕਿਹੜਾ ਸੰਭਾਵਿਤ ਸਮੂਹ ਉਸੇ ਪ੍ਰਲੇਖ ਵਿੱਚੋਂ ਮਹੱਤਵਪੂਰਨ ਵਰਗੀਕਰਣ ਉਪਲਬਧ ਕਰਵਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਅਸੀਂ ਦੋ ਤਰੀਕੇ ਨਾਲ ਸੰਭਾਵਿਤ ਸਮੂਹ ਨਿਰਧਾਰਤ ਕਰਦੇ ਹਾਂ : ਇੱਕ ਸਮੂਹ ਵਿੱਚ ਕਿੰਨੇ ਪ੍ਰਲੇਖ ਹੁੰਦੇ ਹਨ? ਅਤੇ ਪ੍ਰਲੇਖਾਂ ਅਤੇ ਸਮੂਹ ਵਿੱਚ ਕਿੰਨਾ ਮਜ਼ਬੂਤ ਰਿਸ਼ਤਾ ਹੈ?

ਸਮੂਹਾਂ ਦੀ ਦਰਜਾਬੰਦੀ ਕਰਨ ਦੇ ਤਰੀਕਿਆਂ ਦੀ ਇੱਕ ਵੱਡੀ ਸ਼੍ਰੇਣੀ ਹੈ। ਸਭ ਤੋਂ ਮਹੱਤਵਪੂਰਨ ਇਕਹਿਰੇ ਸੰਬੰਧ ਵਾਲੀ ਹੈ, ਜਿਹੜੀ ਕਿ ਅਭਿੰਨ ਸਾਂਝੇ ਅੰਸ਼ ਉਪਰ ਨਿਰਭਰ ਹੈ। ਇਸ ਵਿੱਚੋਂ ਜੋ ਨਤੀਜਾ ਨਿਕਲਦਾ ਹੈ, ਉਸਨੂੰ ਅਸੀਂ " ਦਰੱਖ਼ਤ ਵਰਗਾ ਢਾਂਚਾ" (Tree Type Structure) ਜਾਂ Dendogram ਕਹਿੰਦੇ ਹਾਂ, ਜੋ ਸਮੂਹਾਂ ਨੂੰ ਦਰੱਖ਼ਤ ਦੇ ਸਿਰਿਆਂ ਦੇ ਤੌਰ 'ਤੇ ਪੇਸ਼ ਕਰਦਾ ਹੈ।

### 1.1.8.4 ਸਿਸਟਮ ਸਮਾਰਟ (System Smart) :

ਅਲੱਗ-ਅਲੱਗ ਗਣਿਤ ਥਿਊਰੀ ਨਾਲ ਸੰਬੰਧਤ ਪ੍ਰਲੇਖ ਸਮੂਹੀਕਰਨ ਦੇ ਨਾਲ ਸੰਬੰਧਤ ਗਹਿਨ ਖੋਜ ਪ੍ਰੋਗਰਾਮ ਜੋ ਕਿ ਇਸ ਤੋਂ ਪਹਿਲਾਂ ਕੀਤੇ ਗਏ ਹਨ, ਇਹ 'ਸਾਲਟਨ' (Salton) ਦੁਆਰਾ SMART SYSTEM ਦੀ ਵਰਤੋਂ ਕਰਕੇ ਸਾਹਮਣੇ ਲਿਆਂਦੇ ਗਏ ਹਨ। ਸਮਾਰਟ ਸਿਸਟਮ ਵਿੱਚ ਨੰਬਰਾਂ ਦੇ ਸੰਕਲਪਾਂ ਦੁਆਰਾ ਪ੍ਰਲੇਖਾਂ ਨੂੰ ਪੇਸ਼ ਕੀਤਾ ਜਾਂਦਾ ਹੈ, ਜਿਹੜਾ ਕਿ ਵਿਸ਼ੇ ਵਿੱਚ ਦਿੱਤੇ ਗਏ ਵਿਚਾਰਾਂ ਵੱਲ ਇਸ਼ਾਰਾ ਕਰਦਾ ਹੈ। (ਸ਼ਬਦ ਰੂਪਾਂ ਅਤੇ ਸਮਾਨਾਰਥੀ ਸ਼ਬਦਾਂ ਨੂੰ ਕੰਟਰੋਲ ਕਰਨ ਲਈ ਮਾਨਕ ਰੂਪ ਵਿੱਚ ਘਟਦੇ ਕ੍ਰਮ ਵਿੱਚ ਪੇਸ਼ ਕਰਨਾ।) ਕੁਝ ਪ੍ਰਯੋਗਾਤਮਕ ਪਹੁੰਚਾਂ ਦਾ ਸਮਾਰਟ (SMART) ਪ੍ਰੋਗਰਾਮ ਨਿਰਮਾਣ ਕੀਤਾ ਗਿਆ ਹੈ, ਤਾਂ ਜੋ ਸਰਵੋਤਮ ਐਲਗੋਰਿਥਮ ਸਮੂਹੀਕਰਣ ਦਾ ਡਿਜ਼ਾਈਨ ਤਿਆਰ ਕੀਤਾ ਜਾ ਸਕੇ ਜੋ ਕਿ ਪ੍ਰਲੇਖਾਂ ਦੀ ਪ੍ਰਾਪਤੀ ਲਈ ਵਰਤੀਆਂ ਗਈਆਂ ਤਕਨੀਕਾਂ ਦੇ ਵਰਨਣ ਉਪਰ ਆਧਾਰਿਤ ਹੈ।

ਸਾਲਟਨ ਨੇ ਸੰਕਲਪ ਕਲਪਿਤ ਰੇਖਾ ਅਤੇ ਜਾਣਕਾਰੀ ਕਲਪਿਤ ਰੇਖਾ ਵਿਚਕਾਰ ਸੰਗਠਨ ਦੇ ਸਤਰ ਦੇ ਸਹਿ-ਸੰਬੰਧ ਨੂੰ ਨਿਰਧਾਰਤ ਕਰਨ ਬਾਰੇ ਦੱਸਿਆ। SMART ਸਿਸਟਮ ਦੁਆਰਾ ਇਸਦੇ ਚੰਗੇ ਨਤੀਜੇ ਦੇਖਣ ਨੂੰ ਮਿਲਦੇ ਹਨ।

ਸਾਲਟਨ ਨੇ ਸਵੈਚਾਲਿਤ ਪ੍ਰਲੇਖ ਵਰਗੀਕਰਣ ਦੀ ਦਿਸ਼ਾ ਵਿੱਚ ਆਪਣਾ ਯੋਗਦਾਨ ਜਾਰੀ ਰੱਖਿਆ ਹੋਇਆ ਹੈ। ਇਸ ਤੋਂ ਬਿਨਾ ਹੋਰ ਵੀ ਕਈ ਲੇਖਕ ਇਸ ਖੋਜ ਦੇ ਖੇਤਰ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

### 1.1.8.5 ਕੁੰਜੀ-ਸ਼ਬਦ ਵਰਗੀਕਰਣ (Keyword Classification) :

ਕੁੰਜੀ-ਸ਼ਬਦ ਵਰਗੀਕਰਣ ਸਕੀਮ ਦਾ ਨਿਰਮਾਣ ਇਸ ਖੇਤਰ ਵਿੱਚ ਇੱਕ ਹੋਰ ਪ੍ਰਵੇਸ਼ ਮਾਰਗ ਹੈ। ਇਸਦੀ ਪਹੁੰਚ ਕ੍ਰਮ ਸੂਚੀ ਪ੍ਰਲੇਖਾਂ ਵਿੱਚ ਵਰਤੇ ਗਏ ਸ਼ਬਦਾਂ ਰਾਹੀਂ ਹੁੰਦੀ ਹੈ। ਸ਼ਬਦਾਂ ਦਾ ਸਵੈਚਾਲਿਤ ਵਰਗੀਕਰਣ ਕਦੇ ਵੀ ਪ੍ਰਲੇਖਾਂ ਦੇ ਸੰਗ੍ਰਹਿ ਦੇ ਸਮੂਹਾਂ ਨੂੰ ਮੁੱਢਲੇ ਕੰਮ ਦੇ ਤੌਰ 'ਤੇ ਨਹੀਂ ਵਰਤਦਾ। ਪਰ ਸ਼ਬਦ ਵੰਡ ਦੇ ਪ੍ਰੀਖਣ ਦੇ ਰਾਹੀਂ ਜੋ ਕਿ ਇੱਕ ਪ੍ਰਲੇਖ ਸੰਗ੍ਰਹਿ ਵਿੱਚ ਹੁੰਦੀ ਹੈ, ਸ਼ਬਦਾਂ ਦੇ ਸਮੂਹ ਦੀ ਉਤਪਤੀ ਕਰਦੀ ਹੈ।

ਕਿਸੇ ਖ਼ਾਸ ਸ਼ਬਦ ਸੰਗ੍ਰਹਿ ਦੀ ਵਰਗੀਕਰਣ ਵਿੱਚ ਇਹ ਕਦੇ ਵੀ ਅਰਥ ਵਿਗਿਆਨ 'Properties' ਉਪਰ ਨਿਰਭਰ ਨਹੀਂ ਕਰਦੀ, ਪਰ ਇਹ ਪ੍ਰਸੰਗਕ ਹਵਾਲਿਆਂ ਉਪਰ ਆਧਾਰਿਤ ਹੁੰਦੀ ਹੈ। ਵਰਗੀਕਰਣ ਨੂੰ ਹਮੇਸ਼ਾ ਅੰਤਰ ਬਦਲਵੇਂ ਜੁੜੇ ਹੋਏ ਸ਼ਬਦਾਂ ਉਤੇ ਆਧਾਰਿਤ ਹੋਣਾ ਚਾਹੀਦਾ ਹੈ। ਸ਼ਬਦ ਪ੍ਰਲੇਖਾਂ ਦੇ ਸਮੂਹ ਅਤੇ ਪ੍ਰਾਪਤੀ ਵਿੱਚ ਦੋਵੇਂ ਢੰਗਾਂ ਦਾ ਮੇਲ ਹੋਣਾ ਚਾਹੀਦਾ ਹੈ।

ਗੇਰਾਰਡ ਸਾਲਟਨ (ਸਮਾਰਟ ਪ੍ਰੋਜੈਕਟ ਦਾ ਨਿਰਦੇਸ਼ਕ) ਅਤੇ ਐਮ.ਈ. ਲੇਸਕ ਯੂਨਾਈਟਿਡ ਸਟੇਟਸ ਵਿੱਚ ਇਸ ਤਰ੍ਹਾਂ ਦੇ ਕੰਮ ਨਾਲ ਬਹੁਤ ਚੰਗੀ ਤਰ੍ਹਾਂ ਸੰਬੰਧਤ ਹਨ, ਜਦੋਂ ਕਿ ਬ੍ਰਿਟੇਨ ਵਿੱਚ ਕੈਂਬਰਿਜ ਯੂਨੀਵਰਸਿਟੀ ਦੇ ਭਾਸ਼ਾ ਖੋਜ ਯੂਨਿਟ ਵਿਖੇ ਕਰਨ ਸਪਾਰਕ ਜੋਨਜ ਅਤੇ ਉਸਦੇ ਸਹਿਯੋਗੀਆਂ ਦੀ ਖੋਜਬੀਨ ਵਿੱਚ ਸੁਝਾਅ ਦਿੰਦੀ ਹੈ ਕਿ ਕੰਪਿਊਟਰ ਨਿਯਮਾਂ/ਸੰਕਲਪਾਂ ਦੇ ਸਮੂਹ ਵਿੱਚ ਕੰਪਿਊਟਰ ਦੀ ਕਿਵੇਂ ਚੰਗੇ ਤਰੀਕੇ ਨਾਲ ਵਰਤੋਂ ਕੀਤੀ ਜਾ ਸਕਦੀ ਹੈ, ਜਿਹੜੇ ਕਿ ਆਮ ਤੌਰ 'ਤੇ ਇਕੱਠੇ ਵਿਖਾਏ ਜਾਂਦੇ ਹਨ ਅਤੇ ਜਿਹੜੇ ਇੱਕੋ ਦਿਸ਼ਾ ਵਿੱਚ ਕਾਰਜ ਕਰਦੇ ਹਨ, ਜਿਵੇਂ ਵਰਗੀਕਰਣ ਸਕੀਮ ਉਨ੍ਹਾਂ ਨੂੰ ਨਿਰਦੇਸ਼ਿਤ ਕਰਦੀ ਹੈ।

ਸੰਕਲਪਾਂ ਦੇ ਨਿਯਮਾਂ ਵਿੱਚੋਂ ਕੁਝ ਉਦਾਹਰਣਾਂ :

1. Associative, Compound, Element, Magnetic, Memory, Recording, Storage
2. Adjective, Ending, Grammar, Phrase, Style, Text, Tense, Thesarus, and
3. Lead, Coating, Copper, Pipes.

ਪ੍ਰੋਜੈਕਟ ਦੇ ਦੌਰਾਨ ਸ਼੍ਰੇਣੀਆਂ ਦੀ ਉਤਪੰਨਤਾ ਸਬੰਧੀ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਉਹ ਜੋ ਲੜੀ, ਸਟਾਰ, ਸਮੂਹ, ਅਤੇ ਸੰਕਲਪ ਦੁਆਰਾ ਲੱਭਿਆ ਜਾਂਦਾ ਹੈ, ਉਹ ਵਧੇਰੇ ਸਫ਼ਲ ਰਹਿੰਦਾ ਹੈ।

**1. ਲੜੀ (String) :-** ਲੜੀ ਇੱਕ ਨਿਯਮਾਂ ਦਾ ਸਮੂਹ ਹੁੰਦਾ ਹੈ। ਇਹ ਇੱਕ ਉਸ ਤੋਂ ਅੱਗੇ ਵਾਲੇ ਨਾਲ ਬਹੁਤ ਚੰਗੀ ਤਰ੍ਹਾਂ ਜੁੜਿਆ ਹੁੰਦਾ ਹੈ। ਇਹ ਕਾਰਜ ਦੌਰਾਨ ਜ਼ਿਆਦਾਤਰ ਲੜੀਆਂ ਲੂਪਿੰਗ ਦੌਰਾਨ ਆਸਾਨੀ ਨਾਲ ਬਾਹਰ ਕੱਢੀਆਂ ਜਾ ਸਕਦੀਆਂ ਹਨ। ਸ਼ਬਦ (ੳ) ਸ਼ਬਦ (ਅ) ਨਾਲ ਬਹੁਤ ਚੰਗੀ ਤਰ੍ਹਾਂ ਮਜ਼ਬੂਤੀ ਨਾਲ ਸੰਬੰਧ ਰੱਖਦਾ ਹੈ। ਇਸੇ ਤਰ੍ਹਾਂ ਅ, ੲ ਨਾਲ, ੲ, ਸ ਨਾਲ ਅਤੇ ਸ (ੳ) ਨਾਲ ਬਹੁਤ ਨਜ਼ਦੀਕੀ ਸੰਬੰਧ ਰੱਖਦੇ ਹੋਏ ਇੱਕ ਚੱਕਰ ਦੀ ਰਚਨਾ ਕਰਦੇ ਹਨ।

**2. ਸਟਾਰ (Stars) :-** ਸਟਾਰ ਇੱਕ ਸ਼ਬਦ (ਨਿਯਮ) ਨਾਲ ਸੰਬੰਧ ਰੱਖਦਾ ਹੈ, ਅਤੇ ਹੋਰ ਬਾਕੀ ਦੇ ਸ਼ਬਦ ਇਸ ਪ੍ਰਮੁੱਖ ਸ਼ਬਦ ਨਾਲ ਸੰਬੰਧ ਰੱਖਦੇ ਹਨ।

**3. ਸਮੂਹ (Cliques) :-** ਇਹ ਸ਼ਬਦਾਂ ਦੇ ਸਮੂਹ ਦੇ ਨਾਲ ਸੰਬੰਧ ਰੱਖਦਾ ਹੈ। ਇਹ ਹਰੇਕ ਸ਼ਬਦ ਦੂਜੇ ਸ਼ਬਦ ਨਾਲ ਬਹੁਤ ਚੰਗੀ ਤਰ੍ਹਾਂ ਸੰਬੰਧ ਰੱਖਦਾ ਹੈ।

**4. ਢੇਰ/ਸਮੂਹ (Clumps) :-** Clumps ਨੂੰ ਇੱਕ ਸਮੂਹਾਂ ਦੀ ਤਰ੍ਹਾਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਇੱਕ ਸ਼ਬਦ ਦੂਜੇ ਸ਼ਬਦ ਨਾਲ ਬਹੁਤ ਚੰਗੀ ਤਰ੍ਹਾਂ ਸੰਬੰਧ ਰੱਖਦਾ ਹੈ। ਇਹ ਸੰਬੰਧ ਇੱਕ ਤੋਂ ਵਧੇਰੇ ਸ਼ਬਦਾਂ ਨਾਲ ਵੀ ਹੋ ਸਕਦਾ ਹੈ।

ਇੰਨੀਆਂ ਸਾਰੀਆਂ ਖੋਜ ਪ੍ਰਕਿਰਿਆਵਾਂ ਵਿੱਚੋਂ ਇੱਕ ਆਮ ਕਲਾਸ ਦੇ ਮੇਲ ਨਾਲ ਸੰਬੰਧਿਤ ਬਹੁਤ ਹੀ ਪ੍ਰਭਾਵਸ਼ਾਲੀ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਵਿੱਚ ਕਲਾਸਾਂ ਨੂੰ ਸ਼ਬਦ ਖੋਜਣ ਲਈ ਵਰਤਿਆ ਜਾਂਦਾ ਹੈ। ਇਹ ਪ੍ਰਕਿਰਿਆ ਜਾਂ ਤਾਂ ਸਿੱਧੇ ਤੌਰ 'ਤੇ ਕਲਾਸਾਂ ਦੁਆਰਾ ਕੀਤੀ ਜਾਂਦੀ ਹੈ, ਜਾਂ ਫਿਰ ਸ਼੍ਰੇਣੀ ਦੇ ਅਨੁਪਾਤ ਨੂੰ ਗਿਣਤੀ ਵਿੱਚ ਲਿਆ ਕੇ ਕੀਤੀ ਜਾਂਦੀ ਹੈ। ਇੱਕ ਖ਼ਾਸ Term ਕੁਝ ਕਲਾਸਾਂ ਵਿੱਚ ਹੋ ਸਕਦੀ ਹੈ।

ਇਨ੍ਹਾਂ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਕੰਪਿਊਟਰ ਆਧਾਰਤ ਵਰਗੀਕਰਣ ਸਕੀਮਾਂ ਵਧੇਰੇ ਚੰਗੇ ਨਤੀਜੇ ਪ੍ਰਦਾਨ ਕਰਦੀਆਂ ਹਨ, ਬਜਾਏ ਇਸਦੇ ਕਿ ਇਸਦੀ ਕਿਸੇ Term ਦਾ ਇਕੱਲਾ ਪ੍ਰਯੋਗ ਕੀਤਾ ਜਾਵੇ ਅਤੇ ਇਸਦੀ ਖੋਜ ਨੂੰ ਬੜੀ ਗਹੁ ਨਾਲ ਵਾਚਿਆ ਜਾਵੇ। ਇਹ ਸਾਫ਼ ਅਤੇ ਸਪੱਸ਼ਟ ਹੈ ਕਿ ਇਹ ਇੱਕ ਸਭ ਤੋਂ ਨਵੀਂ ਵਰਗੀਕਰਣ ਸਕੀਮ ਹੈ, ਜਿਸਦਾ ਆਉਣ ਵਾਲੇ ਭਵਿੱਖ ਕਾਲ ਵਿੱਚ ਦੇਰ ਤੱਕ ਪ੍ਰਭਾਵ ਬਣਿਆ ਰਹੇਗਾ। ਵਰਤਮਾਨ ਸਮੇਂ ਵਿੱਚ ਇਸ ਤਰ੍ਹਾਂ ਦਾ ਕੰਮ ਕੇਵਲ ਲਿਖਤੀ ਆਧਾਰ ਤੱਕ ਸੀਮਤ ਹੈ, ਪਰ ਇਸ ਗੱਲ ਦੀ ਸੰਭਾਵਨਾ ਹੈ ਕਿ ਇਹ ਕੰਪਿਊਟਰ ਆਧਾਰਿਤ ਡਾਟਾਬੇਸ ਵਿੱਚ ਆਪਣੀ ਖੋਜ ਵਿੱਚ ਸਹਾਈ ਹੋਵੇਗਾ। ਸਪਾਰਕ ਜੋਨਜ਼ ਇਸ ਗੱਲ ਦੀ ਸਪੱਸ਼ਟ ਵਿਆਖਿਆ ਕਰਦਾ ਹੈ ਕਿ ਕੁਝ ਵੀ ਹੋਵੇ, ਪਰ ਸੂਚਨਾ ਪ੍ਰਾਪਤੀ ਸਿਸਟਮ ਵਿਚ ਸਵੈਚਾਲਿਤ ਵਰਗੀਕਰਣ ਸਿਸਟਮ ਨੂੰ ਉਚੇ ਪੱਧਰ ਦੁਆਰਾ ਚੰਗੀ ਤਰ੍ਹਾਂ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

A → B → C D

String




Stars




Cliques




Clump

### 1.1.8.5.1 ਸਵੈਚਾਲਿਤ ਕੀ-ਵਰਡ ਵਰਗੀਕਰਣ ਦੀਆਂ ਜ਼ਰੂਰਤਾਂ :

1. ਸਮੂਹ ਸਥਿਰ ਹੋਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਉਪਰ ਨਵੇਂ ਪ੍ਰਲੇਖਾਂ ਦਾ ਜਦੋਂ ਸੰਗ੍ਰਹਿ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਉਤੇ ਕੋਈ ਅਸਿੱਧਾ ਪ੍ਰਭਾਵ ਨਾ ਪੈ ਸਕੇ। (ਇਹ ਇੱਕ ਮੁਸ਼ਕਿਲ ਸੀ, ਜਿਹੜੀ ਕਿ ਆਮ ਕਰਕੇ ਸਮੂਹੀਕਰਣ ਦੇ ਪ੍ਰਦਰਸ਼ਨ ਦੇ ਪਹਿਲਾਂ ਕੀਤੇ ਗਏ ਤਜਰਬਿਆਂ ਦੇ ਰਸਤੇ ਵਿੱਚ ਵੇਖਣ ਨੂੰ ਮਿਲਦੀ ਸੀ, ਜਿਨ੍ਹਾਂ ਦੀ ਪਛਾਣ ਨੀਧਾਮ ਅਤੇ ਸਪਾਰਕ ਜੋਨਜ਼ ਨੇ ਕੀਤੀ ਸੀ)। ਇਹ ਕਿਸੇ ਵੀ ਮੈਨੂਅਲ ਵਰਗੀਕਰਣ ਸਕੀਮ ਵਿੱਚ ਵੇਖਣ ਨੂੰ ਮਿਲ ਸਕਦੀ ਹੈ। ਕਲਾਸੀਫਿਕੇਸ਼ਨ ਸ਼ੈਡਿਊਲ ਨਵੇਂ ਪ੍ਰਲੇਖਾਂ ਦੇ ਸਮੂਹੀਕਰਣ ਦੁਆਰਾ ਉਪਜੇ ਸੰਕਲਪਾਂ ਨੂੰ ਇਕੱਠਾ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਮਹੱਤਵਪੂਰਨ ਸੁਧਾਈ ਤੋਂ ਪਹਿਲਾਂ ਨਵੇਂ ਸੰਕਲਪਾਂ ਦੇ ਤਸੱਲੀਬਖ਼ਸ਼ ਪੱਕੇ ਜੋੜ ਦੇ ਪੱਧਰ ਦੇ ਯੋਗ ਹੋਣ ਦੀ ਜ਼ਰੂਰਤ ਹੈ।
2. ਪ੍ਰਲੇਖਾਂ ਦੇ ਵਰਨਣ ਦੌਰਾਨ ਹੋਈਆਂ ਗਲਤੀਆਂ ਦਾ ਪ੍ਰਭਾਵ ਗੁੱਛਿਆਂ ਉਪਰ ਨਹੀਂ ਪੈਣਾ ਚਾਹੀਦਾ। ਪ੍ਰਲੇਖਾਂ ਦੇ ਵਰਨਣ ਵਿੱਚ ਹੋਈਆਂ ਛੋਟੀਆਂ-ਛੋਟੀਆਂ ਗਲਤੀਆਂ ਨੂੰ ਕਲਾਸੀਫਿਕੇਸ਼ਨ ਸਕੀਮ ਦੇ ਦੁਹਰਾਅ ਵਿੱਚ ਮੂਲ ਸ਼ਬਦ ਨੂੰ ਜ਼ਰੂਰੀ ਨਹੀਂ ਬਣਾਉਣਾ ਚਾਹੀਦਾ ਹੈ।
3. ਪ੍ਰਲੇਖ ਜਿਸ ਕ੍ਰਮ ਵਿੱਚ ਵਾਚੇ ਜਾਂਦੇ ਹਨ, ਉਸ ਕ੍ਰਮ ਵਿੱਚ ਸਮੂਹ ਦਾ ਪ੍ਰਭਾਵ ਨਹੀਂ ਪਾਉਣਾ ਚਾਹੀਦਾ। ਜਦੋਂ ਸਕੀਮ ਨੂੰ ਵਾਚਿਆ ਜਾਂਦਾ ਹੈ, Manually created ਸਕੀਮ ਵਿੱਚ ਉਸੇ ਕ੍ਰਮ ਵਿੱਚ ਸੰਖੇ

ਪ ਰੂਪ ਵਿੱਚ ਡਾਕੂਮੈਂਟਰੀ ਸਾਹਿਤ ਨੂੰ ਨਮੂਨੇ ਦੇ ਤੌਰ 'ਤੇ ਵੇਖਿਆ ਜਾਂਦਾ ਹੈ।

### 1.1.8.6 ਨਿਚੋੜ :

ਭਾਵੇਂ ਕਿ ਦੋ ਦਹਾਕਿਆਂ ਤੋਂ ਲਗਾਤਾਰ ਖੋਜ ਜਾਰੀ ਹੈ, ਪਰ ਅਜੇ ਵੀ ਸਵੈਚਾਲਿਤ ਕਾਰਜਕ੍ਰਮ ਨੂੰ ਵਿਕਸਿਤ ਕਰਨ ਦੇ ਖੇਤਰ ਵਿੱਚ ਤਸੱਲੀਬਖ਼ਸ਼ ਕੰਮ ਹੋ ਰਿਹਾ ਨਜ਼ਰ ਨਹੀਂ ਆਉਂਦਾ, ਜਿਹੜਾ ਕਿ ਦਸਤੀ ਵਰਗੀਕਰਣ ਦੇ ਬਦਲ ਵਜੋਂ ਕੰਮ ਕਰ ਸਕੇ। ਨਿਸ਼ਚਿਤ ਤੌਰ 'ਤੇ ਕੀ-ਵਰਡ ਪੇਸ਼ੀਕਰਣ 'ਤੇ ਆਧਾਰਤ ਸਮੂਹੀਕਰਣ ਤਕਨੀਕਾਂ ਵਿੱਚ ਜੋ ਕਮੀਆਂ ਹਨ, ਉਹ ਇਸਦੀ ਮੁੱਢਲੀ ਜ਼ਿੰਮੇਵਾਰੀ ਪ੍ਰਲੇਖ ਸੂਚੀਕ੍ਰਮ ਵਿੱਚ ਵਰਤੀ ਗਈ ਕੀ-ਵਰਡ ਨੂੰ ਪ੍ਰਲੇਖ ਦੇ ਨੇੜੇ ਵਾਲੇ ਰੂਪ ਵਿੱਚ ਆਧਾਰ ਪ੍ਰਦਾਨ ਕਰਨਾ ਹੈ। ਪਰ ਕੁਝ ਵੀ ਹੋਵੇ, ਪ੍ਰਲੇਖ ਵਰਗੀਕਰਣ ਅੰਤਰ-ਸੰਬੰਧਾਂ ਦੀ ਪਛਾਣ ਕਰਨ, ਅਤੇ ਮਸ਼ੀਨੀਕਰਣ ਮਾਪ ਅਤੇ ਐਲਗੋਰਿਥਮਜ਼ (Algorithms) ਦੀ ਠੀਕ ਉਸੇ ਤਰ੍ਹਾਂ ਗਨਣਾ ਕਰਨ ਦਾ ਘਾਟਾ ਪੂਰਾ ਕਰਨ ਦੀ ਬਹੁਤ ਲੋੜ ਹੈ। ਇਸ ਤਰ੍ਹਾਂ ਦੀਆਂ ਤਕਨੀਕਾਂ ਦੇ ਸਫ਼ਲ ਲਾਗੂਕਰਨ ਦੇ ਰਸਤੇ ਵਿੱਚ ਮੁੱਖ ਰੁਕਾਵਟ ਇਹ ਹੈ ਕਿ ਅਜੇ ਵੀ ਸਾਡੇ ਕੋਲ ਗਿਆਨ ਪੁਨਰ ਪੇਸ਼ੀਕਰਣ ਦੀ ਕੋਈ complete theory ਉਪਲਬਧ ਨਹੀਂ ਹੈ ਅਤੇ ਖੋਜ ਦੇ ਇਸ ਖੇਤਰ ਵਿੱਚ ਜਿਹੜਾ ਖੋਜ ਕਰਨ ਦੇ ਵਾਅਦੇ ਕਰਦਾ ਹੈ, ਇਹ ਵਿਵਾਦ ਰਿਹਾ ਹੈ ਕਿ ਕਿਹੜਾ ਪ੍ਰਲੇਖ ਕਿੱਥੇ ਜੋੜਿਆ ਜਾਵੇ, ਇਹ ਸੰਬੰਧਾਂ 'ਤੇ ਆਧਾਰਿਤ ਫ੍ਰੇਮਵਰਕ ਨੂੰ Text ਦੇ ਲਈ ਇੱਕ ਚੰਗਾ ਪ੍ਰਤੀਨਿਧ ਉਪਲਬਧ ਕਰਾਉਂਦਾ ਹੈ। ਇਸ ਤਰ੍ਹਾਂ ਪਾਠਕ ਨੂੰ ਕੀਵਰਡ ਰੁਕਾਵਟਾਂ ਦੇ ਵਿੱਚ ਵਿਚਰਨ, ਅਤੇ ਪ੍ਰਲੇਖ ਦੇ ਨਾਲ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਜਾਨਣ ਦਾ ਇੱਕ ਸਹੀ ਆਧਾਰ ਮਿਲਦਾ ਹੈ। ਵਰਗੀਕਰਣ ਪੁਰਾਤਨ ਸੰਕਲਪਾਂ ਵਿੱਚ ਸੰਬੰਧਾਂ ਨੂੰ ਪੇਸ਼ ਕਰ ਰਿਹਾ ਹੈ, ਜਿਹੜੇ ਇਸ ਸਿਸਟਮ ਵਿੱਚ ਉਪਲਬਧ ਹੋਣ ਦੀ ਕਾਮਨਾ ਕਰਦੇ ਹਨ। ਆਧੁਨਿਕ ਵਰਗੀਕਰਣ ਸਕੀਮਾਂ ਇਸ ਕਸੌਟੀ ਤੇ ਖਰੀਆਂ ਨਹੀਂ ਉਤਰਦੀਆਂ, ਪਰ ਅਜੇ ਵੀ ਕੋਈ ਅਜਿਹੀ ਇਕੱਲੀ ਪਹੁੰਚ ਨਹੀਂ ਹੈ ਜੋ ਕਿ ਇੱਕ ਸੰਤੋਸ਼ਜਨਕ ਬਦਲਵਾਂ ਰੂਪ ਪੇਸ਼ ਕਰ ਸਕੇ।

### 1.1.9 ਸਾਰ :

ਲਾਇਬ੍ਰੇਰੀ ਵਰਗੀਕਰਣ ਸਕੀਮਾਂ ਦਾ ਇੱਕ ਸਦੀ ਨਾਲੋਂ ਵੀ ਪੁਰਾਣਾ ਇਤਿਹਾਸ ਹੈ। ਇਸ ਸਮੇਂ ਦੌਰਾਨ ਕਈ ਆਮ ਅਤੇ ਵਿਸ਼ੇਸ਼ ਵਰਗੀਕਰਣ ਸਕੀਮਾਂ ਦਾ ਵਿਕਾਸ ਹੋਇਆ। ਇਸ ਲਿਸਟ ਦੀ ਸ਼ੁਰੂਆਤ ਡੀ.ਵੀ. ਡੈਸੀਮਲ ਦੇ ਆਰਡਰਿੰਗ ਦੇ ਵੱਡੇ ਸਿਸਟਮ ਨਾਲ ਹੁੰਦੀ ਹੈ। ਹਰੇਕ ਸਿਸਟਮ ਦਾ ਆਪਣਾ ਇੱਕ ਵੱਖਰਾ ਢਾਂਚਾ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ।

### 1.1.10 ਅਭਿਆਸ ਅਤੇ ਅੱਗੇ ਪੜ੍ਹਨ ਲਈ :


1. Chan, Lois Mai et al. *Dewey Decimal Classification : A practical guide.* 2nd ed. revised for DDC21. Albany, N.Y., The Forest Press/OCLC, 1996
2. Comaromi, John P. and Satija, M.P. Exercises in the *20th Edition of the Dewey Decimal Classification.* New Delhi, Sterling, 1990
3. *Dewey Decimal Classification and Relative Index.* 22nd ed./edited by Joan S. Mitchell et al. Ohio, OCLC online Computer Library Center, Inc., 2003
4. http://udcc.org
5. Raju, A.A.N. *Decimal Universal Decimal & Colon Classification : a study in comparison.* Delhi, Ajantha Publications, 1984.
6. Satija, M.P. *Exercises in the 19th Edition of the Dewey Decimal Classification.* New Delhi, Concept Publishing Co., 2001
7. Universal Decimal Classification. International Medium Edition. English text (BS 1000M) (FID 571). London, British Standard Institutions, 1985-88

**1.1.11 ਸਵੈ-ਪੜਤਾਲ ਅਭਿਆਸ :**

(ਨੋਟ : ਪ੍ਰਸ਼ਨ ਦੇ ਅੰਤ ਵਿੱਚ ਦਿੱਤੀ ਖਾਲੀ ਥਾਂ ਆਪਣੇ ਉੱਤਰ ਲਈ ਵਰਤੋ)

1. ਜਨਰਲ ਜਾਂ ਆਮ ਵਰਗੀਕਰਣ ਅਤੇ ਵਿਸ਼ੇਸ਼ ਵਰਗੀਕਰਣ ਵਿੱਚ ਅੰਤਰ ਸਪੱਸ਼ਟ ਕਰੋ।

2. ਡੀ.ਵੀ. ਡੈਸੀਮਲ ਵਰਗੀਕਰਣ ਬਾਰੇ ਸੰਖਿਪਤ ਨੋਟ ਲਿਖੋ।

3. ਯੂ.ਡੀ.ਸੀ. ਦੇ ਵਿਕਾਸ ਦਾ ਇਤਿਹਾਸ ਲਿਖੋ।

4. ਸੀ.ਸੀ. 7 ਦੀਆਂ ਵੱਡੀਆਂ ਤਬਦੀਲੀਆਂ ਬਾਰੇ ਨੋਟ ਲਿਖੋ।

5. ਬੀ.ਐਸ.ਓ. ਦੇ ਜਨਮ ਅਤੇ ਵਿਕਾਸ ਬਾਰੇ ਲਿਖੋ।

ਪਾਠ ਨੰਬਰ 1.2 ਲੇਖਕ : ਡਾ. ਅਜੀਤ ਸਿੰਘ

ਅਨੁਵਾਦਕ : ਤਰਵਿੰਦਰ ਸਿੰਘ

# ਵਰਗੀਕਰਣ ਖੋਜ ਵਿੱਚ ਲੱਗੀਆਂ ਸੰਸਥਾਵਾਂ ਦੀਆਂ ਕਾਰਵਾਈਆਂ

**(Activities of Organisation in Classification Research : Classification Research Group (CRG), Documentation Research and Training Centre (DRTC) and International Society for Knowledge Organisation (ISKO)**

ਗਿਆਨ ਜਗਤ ਵਿੱਚ ਲਗਾਤਾਰ ਹੋ ਰਹੇ ਵਾਧੇ ਦਾ ਨਤੀਜਾ ਇਹ ਹੈ ਕਿ ਅੱਜ ਗੁੰਝਲਦਾਰ ਅਤੇ ਵਿਸਥਾਰਪੂਰਨ ਖੇਤਰਾਂ ਵਿੱਚ ਵੀ ਵਾਧਾ ਹੋ ਰਿਹਾ ਹੈ। ਗਿਆਨ ਦੇ ਅਥਾਹ ਸਮੁੰਦਰ ਵਿੱਚ ਜ਼ਿਆਦਾ ਤੋਂ ਜ਼ਿਆਦਾ ਨਵੇਂ-ਨਵੇਂ ਵਿਸ਼ੇ ਸ਼ਾਮਿਲ ਹੁੰਦੇ ਜਾ ਰਹੇ ਹਨ। ਗਿਆਨ ਦੇ ਸੰਸਾਰ ਦੇ ਮੁੱਖ ਗੁਣ ਜਿਵੇਂ ਗਤੀਸ਼ੀਲਤਾ, ਅਸੀਮਤਾ, ਲਗਾਤਾਰਤਾ, ਬਹੁਭਾਂਤ ਅਤੇ ਕ੍ਰਮਬੱਧਤਾ ਦੇ ਬਹੁ-ਆਕਾਰ ਸੰਬੰਧੀ ਇੱਕ ਸਾਧਾਰਣ ਵਰਗੀਕਰਣ ਸਿਸਟਮ ਦੇ ਵਿਕਾਸ ਅਤੇ ਡਿਜ਼ਾਈਨ ਉਪਰ ਬਹੁਤ ਵੱਡਾ ਪ੍ਰਭਾਵ ਅਤੇ ਦਬਾਅ ਪਾਉਂਦੇ ਹਨ। ਕੁਝ ਆਮ ਸਿਸਟਮ ਇਸ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਨਹੀਂ ਕਰ ਸਕਦੇ ਅਤੇ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਵਿਕਾਸ ਕੁਝ ਖ਼ਾਸ ਤਰ੍ਹਾਂ ਦੇ ਸਿਸਟਮਾਂ ਦੀ ਉਪਜ ਵਿੱਚ ਆਪਣਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਸੰਗਠਨ ਅਤੇ ਸੰਸਥਾਵਾਂ ਵਰਗੀਕਰਣ ਦੇ ਖ਼ਾਸ ਢਾਂਚੇ ਦੇ ਨਿਰਮਾਣ ਅਤੇ ਵਿਕਾਸ ਦੇ ਡਿਜ਼ਾਈਨ ਨੂੰ ਤਿਆਰ ਕਰਨ ਲਈ ਦਿਨ-ਰਾਤ ਇੱਕ ਕਰਕੇ ਮਿਹਨਤ ਕਰ ਰਹੀਆਂ ਹਨ। ਇਸ ਪਾਠ ਵਿੱਚ ਇਹੋ ਜਿਹੀਆਂ ਸੰਸਥਾਵਾਂ ਉਪਰ ਚਾਨਣਾ ਪਾਇਆ ਗਿਆ ਹੈ।

## ਉਦੇਸ਼ :

ਇਸ ਪਾਠ ਨੂੰ ਪੜ੍ਹਨ ਪਿੱਛੋਂ, ਤੁਸੀਂ ਇਸ ਯੋਗ ਹੋ ਜਾਵੋਗੇ :-

1. ਲਾਇਬ੍ਰੇਰੀ ਵਰਗੀਕਰਣ ਦੇ ਅਰਥ ਨੂੰ, ਅਤੇ ਇਸਦੇ ਖੇਤਰ ਵਿੱਚ ਹੋ ਰਹੀ ਖੋਜ ਨੂੰ ਸਮਝਣਾ।
2. ਪ੍ਰਮੁੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਸੰਗਠਨਾਂ ਦੀਆਂ ਖੋਜ ਗਤੀਵਿਧੀਆਂ ਨੂੰ ਜਾਨਣਾ।

## ਢਾਂਚਾ :

ਉਪਰੋਕਤ ਦਿੱਤੇ ਉਦੇਸ਼ਾਂ ਦੀ ਚੰਗੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰਨ ਲਈ ਪਾਠ ਨੂੰ ਹੇਠ ਲਿਖੇ ਤਰੀਕੇ ਨਾਲ ਡਿਜ਼ਾਈਨ ਕੀਤਾ ਗਿਆ ਹੈ।

**1.2.1 ਜਾਣ-ਪਛਾਣ :**
1.2.2 ਵਿਸ਼ੇਸ਼ ਵਰਗੀਕਰਣ ਪ੍ਰਣਾਲੀਆਂ ਦੀ ਪਰਿਭਾਸ਼ਾ ਅਤੇ ਖੇਤਰ।
1.2.3 ਵਿਸ਼ੇਸ਼ ਪ੍ਰਣਾਲੀ (System) ਦੀ ਲੋੜ
1.2.4 ਵਿਸ਼ੇਸ਼ ਪ੍ਰਣਾਲੀਆਂ (Systems) ਦੇ ਖੇਤਰ ਵਿੱਚ ਸੰਗਠਨਾਤਮਕ ਗਤੀਵਿਧੀਆਂ
1.2.4.1 ਕਲਾਸੀਫਿਕੇਸ਼ਨ ਰੀਸਰਚ ਗਰੁੱਪ (CRG)
1.2.4.1.1 ਉਤਪਤੀ ਅਤੇ ਵਿਕਾਸ
1.2.4.1.2 ਗਤੀਵਿਧੀਆਂ
1.2.4.1.3 ਨਿਚੋੜ
1.2.4.2 ਡਾਕੂਮੈਨਟੇਸ਼ਨ ਰੀਸਰਚ ਐਂਡ ਟ੍ਰੇਨਿੰਗ ਸੈਂਟਰ (DRTC)
1.2.4.2.1 ਉਤਪਤੀ ਅਤੇ ਵਿਕਾਸ
1.2.4.2.2 ਗਤੀਵਿਧੀਆਂ

1.2.4.2.3 ਸਾਰ।

1.2.4.3 ਇੰਟਰਨੈਸ਼ਨਲ ਸੁਸਾਇਟੀ ਫ਼ਾਰ ਨੱਲਿਜ ਆਰਗੇਨਾਈਜ਼ੇਸ਼ਨ (ISKO)

1.2.4.3.1 ਉਤਪਤੀ ਅਤੇ ਵਿਕਾਸ

1.2.4.3.2 ਉਦੇਸ਼

1.2.4.3.3 ਗਤੀਵਿਧੀਆਂ

1.2.4.3.4 ਸਾਰ।

1.2.5 ਸਵੈ-ਪੜਚੋਲ ਅਭਿਆਸ ਲਈ ਪ੍ਰਸ਼ਨ।

1.2.6 ਹਵਾਲੇ ਅਤੇ ਹੋਰ ਪੁਸਤਕਾਂ।

1.2.7 ਸਵੈ-ਪੜਚੋਲ ਅਭਿਆਸ ਲਈ ਉੱਤਰ।

1.2.8 ਸੋਧਿਆ ਹੋਇਆ ਕੰਮ (Assignments)


### 1.2.1 ਜਾਣ-ਪਛਾਣ :

ਵਿਸ਼ਾ ਜਗਤ (Universe of Subjects) ਹਮੇਸ਼ਾ ਗਤੀਸ਼ੀਲ, ਲਗਾਤਾਰ ਜਾਰੀ ਰਹਿਣ ਵਾਲਾ, ਹਮੇਸ਼ਾ ਅੱਗੇ ਵਧਣ ਵਾਲਾ ਅਤੇ ਵਧਣ-ਫੁੱਲਣ ਵਾਲਾ ਹੈ। ਇਸੇ ਕਰਕੇ ਬਹੁਤ ਹੀ ਛੋਟੇ ਖੇਤਰ ਵਿੱਚ ਵੀ ਜ਼ਿਆਦਾ ਤੋਂ ਜ਼ਿਆਦਾ ਅਤੇ ਛੋਟੇ ਤੋਂ ਛੋਟਾ ਸਾਹਿਤ ਪੈਦਾ ਕੀਤਾ ਜਾ ਸਕਦਾ ਹੈ। ਵਰਗੀਕਰਣ ਦੇ ਢਾਂਚੇ ਤੰਗ ਜਾਂ ਛੋਟੇ ਵਿਸ਼ਾ ਖੇਤਰ ਵਿੱਚੋਂ ਨਿਕਲੀ ਉਪਜ ਦਾ ਮੁਕਾਬਲਾ ਨਹੀਂ ਕਰ ਰਹੇ। ਹਾਲਾਤਾਂ ਦਾ ਮੁਕਾਬਲਾ ਕਰਨ ਲਈ ਕਈ ਖ਼ਾਸ ਢਾਂਚੇ ਡਿਜ਼ਾਈਨ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਬਣਾਇਆ ਗਿਆ ਹੈ ਅਤੇ ਪਾਠਕ ਵਰਗ ਦੀ ਲੋੜ ਅਨੁਸਾਰ ਇਨ੍ਹਾਂ ਨੂੰ ਖ਼ਾਸ ਲਾਇਬ੍ਰੇਰੀਆਂ ਵਿੱਚ ਵਰਤਿਆ ਜਾ ਰਿਹਾ ਹੈ।

### 1.2.2 ਵਿਸ਼ੇਸ਼ ਵਰਗੀਕਰਣ ਪ੍ਰਣਾਲੀਆਂ ਦੀ ਪਰਿਭਾਸ਼ਾ ਅਤੇ ਸਕੋਪ :

ਵਿਸ਼ੇਸ਼ ਵਰਗੀਕਰਣ ਸਿਸਟਮਾਂ ਦੀ ਕਈ ਲੇਖਕਾਂ ਵੱਲੋਂ ਅਲੱਗ-ਅਲੱਗ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਰੰਗਾਨਾਥਨ ਨੇ ਇਸਨੂੰ ''ਸੂਖਮ ਵਿਸ਼ਿਆਂ ਦੇ ਸਿਰਫ਼ ਅਤੇ ਸਿਰਫ਼ ਇੱਕ ਵਿਸ਼ੇਸ਼ ਵਿਸ਼ੇ ਦੇ ਸੂਖਮ ਵਰਗੀਕਰਣ ਲਈ ਡਿਜ਼ਾਈਨ ਕੀਤੀ ਗਈ ਸਕੀਮ' ਕਿਹਾ ਹੈ। ਹੈਰਲਡ'ਜ਼ ਲਾਇਬ੍ਰੇਰੀਅਨ ਗਲਾਸਰੀ ਅਨੁਸਾਰ ''ਇਹ ਇੱਕ ਪੁਸਤਕ ਵਰਗੀਕਰਣ ਸਕੀਮ ਹੈ, ਜਿਹੜੀ ਕਿ ਗਿਆਨ ਦੇ ਇੱਕ ਖੇਤਰ ਵਿੱਚ ਲਾਗੂ ਹੁੰਦੀ ਹੈ। ਕੇ.ਜੀ.ਬੀ. ਬੇਕਵੈਲ ਵਿਸ਼ੇਸ਼ ਵਰਗੀਕਰਣ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਂਦਾ ਕਹਿੰਦਾ ਹੈ, ''ਇੱਕ ਵਿਸ਼ੇਸ਼ ਵਰਗੀਕਰਣ ਸਕੀਮ ਕਿਸੇ ਖ਼ਾਸ ਮੰਤਵ ਲਈ ਜਾਂ ਆਮ ਤੌਰ 'ਤੇ ਕਿਸੇ ਖ਼ਾਸ ਵਿਸ਼ਾ ਖੇਤਰ ਨਾਲ ਸਬੰਧਤ ਪ੍ਰਲੇਖਾਂ ਦਾ ਵਰਗੀਕਰਣ ਕਰਨ ਲਈ ਡਿਜ਼ਾਈਨ ਕੀਤੀ ਜਾਂਦੀ ਹੈ।'' ਮਿਲਜ਼ ਨੇ ਆਮ ਅਤੇ ਵਿਸ਼ੇਸ਼ ਵਰਗੀਕਰਣ ਵਿਚਕਾਰ ਅੰਤਰ ਕਰਦੇ ਦੱਸਿਆ ਹੈ, ''ਸਾਧਾਰਣ ਵਰਗੀਕਰਣ ਵਿਸ਼ਾ ਸ਼੍ਰੇਣੀਆਂ ਸਾਰੇ ਗਿਆਨ ਨੂੰ ਗ੍ਰਹਿਣ ਕਰਦੀ ਹੈ। ....... ਵਿਸ਼ੇਸ਼ ਵਰਗੀਕਰਣ ਅਲੱਗ-ਅਲੱਗ ਪੱਧਰਾਂ ਤੱਕ ਸੀਮਤ ਰਹਿੰਦੀ ਹੈ'', ਜਿਵੇਂ :-

1. ਪਰੰਪਰਾਗਤ ਵਿਸ਼ਾ ਖੇਤਰਾਂ ਤੱਕ ਸੀਮਤ ਜਿਵੇਂ : ਭੌਤਿਕ ਵਿਗਿਆਨ, ਲੇਬਰ ਇਕਨਾਮਿਕਸ, ਭਾਰਤੀ ਸੰਗੀਤ, ਦਵਾਈਆਂ ਆਦਿ।
2. ਆਮ ਸਿਸਟਮ ਵਿੱਚ ਖਿਲਰੇ ਹੋਏ ਵਿਸ਼ਿਆਂ ਦੇ ਸੰਗਠਨ ਤੱਕ ਸੀਮਤ ਜਿਵੇਂ – ਕੰਮ ਧੰਦਾ ਸੁਰੱਖਿਆ ਅਤੇ ਸਿਹਤ ਵਿਗਿਆਨ, ਇਮਾਰਤ ਅਤੇ ਭਵਨ ਨਿਰਮਾਣ ਕਲਾ, ਸਿਵਲ ਇੰਜੀਨੀਅਰਿੰਗ ਆਦਿ।
3. ਕੁਝ ਭੌਤਿਕ ਖਿਲਰੇ ਹੋਏ ਰੂਪਾਂ ਤੱਕ ਸੀਮਤ, ਜਿਵੇਂ – ਤਸਵੀਰ, ਚਿੱਤਰਮਈ, ਨਕਸ਼ੇ, ਗ੍ਰਾਮੋਫੋਨ ਰਿਕਾਰਡ (ਤਵੇ), ਵੀਡੀਓ ਕੈਸਟਾਂ (ਰੀਲਾਂ), ਪਾਰਦਰਸ਼ੀ ਫ਼ਿਲਮਾਂ ਆਦਿ।
4. ਕੁਝ ਭੌਤਿਕ ਪਬਲੀਕੇਸ਼ਨਾਂ (ਪ੍ਰਕਾਸ਼ਨਾਂ) ਦੇ ਖਿਲਰੇ ਹੋਏ ਰੂਪਾਂ ਲਈ ਮਨਾਹੀ ਜਿਵੇਂ – ਪੇਟੈਂਟ, ਸਟੈਂਡਰਡ (ਮਾਨਕ), ਟ੍ਰੇਡ ਕੈਟਾਲਾਗ (ਵਪਾਰਕ ਸੂਚੀ) ਆਦਿ।
5. ਕੁਝ ਵਿਚਾਰ ਪ੍ਰਸਤੁਤੀਕਰਣ ਦੇ ਰੂਪਾਂ ਤੱਕ ਸੀਮਤ ਜਿਵੇਂ – ਕਥਾ ਸਾਹਿਤ (ਨਾਵਲ, ਨਾਟਕ, ਨਿੱਕੀ ਕਹਾਣੀ), ਨਾਟਕ, ਸਾਰਨੀ ਆਦਿ।

6. ਕੁਝ ਪਾਠਕਾਂ ਤੱਕ ਸੀਮਤ ਜਿਵੇਂ – ਬੱਚੇ, ਵਿਦਿਆਰਥੀ, ਨੇਤਰਹੀਣ ਆਦਿ।

## 1.2.3 ਵਿਸ਼ੇਸ਼ ਵਰਗੀਕਰਣ ਪ੍ਰਣਾਲੀ ਦੀ ਲੋੜ :

ਹੇਠਾਂ ਲਿਖੇ ਕੁਝ ਤੱਥ ਹਨ ਜੋ ਕਿ ਵਿਸ਼ੇਸ਼ ਵਰਗੀਕਰਣ ਪ੍ਰਣਾਲੀ ਦੀ ਲੋੜ ਉਤੇ ਜ਼ੋਰ ਦਿੰਦੇ ਹਨ, ਜੋ ਕਿ ਸੰਖੇਪ ਰੂਪ ਵਿੱਚ ਇਹ ਹਨ :–

1. ਜ਼ਿਆਦਾਤਰ ਆਮ ਸਿਸਟਮ ਸੂਖ਼ਮ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਸਮਝਣ ਲਈ, ਤਸੱਲੀਬਖ਼ਸ਼ ਵੇਰਵਾ ਉਪਲਬਧ ਨਹੀਂ ਕਰਾਉਂਦੇ।
2. ਜ਼ਿਆਦਾਤਰ ਆਮ ਸਿਸਟਮ ਸੰਯੁਕਤ ਅਤੇ ਗੁੰਝਲਦਾਰ ਵਿਸ਼ਿਆਂ ਲਈ ਔਖੇ ਸ਼੍ਰੇਣੀ ਨੰਬਰ ਉਪਲਬਧ ਕਰਾਉਂਦੇ ਹਨ।
3. ਆਮ ਸਿਸਟਮ ਕਿਸੇ ਖ਼ਾਸ ਲਾਇਬ੍ਰੇਰੀ ਜਾਂ ਸੂਚਨਾ ਕੇਂਦਰ ਦੀਆਂ ਖ਼ਾਸ ਲੋੜਾਂ ਦੀ ਪੂਰਤੀ ਕਰਨ ਦੇ ਯੋਗ ਨਹੀਂ ਹੁੰਦੇ।
4. ਆਮ ਕਰਕੇ ਸਾਧਾਰਨ ਵਰਗੀਕਰਣ ਸਿਸਟਮ ਨਵੇਂ ਪੈਦਾ ਹੋਏ ਵਿਸ਼ਾ ਖੇਤਰਾਂ ਨੂੰ ਜਗ੍ਹਾ ਉਪਲਬਧ ਕਰਾਉਣ ਦੇ ਮਾਮਲੇ ਵਿੱਚ ਲਚਕਹੀਣ ਹੈ। ਭਾਵ ਇਸ ਵਿੱਚ ਇਹ ਅਸਮਰੱਥ ਹੈ।
5. ਇੱਕ ਖ਼ਾਸ ਸੰਗ੍ਰਹਿ ਵਿੱਚ ਵਿਸ਼ੇ ਦੇ ਸਾਰੇ ਦ੍ਰਿਸ਼ਟੀਕੋਣਾਂ ਨੂੰ ਇਕੱਠਾ ਰੱਖਣ ਦੀ ਲੋੜ ਪੈਂਦੀ ਹੈ, ਜਦੋਂ ਕਿ ਇੱਕ ਆਮ ਸਿਸਟਮ ਵਿੱਚ ਇਸ ਚੀਜ਼ ਦੀ ਘਾਟ ਹੈ ਅਤੇ ਇਹ ਇਸਨੂੰ ਖਿੰਡਾ ਦੇਵੇਗਾ।
6. ਆਮ ਸਿਸਟਮ ਦੀ ਅਨੁਸੂਚੀ (Schedule) ਵਿੱਚ ਇੱਕ ਖ਼ਾਸ ਵਿਸ਼ਾ ਖੇਤਰ ਨੂੰ ਸਮੇਂ ਦੇ ਅਨੁਸਾਰ ਨਵਿਆਇਆ (update) ਨਹੀਂ ਜਾ ਸਕਦਾ।
7. ਆਮ ਸਿਸਟਮ ਵਿੱਚ ਅੰਕਨ ਦਾ ਵਿਭਾਜਨ ਸਮਾਂ ਬਰਬਾਦ ਕਰਨ ਵਾਲਾ ਅਤੇ ਫਾਲਤੂ ਹੈ, ਜਿਹੜਾ ਕਿ ਗਿਆਨ ਦੀਆਂ ਸਾਰੀਆਂ ਸ਼ਾਖ਼ਾਵਾਂ ਤੇ ਫੈਲਿਆ ਹੋਇਆ ਹੈ, ਅਤੇ ਨਾ ਕਿ ਸਬੰਧਿਤ ਅਤੇ ਖ਼ਾਸ ਵਿਸ਼ਾ ਖੇਤਰ ਤੱਕ; ਅਤੇ
8. ਇੱਕ ਆਮ ਸਿਸਟਮ ਦੀ ਸੋਧ ਮੁਸ਼ਕਿਲ ਹੈ ਅਤੇ ਕੁਝ ਸਾਧਾਰਨ ਸਿਸਟਮਾਂ ਜਿਵੇਂ ਯੂ.ਡੀ.ਸੀ. ਅਤੇ ਡੀ.ਡੀ.ਸੀ. ਨੂੰ ਛੱਡਕੇ ਬਾਕੀ ਸਾਰੀਆਂ ਆਮ ਵਰਗੀਕਰਣ ਪ੍ਰਣਾਲੀਆਂ ਦੀ ਸੋਧ ਨਹੀਂ ਦੇ ਬਰਾਬਰ ਹੈ।

## 1.2.4 ਖ਼ਾਸ ਸਿਸਟਮ ਦੇ ਖੇਤਰ ਵਿੱਚ ਸੰਸਥਾਗਤ ਗਤੀਵਿਧੀਆਂ :

ਉਪਰੋਕਤ ਲਿਖੇ ਤੱਥ ਖ਼ਾਸ ਸਿਸਟਮਾਂ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਇਸੇ ਲਈ ਕੁਝ ਸੰਗਠਨ, ਸੰਸਥਾਵਾਂ ਅਤੇ ਸੋਸਾਇਟੀਆਂ ਇਹੋ ਜਿਹੀਆਂ ਹਨ, ਜੋ ਕਿ ਖ਼ਾਸ ਸਿਸਟਮਾਂ ਦੇ ਡਿਜ਼ਾਈਨ ਅਤੇ ਵਿਕਾਸ ਵਿੱਚ ਪੂਰੀ ਤਰ੍ਹਾਂ ਨਾਲ ਰੁਝੀਆਂ ਹੋਈਆਂ ਹਨ। ਇਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਗਠਨ ਅਤੇ ਸੰਸਥਾਵਾਂ ਲਾਇਬ੍ਰੇਰੀ ਵਰਗੀਕਰਣ ਨੂੰ ਮਾਨਯੋਗ ਸਥਾਨ ਦਿਵਾਉਣ ਅਤੇ ਇਸਦਾ ਵਿਕਾਸ ਕਰਨ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰ ਰਹੀਆਂ ਹਨ। ਇਨ੍ਹਾਂ ਉਦੇਸ਼ਾਂ ਅਤੇ ਸੰਯੁਕਤ ਰੂਪ ਵਿੱਚ ਕਾਰਜਕ੍ਰਮ ਨੂੰ ਪ੍ਰਾਪਤ ਕਰਨ ਲਈ ਇਹ ਕਮੇਟੀਆਂ ਬਣਾਉਂਦੀਆਂ ਹਨ, ਅਤੇ ਸੈਮੀਨਾਰਾਂ ਦਾ ਆਯੋਜਨ ਵੀ ਕਰਦੀਆਂ ਹਨ, ਜਿਹੜਾ ਕਿ ਲਾਇਬ੍ਰੇਰੀ ਵਰਗੀਕਰਣ ਦੇ ਵਿਕਾਸ ਵਿੱਚ ਇੱਕ ਸੋਚਣ ਵਾਲੇ ਯੰਤਰ ਦੀ ਤਰ੍ਹਾਂ ਕੰਮ ਕਰਦਾ ਹੈ। ਇਨ੍ਹਾਂ ਵਿੱਚੋਂ Classification Research Group (CRG), Document Research and Training Centre (DRTC), Bangalore (India) and International Society of Knowledge Organisation (ISKO) ਮਹੱਤਵਪੂਰਣ ਸੰਸਥਾਵਾਂ ਹਨ, ਅਤੇ ਇਸ ਪਾਠ ਦੇ ਵਿਚਾਰ-ਵਟਾਂਦਰੇ ਦਾ ਪ੍ਰਮੁੱਖ ਕੇਂਦਰ ਬਿੰਦੂ ਹਨ।

### 1.2.4.1 ਕਲਾਸੀਫਿਕੇਸ਼ਨ ਰੀਸਰਚ ਗਰੁੱਪ (CRG)

**1.2.4.1.1 ਉਤਪੱਤੀ ਅਤੇ ਵਿਕਾਸ :–** ਰਾਯਲ ਸੋਸਾਇਟੀ ਸਾਇੰਟਿਫਿਕ ਇਨਫ਼ਰਮੇਸ਼ਨ ਕਾਨਫ਼ਰੰਸ 1948 ਵਿੱਚ ਹੋਈ, ਜਿਸ ਵਿੱਚ ਵਰਗੀਕਰਣ ਦੀ ਖੋਜ ਲਈ ਪ੍ਰੋ. ਜੇ.ਡੀ. ਬਰਨਲ ਦੀ ਅਗਵਾਈ ਹੇਠ ਵਰਗੀਕਰਣ ਬਾਰੇ ਅਧਿਐਨ ਲਈ ਇੱਕ ਕਮੇਟੀ ਦੀ ਸਥਾਪਨਾ ਕੀਤੀ ਗਈ, ਪਰ ਇਸ ਕਮੇਟੀ ਨੇ ਆਸ਼ਾ ਦੇ ਅਨੁਸਾਰ ਬਹੁਤ ਥੋੜ੍ਹਾ ਕੰਮ ਕੀਤਾ। ਇਸੇ ਕਰਕੇ ਏ.ਜੇ. ਵੈਲਜ (ਉਦੋਂ BNB ਦਾ ਐਡੀਟਰ) ਅਤੇ ਬੀ.ਸੀ. ਵਿਕਰੀ

(ਉਦੋਂ ਏਕਰਜ਼ ਲੈਬਾਰਟਰੀਜ਼ ਆਈ.ਸੀ.ਆਈ. ਲਿਮਟਿਡ ਵਿੱਚ ਬਤੌਰ ਲਾਇਬ੍ਰੇਰੀਅਨ) ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਕਿ ਵਿਸ਼ਿਆਂ ਦੇ ਵਰਗੀਕਰਣ ਲਈ ਮਾਹਿਰ ਵਿਅਕਤੀਆਂ ਵੱਲੋਂ ਉਸਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਜਾਵੇ। ਇਹੀ ਕਾਰਣ ਸੀ ਕਿ 1952 ਈ. ਵਿੱਚ ਕਲਾਸੀਫਿਕੇਸ਼ਨ ਰੀਸਰਚ ਗਰੁੱਪ (CRG) ਦੀ ਸਥਾਪਨਾ ਹੋਈ।

ਕਲਾਸੀਫਿਕੇਸ਼ਨ ਰੀਸਰਚ ਗਰੁੱਪ (CRG) ਇੱਕ ਗੈਰ-ਮਾਨਤਾ ਪ੍ਰਾਪਤ ਵਿਚਾਰ-ਵਟਾਂਦਰਾ ਸਮੂਹ ਹੈ, ਜਿਹੜਾ ਕਿ ਅਕਸਰ ਲੰਦਨ ਵਿਖੇ ਮਿਲਦਾ ਰਹਿੰਦਾ ਹੈ। ਇਸਦੀ ਪਹਿਲੀ ਮੀਟਿੰਗ ਫਰਵਰੀ, 1952 ਵਿੱਚ ਹੋਈ। ਇਸਦੇ ਮੁਢਲੇ ਮੈਂਬਰ ਏ.ਜੇ. ਵੈਲਜ (A.J. Wells), ਬੀ.ਸੀ. ਵਿਕਰੀ (B.C. Vickry), ਈ.ਜੇ. ਕੋਟਸ (E.J. Coates), ਜੇ. ਫੈਰਾਡੇਨ (J. Ferradane), ਡੀ.ਜੇ. ਫਾਸਕਟ (D.J. Fosket), ਜੇ. ਮਿਲਜ਼ (J. Mills) ਅਤੇ ਬੀ.ਆਈ. ਪਾਮਰ (B.I. Palmer) ਸਨ। ਇਨ੍ਹਾਂ ਤੋਂ ਇਲਾਵਾ ਹੋਰ ਮੈਂਬਰਾਂ ਦੇ ਨਾਮ ਇਸ ਪ੍ਰਕਾਰ ਹਨ - ਡੀ.ਜੇ. ਕੈਮਪਬੈਲ (D.J. Campbell), ਆਰ.ਏ. ਫੇਅਰਥੋਰਨ (R.A. Farrthorne), ਬਾਰਬਰਾ ਕੇਅਲ (Barbara Kyle), ਡੀ.ਡਬਲਯੂ. ਲਾਂਗਰਿਜ (DJ. Langridge).

**1.2.4.1.2 ਗਤੀਵਿਧੀਆਂ :-** ਸੀ.ਆਰ.ਜੀ. ਦੀਆਂ ਪ੍ਰਮੁੱਖ ਗਤੀਵਿਧੀਆਂ ਇਸ ਪ੍ਰਕਾਰ ਹਨ :-

**(A) ਵਰਗੀਕਰਣ ਸਿਧਾਂਤ :-** ਆਰੰਭ ਵਿੱਚ ਹੀ ਇਹ ਗਰੁੱਪ ਇਸ ਨਤੀਜੇ 'ਤੇ ਪੁੱਜ ਗਿਆ ਕਿ ਵਰਤਮਾਨ ਵਰਗੀਕਰਣ ਸਕੀਮਾਂ ਸੰਤੋਸ਼ਜਨਕ ਨਹੀਂ ਹਨ। ਇਸ ਕਰਕੇ ਮੁੱਢਲੇ ਨਿਯਮਾਂ ਤੇ ਪੁਨਰ ਵਿਚਾਰ ਨਾਲ ਗੱਲਬਾਤ ਆਰੰਭ ਹੋਈ ਅਤੇ ਸੰਕਲਪਾਂ ਦੇ ਸੁਭਾਅ ਦੇ ਮੁੜ ਤੋਂ ਵਿਚਾਰਾਂ ਨਾਲ ਕੰਮ ਸ਼ੁਰੂ ਹੋਇਆ। ਇਸ ਵਿੱਚ ਅਨੋਖੇ ਅਤੇ ਇੱਕੋ ਕਿਸਮ ਦੇ ਸਮੂਹੀਕਰਨ ਅਤੇ ਸੰਬੰਧਾਂ ਤੇ ਅੰਤਰ-ਸੰਬੰਧਾਂ ਦਾ ਪ੍ਰਗਟਾਅ ਕੀਤਾ ਗਿਆ। ਇਸ ਵਿੱਚ ਇਹ ਵੀ ਮਹਿਸੂਸ ਕੀਤਾ ਗਿਆ ਕਿ ਹੋਰਾਂ ਨਾਲੋਂ ਡਾ. ਐਸ.ਆਰ. ਰੰਗਾਨਾਥਨ ਦੁਆਰਾ ਦਿੱਤੇ ਗਏ ਸਿਧਾਂਤ ਕਿਤੇ ਜ਼ਿਆਦਾ ਮੰਨਣਯੋਗ ਹਨ। ਇਸ ਕਰਕੇ ਇਹ ਫੈਸਲਾ ਲਿਆ ਗਿਆ ਕਿ ਕੁਝ ਤਕਨੀਕਾਂ ਅਤੇ ਪਰਿਭਾਸ਼ਾਵਾਂ ਜੋ ਕਿ ਰੰਗਾਨਾਥਨ ਦੁਆਰਾ ਦਿੱਤੀਆਂ ਗਈਆਂ ਸਨ, ਨੂੰ ਅਪਣਾ ਲਿਆ ਜਾਵੇ।

ਸੀ.ਆਰ.ਜੀ. ਦੁਆਰਾ ਕੀਤੇ ਹੋਏ ਮੁੱਢਲੇ ਕੰਮ ਦੀ ਝਲਕ ਸਾਨੂੰ "ਸੇਅਰਜ਼ ਮੈਮੋਰੀਅਲ ਵਾਲਯੂਮ" ਵਿੱਚੋਂ ਵੇਖਣ ਨੂੰ ਮਿਲਦੀ ਹੈ। ਫਾਸਕੇਟ ਨੇ ਸੀ.ਆਰ.ਜੀ. ਦੇ ਹੋਂਦ ਵਿੱਚ ਆਉਣ ਦੇ ਪਹਿਲੇ ਦਸ ਸਾਲਾਂ ਦੌਰਾਨ ਇਸਦੇ ਮੈਂਬਰਾਂ ਦੁਆਰਾ ਪਾਏ ਗਏ ਵਡਮੁੱਲੇ ਯੋਗਦਾਨ ਦਾ ਸੰਖੇਪ ਵਿੱਚ ਵਰਨਣ ਕੀਤਾ ਹੈ। ਸੀ.ਆਰ.ਜੀ. ਦੁਆਰਾ ਕੀਤੇ ਵਿਚਾਰ-ਵਟਾਂਦਰੇ ਦੇ ਸਾਰਾਂਸ਼ "ਜਰਨਲ ਆਫ਼ ਡਾਕੂਮੈਨਟੈਸ਼ਨ" ਵਿੱਚ, ਸੀ.ਆਰ.ਜੀ. ਬੁਲੇਟਿਨ ਦੇ ਨਾਮ ਨਾਲ ਛਪਦੇ ਹਨ। ਸੀ.ਆਰ.ਜੀ. ਬੁਲੇਟਿਨ ਨੰਬਰ-4 ਪਹਿਲੀ ਵਾਰ ਉਪਰੋਕਤ ਜਰਨਲ ਵਿੱਚ ਛਪਿਆ ਸੀ।

**(B) ਪੱਖਾਤਮਕ (faceted) ਵਰਗੀਕਰਣ :-** 1953 ਈ. ਵਿੱਚ ਸੀ.ਆਰ.ਜੀ. ਨੇ ਪੱਖਾਤਮਕ ਵਰਗੀਕਰਣ ਦੀ ਇੱਕ ਸੰਖੇਪ ਜਿਹੀ ਰੂਪਰੇਖਾ ਦਾ ਪ੍ਰਕਾਸ਼ਨ ਕਰਵਾਇਆ ਅਤੇ 1955 ਵਿੱਚ ਇੱਕ ਮੈਮੋਰੰਡਮ ਕੱਢਿਆ, ਜਿਸਦਾ ਸਿਰਲੇਖ "ਪੱਖਾਤਮਕ ਵਰਗੀਕਰਣ ਦੀ ਲੋੜ ਅਤੇ ਸੂਚਨਾ ਮੁੜ-ਪ੍ਰਾਪਤੀ ਦੇ ਸਾਰੇ ਤਰੀਕਿਆਂ ਦਾ ਆਧਾਰ" ਸੀ। ਮੈਮੋਰੰਡਮ ਇਸ ਗੱਲ 'ਤੇ ਜ਼ੋਰ ਦਿੰਦਾ ਹੈ :-

(ੳ) ਪੱਖ ਮੁਲਾਂਕਣ ਲਾਇਬ੍ਰੇਰੀ ਵਰਗੀਕਰਣ ਦਾ ਆਧਾਰ ਹੋਵੇ;
(ਅ) ਫੈਰਾਡੇਨ ਦੀ "ਥਿਊਰੀ ਆਫ਼ ਰਿਲੇਸ਼ਨਸ਼ਿਪ", ਅਤੇ
(ੲ) ਸਾਧਾਰਨ ਅੰਕਨ ਦਾ ਪ੍ਰਯੋਗ।

**(C) ਵਿਸ਼ੇਸ਼ ਵਰਗੀਕਰਣ ਸਕੀਮ ਦਾ ਡਿਜ਼ਾਈਨ :-** 1952 ਤੋਂ 1960 ਤੱਕ ਸੀ.ਆਰ.ਜੀ. ਦੇ ਮੈਂਬਰਾਂ ਨੇ ਆਪਣਾ ਸਾਰਾ ਧਿਆਨ ਵਿਸ਼ੇਸ਼ ਵਰਗੀਕਰਣ ਸਕੀਮ ਦੇ ਨਿਰਮਾਣ ਅਤੇ ਵਰਤੋਂ ਉਪਰ ਕੇਂਦਰਿਤ ਕੀਤਾ। ਮੈਂਬਰਾਂ ਨੇ ਕਈ ਸਕੀਮਾਂ ਦੇ ਫਾਰਮੂਲੇ ਪੇਸ਼ ਕੀਤੇ। ਇਨ੍ਹਾਂ ਵਿੱਚੋਂ ਹਰੇਕ ਕਿਸੇ ਵਿਸ਼ੇਸ਼ ਪਾਠਕ ਵਰਗ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਡਿਜ਼ਾਈਨ ਕੀਤੀ ਗਈ ਸੀ। ਇਹ ਸਾਰੀਆਂ ਰੰਗਾਨਾਥਨ ਦੁਆਰਾ ਦਿੱਤੇ ਗਏ ਪੱਖਾਤਮਕ (Faceted) ਸਿਧਾਂਤਾਂ ਉਪਰ ਆਧਾਰਿਤ ਸਨ। ਇਨ੍ਹਾਂ

ਖ਼ਾਸ ਸਕੀਮਾਂ ਵਿੱਚ ਸੀ.ਆਰ.ਜੀ. ਦੇ ਮੈਂਬਰਾਂ ਨੇ ਆਪਣੇ-ਆਪ ਨੂੰ ਰੰਗਾਨਾਥਨ ਦੁਆਰਾ ਦਿੱਤੀਆਂ ਗਈਆਂ ਪੰਜ ਮੂਲਭੂਤ ਸ਼੍ਰੇਣੀਆਂ ਦੇ ਅਨੁਸਾਰ ਬੰਨ੍ਹ ਕੇ ਨਹੀਂ ਰੱਖਿਆ। ਇਸ ਦੀ ਜਗ੍ਹਾ 'ਤੇ ਉਨ੍ਹਾਂ ਅਲੱਗ-ਅਲੱਗ ਗਿਣਤੀ ਵਿੱਚ ਸ਼੍ਰੇਣੀਆਂ ਦੀ ਵਰਤੋਂ ਕੀਤੀ, ਜੋ ਕਿ ਵਿਸ਼ੇ ਉਪਰ ਨਿਰਭਰ ਸਨ। ਇਸ ਵਿੱਚ ਹੇਠ ਲਿਖੀਆਂ ਸ਼੍ਰੇਣੀਆਂ ਸ਼ਾਮਿਲ ਸਨ, ਜਿਵੇਂ - ਵਸਤੂ, ਕਿਸਮ, ਭਾਗ, ਵਿਸ਼ਾ-ਵਸਤੂ, ਪ੍ਰਾਪਰਟੀ, Process, Operation, Agent, Space ਅਤੇ Time, ਪਰ ਇਨ੍ਹਾਂ ਨੂੰ ਰੰਗਾਨਾਥਨ ਦੀਆਂ ਪੰਜ ਮੂਲਭੂਤ ਸ਼੍ਰੇਣੀਆਂ ਵਿੱਚ ਸਮੇਟਿਆ ਜਾ ਸਕਦਾ ਹੈ।

(D) **ਸਾਧਾਰਣ ਵਰਗੀਕਰਣ ਅਤੇ ਵਿਸੇਸ਼ ਵਰਗੀਕਰਣ ਵਿਚਕਾਰ ਸੰਬੰਧ :-** 1960 ਈ. ਵਿੱਚ ਸੀ.ਆਰ.ਜੀ. ਨੇ ਆਪਣਾ ਵਿਸ਼ੇਸ਼ ਧਿਆਨ ਸਾਧਾਰਣ ਵਰਗੀਕਰਣ ਅਤੇ ਵਿਸ਼ੇਸ਼ ਵਰਗੀਕਰਣ ਸਕੀਮ ਵਿਚਕਾਰ ਸੰਬੰਧਾਂ ਦੀ ਵਿਸ਼ੇਸ਼ ਖੋਜ ਉਪਰ ਅਤੇ ਨਵੀਆਂ ਸਾਧਾਰਣ ਵਰਗੀਕਰਣ ਸਕੀਮਾਂ ਦੀ ਬਣਤਰ ਵਿੱਚ ਆ ਰਹੀਆਂ ਮੁਸ਼ਕਿਲਾਂ ਉਪਰ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸਦੇ ਮੈਂਬਰਾਂ ਦੁਆਰਾ ਪਾਏ ਗਏ ਬਹੁਮੁੱਲੇ ਯੋਗਦਾਨ ਦੀ ਝਲਕ "Classification and Information Control" ਨਾਮਕ ਕੰਮ ਵਿੱਚ ਵੇਖੀ ਜਾ ਸਕਦੀ ਹੈ।

(E) **ਨਵੀਂ ਸਾਧਾਰਣ ਵਰਗੀਕਰਣ ਸਕੀਮ :-** 1962 ਈ. ਵਿੱਚ NATO ਸਾਇੰਸ ਫਾਊਂਡੇਸ਼ਨ ਨੇ ਲਾਇਬ੍ਰੇਰੀ ਐਸੋਸੀਏਸ਼ਨ ਲਈ 14,000 ਡਾਲਰ ਦੀ ਗਰਾਂਟ ਜਾਰੀ ਕੀਤੀ ਤਾਂ ਜੋ ਨਵੀਂ ਸਾਧਾਰਨ ਵਰਗੀਕਰਣ ਸਕੀਮ ਨੂੰ ਹੋਰ ਜ਼ਿਆਦਾ ਸੌਖਾ ਬਣਾਇਆ ਜਾ ਸਕੇ ਅਤੇ ਲਾਇਬ੍ਰੇਰੀ ਐਸੋਸੀਏਸ਼ਨ ਜੋ ਕਿ CRG ਦੁਆਰਾ ਬਣਾਈ ਗਈ ਸੀ, ਨੂੰ ਇਸ ਖੋਜ ਲਈ ਆਪਣੇ ਏਜੰਟ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ। ਹੈਲਨ ਟਾਮਲਿਨਸਨ ਨੇ ਇਸ ਪ੍ਰੋਜੈਕਟ ਉਪਰ 1964 ਤੋਂ ਲੈ ਕੇ 1968 ਈ. ਤੱਕ ਕੰਮ ਕੀਤਾ ਅਤੇ ਡੈਰੇਕ ਆਸਟਿਨ ਨੇ 1968 ਤੋਂ 1969 ਈ. ਤੱਕ ਕੰਮ ਕੀਤਾ। ਇਸ ਤਰ੍ਹਾਂ ਸਾਧਾਰਨ ਵਰਗੀਕਰਣ ਸਕੀਮ ਉਪਰ ਜੋ ਸੀ.ਆਰ.ਜੀ. ਦੁਆਰਾ ਕੰਮ ਸ਼ੁਰੂ ਹੋਇਆ, ਉਹ ਹੈਲਨ ਟਾਮਲਿਨਸਨ ਅਤੇ ਡੈਰੇਕ ਆਸਟਿਨ ਦੁਆਰਾ ਸ਼ੁਰੂ ਕੀਤਾ ਗਿਆ। ਆਸਟਿਨ ਬਾਅਦ ਵਿੱਚ ਪ੍ਰੈਸੀਸ (Precis) ਦੇ ਅੱਖ਼ਰਕ੍ਰਮ ਸੂਚੀ ਨੂੰ ਵਿਕਸਿਤ ਕਰਨ ਵਿੱਚ ਲੱਗ ਗਿਆ।

ਸੀ.ਆਰ.ਜੀ. ਨੇ ਮੁੱਖ ਰੂਪ ਵਿੱਚ ਇਨ੍ਹਾਂ ਗੱਲਾਂ ਉਤੇ ਧਿਆਨ ਦਿੱਤਾ :-

(i) ਸੰਕਲਪਾਂ ਦੀ ਸ਼੍ਰੇਣੀਬੱਧਤਾ ਦੇ ਲਈ ਸਿਧਾਂਤਾਂ ਦਾ ਨਿਰਧਾਰਨ ਕਰਨਾ, (ii) ਸ਼੍ਰੇਣੀਆਂ ਵਿਚਕਾਰ ਸੰਕਲਪ ਕ੍ਰਮ;, ਅਤੇ (iii) ਸੰਕਲਪਾਂ ਦਾ ਆਪਸ ਵਿੱਚ ਸੰਬੰਧ।

ਸੀ.ਆਰ.ਜੀ. ਇਸ ਨਤੀਜੇ 'ਤੇ ਪਹੁੰਚੀ ਕਿ ਕੁਝ ਸਿਧਾਂਤਾਂ ਦੀ ਖੋਜ ਇਸ ਕਰਕੇ ਹੋਈ ਹੈ, ਜਿਹੜੇ ਕਿ ਇੱਕ ਸਾਧਾਰਨ ਸਕੀਮ ਵਿੱਚ ਵਿਸ਼ਾ ਨਿਰਧਾਰਤ ਕਰਦੇ ਸਮੇਂ ਉਪਜੀਆਂ ਮੁਸ਼ਕਿਲਾਂ ਦਾ ਹੱਲ ਲੱਭ ਸਕਦੀਆਂ ਹਨ ਅਤੇ ਇਸ ਵਿੱਚ ਦੋ ਵਰਗੀਕ੍ਰਿਤ ਸ਼ਬਦ-ਕੋਸ਼ ਬਣਾਉਣੇ ਜ਼ਰੂਰੀ ਹੋਣਗੇ, ਜਿਨ੍ਹਾਂ ਵਿੱਚੋਂ ਇੱਕ ਇਸਦੀ ਹੋਂਦ ਲਈ ਅਤੇ ਦੂਜੀ ਇਸਦੀ ਵਿਸ਼ੇਸ਼ਤਾ ਲਈ ਜਿਹੜੀ ਕਿ ਉਪਰੋਕਤ ਦਿੱਤੇ ਗਏ ਸਿਧਾਂਤਾਂ ਅਨੁਸਾਰ ਬਣਾਈ ਗਈ ਹੈ। ਵਰਗੀਕਰਣ ਸ਼ਬਦ-ਕੋਸ਼ਾਂ ਵਿੱਚੋਂ ਸ਼ਬਦ ਚੁਣੇਗਾ ਅਤੇ ਉਸਨੂੰ ਅੰਕਨ ਦੇ ਅਨੁਸਾਰ ਉਨ੍ਹਾਂ ਵਿੱਚ ਸੰਬੰਧ ਜੋੜੇਗਾ ਜਿਸਨੂੰ ਕਿ ਆਸਟਿਨ ਨੇ ਵਿਕਸਿਤ ਕੀਤਾ ਸੀ।

ਪ੍ਰਾਰੰਭਿਕ ਹਾਲਤਾਂ ਵਿੱਚ ਸੀ.ਆਰ.ਜੀ. ਦਾ ਮੁੱਖ ਉਦੇਸ਼ ਅਲੱਗ-ਅਲੱਗ ਮੰਤਵਾਂ ਦੇ ਹੱਲ ਲਈ ਇੱਕ ਸਾਧਾਰਨ ਅਤੇ ਯੋਗ ਵਰਗੀਕਰਣ ਸਕੀਮ ਬਣਾਉਣਾ ਸੀ, ਜਿਹੜਾ ਕਿ ਸ਼ੈਲਵਿੰਗ, ਵਰਗੀਕ੍ਰਿਤ ਪੁਸਤਕ ਸੂਚੀ, ਅਤੇ ਸੂਚਨਾ ਪ੍ਰਾਪਤੀ ਦੇ ਕੰਮਾਂ ਵਿੱਚ ਸਹਾਇਤਾ ਕਰਨ ਦੇ ਕੰਮ ਵਿੱਚ ਆਏ, ਪਰ ਫਿਰ ਵੀ ਇਸ ਵਿੱਚ ਸਰਲਤਾ ਵੇਖਣ ਨੂੰ ਨਹੀਂ ਮਿਲਦੀ, ਕਿਉਂਕਿ ਇਹ ਅਲੱਗ-ਅਲੱਗ ਮੰਤਵਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ ਹੈ।

(F) **ਥਿਊਰੀ ਆਫ਼ ਇਨਟੇਗਰੇਟਿਵ ਲੈਵਲ ਫ਼ਾਰ ਆਟੋਮੇਟਡ ਰਿਟ੍ਰੀਵਲ ਸਿਸਟਮ :-** ਸੀ.ਆਰ.ਜੀ. ਦਾ ਇਹ ਵਿਸ਼ਵਾਸ ਹੈ ਕਿ ਕੋਈ ਵੀ ਵਰਗੀਕਰਣ ਸਕੀਮ ਕੰਪਿਊਟਰ ਸੂਚਨਾ ਪ੍ਰਾਪਤੀ

ਦੇ ਯੋਗ ਨਹੀਂ ਹੈ। ਇਸ ਕਰਕੇ ਇਹ ਫੈਸਲਾ ਲਿਆ ਗਿਆ ਕਿ ਸਵੈਚਾਲਿਤ ਸੂਚਨਾ ਮੁੜ-ਪ੍ਰਾਪਤੀ ਲਈ ਯੂ.ਕੇ. ਮਾਰਕ (UKMARK) ਦੀ ਸਹਾਇਤਾ ਨਾਲ ਇੱਕ ਸਾਧਾਰਨ ਵਰਗੀਕਰਣ ਸਕੀਮ ਬਣਾਈ ਜਾਵੇ ਜੋ ਕਿ ਕੰਪਿਊਟਰ ਉਪਰ ਚੱਲਣ ਦੇ ਯੋਗ ਹੋਵੇ। ਏਕੀਕਰਣ ਯੋਗ ਪੱਧਰਾਂ ਦੀ ਥਿਊਰੀ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ; ਅਤੇ ਇਹ ਸੰਭਾਵਨਾ ਹੈ ਕਿ ਇਸਦੀ ਵਰਤੋਂ ਸੰਕਲਪਾਂ ਨੂੰ ਸਾਧਾਰਨ ਵਰਗੀਕਰਣ ਸਕੀਮ ਵਿੱਚ ਤਰਤੀਬਣ ਲਈ ਕੀਤੀ ਜਾਵੇਗੀ। ਏਕੀਕਰਣ ਯੋਗ ਪੱਧਰਾਂ ਦਾ ਇਹ ਵਿਚਾਰ ਸੀ.ਆਰ.ਜੀ. ਦੇ ਮੈਂਬਰਾਂ ਦੁਆਰਾ ਹੋਂਦ ਵਿੱਚ ਲਿਆਂਦਾ ਗਿਆ ਜਿਹੜਾ ਇੱਕ ਕਾਗਜ਼ ਉਪਰ ਲਿਖਿਆ ਗਿਆ ਸੀ, ਅਤੇ ਇਸਨੂੰ ਇੱਕ ਖਰੜੇ ਦੇ ਰੂਪ ਵਿੱਚ ਸਾਰੇ ਮੈਂਬਰਾਂ ਤੱਕ 1959 ਵਿੱਚ ਪਹੁੰਚਾਇਆ ਗਿਆ। ਇਸਦਾ ਇੱਕ ਸੋਧਿਆ ਹੋਇਆ ਰੂਪ 1962 ਈ. ਵਿੱਚ ''ਸੇਅਰਜ਼ ਮੈਮੋਰੀਅਲ ਵਾਲਯੂਮ'' ਵਿੱਚ ਦਿੱਤਾ ਗਿਆ।

ਏਕੀਕਰਣ ਯੋਗ ਪੱਧਰਾਂ ਦਾ ਇਹ ਸਿਧਾਂਤ ਸੀ.ਆਰ.ਜੀ. ਦੇ ਮੈਂਬਰਾਂ ਦੁਆਰਾ 1950ਵੇਂ ਦੇ ਅਖ਼ੀਰ ਵਿੱਚ ਵਿਚਾਰਿਆ ਗਿਆ, ਜਿਹੜਾ ਕਿ ''ਜੋਸਫ ਨਿਧਾਮ ਦੇ ਹਰਬਰਟ ਸਪੈਂਸਰ ਲੈਕਚਰ ਜਿਹੜਾ ਕਿ 1937 ਈ. ਵਿੱਚ ਆਕਸਫੋਰਡ ਯੂਨੀਵਰਸਿਟੀ ਵਿਖੇ ਦਿੱਤਾ ਗਿਆ ਸੀ, ਉਪਰ ਆਧਾਰਿਤ ਸੀ।'' ਜੋਸਫ ਨਿਧਾਮ ਗਿਆਨ ਜਗਤ ਵਿੱਚ ਜਟਿਲਤਾ ਅਤੇ ਸੰਗਠਨ ਦੇ ਮਾਪਦੰਡਾਂ ਦੇ ਰੂਪ ਦੇ ਕ੍ਰਮਾਨੁਸਾਰ ਦਾ ਹਵਾਲਾ ਦਿੰਦਾ ਹੈ। ਇਸ ਸੰਦਰਭ ਵਿੱਚ ਫਾਸਕੇਟ ਦੇ ਅਨੁਸਾਰ ਏਕੀਕਰਣਯੋਗ ਪੱਧਰਾਂ ਦਾ ਸਿਧਾਂਤ ''ਇਹ ਵਸਤੂਆਂ ਦਾ ਉਹ ਸੰਸਾਰ ਹੈ ਜੋ ਕਿ ਆਸਾਨ ਤੋਂ ਮੁਸ਼ਕਿਲ ਵੱਲ ਆਪਣੇ ਸੁਭਾਅ ਅਨੁਸਾਰ ਚਲਦਾ ਹੈ, ਅਤੇ ਜਿਹੜਾ ਇੱਕ ਪਾਰੰਪਰਿਕ ਸਤਰ 'ਤੇ ਇਹ ਸਮੂਹ ਜਟਿਲਤਾ ਦੀ ਇੱਕ ਅਜਿਹੀ ਹਾਲਤ ਵਿੱਚ ਪਹੁੰਚ ਜਾਂਦੇ ਹਨ, ਜਿੱਥੇ ਇਹ ਸਮੁੱਚੇ ਰੂਪ ਵਿੱਚ ਆਪਣੀ ਨਿੱਜੀ ਅਤੇ ਨਿਵੇਕਲੀ ਪਛਾਣ ਸਥਾਪਿਤ ਕਰਦੇ ਹਨ।'' ਉਨ੍ਹਾਂ ਦਾ ਇਹ ਸਿਧਾਂਤ ਸਮੂਹਾਂ ਦੀ ਪਰੰਪਰਾ ਵਿੱਚ ਵਸਤੂਆਂ ਦੀ ਇੱਕ ਸੂਚੀ ਨੂੰ ਵੰਡਣ ਲਈ ਵਰਤਿਆ ਜਾ ਸਕਦਾ ਹੈ। ਜਿੱਥੇ ਹਰੇਕ ਇੱਕ ਉਸੇ ਪੱਧਰ 'ਤੇ ਸੰਗਠਨ ਦੇ ਮੈਂਬਰਾਂ ਦਾ ਸਮੂਹ ਹੁੰਦਾ ਹੈ, ਹਰੇਕ ਸਮੂਹ ਲਈ ਅਸੀਂ ਗੁਣ ਅਤੇ ਕਾਰਜਕ੍ਰਮ ਜੋੜ ਸਕਦੇ ਹਾਂ। ਨਤੀਜੇ ਵਜੋਂ ਇੱਕ ਪੈਟਰਨ ਬਣਦਾ ਹੈ, ਜਿਹੜਾ ਕਿ ਸੀ.ਸੀ. ਦੇ ਵਿਅਕਤੀਤਵ ਅਤੇ ਗੁਣ ਪਹਿਲੂਆਂ ਵਾਂਗ ਹੁੰਦਾ ਹੈ।

ਏਕੀਕਰਣਯੋਗ ਪੱਧਰਾਂ ਦੇ ਸਿਧਾਂਤ ਦੀਆਂ ਕੁਝ ਆਪਣੀਆਂ ਸੀਮਾਂਵਾਂ ਹਨ – ਆਮ ਸਿਸਟਮ ਦਾ ਸਿਧਾਂਤ ਵਿਗਿਆਨ ਦੇ ਫਿਲਾਸਫਰਾਂ ਜਿਵੇਂ ਐਲ.ਵਾਨ ਬਰਟਾਲਾਨਫੀ, ਐਰਵਿਨ ਲਾਸਜ਼ੋਲੋ, ਕੈਨਥ ਬੋਲਡਿੰਗ ਅਤੇ ਹੋਰਾਂ ਦੁਆਰਾ ਵਿਕਸਿਤ ਕੀਤਾ ਗਿਆ। ਇਨ੍ਹਾਂ ਨੇ ਵੀ ਸਮੁੱਚੇ ਪੱਧਰਾਂ ਦੇ ਸਿਧਾਂਤ ਨੂੰ ਹੂ-ਬ-ਹੂ ਰੂਪ ਦਿੱਤਾ ਅਤੇ ਇਸ ਲਈ ਹੋਰ ਵਧੇਰੇ ਪ੍ਰਭਾਵਸ਼ੀਲ ਨਿਯਮ ਅਤੇ ਕਾਨੂੰਨ ਪੇਸ਼ ਕੀਤੇ ਜੋ ਕਿ ਵੱਖ-ਵੱਖ ਤੱਤਾਂ ਵਿਚਕਾਰ ਤਾਲਮੇਲ ਪੈਦਾ ਕਰਦੇ ਹਨ।

ਏਕੀਕਰਣਯੋਗ ਪੱਧਰਾਂ ਦਾ ਸਿਧਾਂਤ ਕੁਦਰਤੀ ਵਿਗਿਆਨ ਅਤੇ ਹੋਰ ਖੇਤਰਾਂ ਦੀਆਂ ਮੁੱਖ ਸ਼੍ਰੇਣੀਆਂ ਦੇ ਸ਼ੈਡਿਊਲਾਂ ਦੀ ਅਗਵਾਈ ਕਰਦਾ ਹੈ। ਇਹ ਸਾਨੂੰ ਅਲੱਗ-ਅਲੱਗ ਮੁੱਢਲੀਆਂ ਸ਼੍ਰੇਣੀਆਂ ਦੇ ਸਿਰਲੇਖਾਂ ਦੀ ਸੂਚੀ ਪ੍ਰਦਾਨ ਕਰਦਾ ਹੈ। ਇੱਥੇ ਉਪਰੋਕਤ ਤੋਂ ਪ੍ਰਾਪਤ ਹਰ ਇੱਕ ਖਿਤਾਬ ਨੂੰ ਇਨ੍ਹਾਂ ਗਤੀਵਿਧੀਆਂ ਵਿੱਚ ਸ਼ਾਮਿਲ ਕਰਨ ਦੀ ਲੋੜ ਹੈ। ਇਸ ਸੰਦਰਭ ਵਿੱਚ ਜੇ.ਏ. ਫੈਰਾਨਡੇ ਦੇ ਸੰਬੰਧਕ ਮੁਲਾਂਕਣ ਰਾਹੀਂ ਪਹੁੰਚ ਬਣਾਈ ਜਾ ਸਕਦੀ ਹੈ।

ਇਸ ਪ੍ਰਕਾਰ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਏਕੀਕਰਣਯੋਗ ਪੱਧਰਾਂ ਦੇ ਸਿਧਾਂਤ ਨੂੰ ਸਿਰਲੇਖ ਨਿਰਧਾਰਣ ਕਰਨ ਲਈ ਅਤੇ ਸ਼੍ਰੇਣੀਆਂ ਵਿਚਕਾਰ ਸੰਕਲਪਾਂ ਨੂੰ ਸਹੀ ਤਰੀਕੇ ਨਾਲ ਤਰਤੀਬਣ ਲਈ ਵਰਤਿਆ ਜਾ ਸਕਦਾ ਹੈ। ਇਹ ਸਿਧਾਂਤ ਵੇਖਣ ਨੂੰ ਤਾਂ ਬੜੇ ਦਿਲ ਖਿੱਚਵੇਂ ਲੱਗਦੇ ਹਨ, ਪਰ ਇਸਦਾ ਪ੍ਰਯੋਗਿਕ ਮੁੱਲ ਅਜੇ ਤੈਅ ਨਹੀਂ ਕੀਤਾ ਗਿਆ, ਅਤੇ ਸਾਹਮਣੇ ਆਉਣਾ ਹੈ, ਪਰ ਇਹ ਗਤੀਵਿਧੀਆਂ ਅਤੇ ਪ੍ਰਕਿਰਿਆਵਾਂ ਜਾਂ ਕਾਰਵਾਈਆਂ ਅਤੇ ਗੁਣ ਨਿਰਧਾਰਨ ਕਰਨ ਲਈ ਨਹੀਂ ਵਰਤੀ ਜਾ ਸਕਦੀ। ਫੈਰਾਡੇਨ ਦੇ ਸੰਬੰਧਕ-ਚਾਲਕ (Relational Operators) ਕਾਰਵਾਈਆਂ ਅਤੇ ਪ੍ਰਕਿਰਿਆਵਾਂ ਮੁਲਾਂਕਣ ਜ਼ਿਆਦਾ ਮਦਦਗਾਰ ਸਾਬਿਤ ਹੋਏ ਹਨ। ਕੁਝ ਵੀ ਹੋਵੇ, ਏਕੀਕਰਣ

ਯੋਗ ਪੱਧਰਾਂ ਦੇ ਸਿਧਾਂਤ ਅਤੇ ਸੰਬੰਧਤ ਮੁਲਾਂਕਣ ਦੇ ਵਿਚਾਰ ਨੂੰ ਚੰਗੀ ਤਰ੍ਹਾਂ ਘੋਖਣ ਦੀ ਲੋੜ ਹੈ ਤਾਂ ਜੋ ਕਿਸੇ ਪੱਕੇ ਨਤੀਜੇ ਉਪਰ ਪਹੁੰਚਿਆ ਜਾ ਸਕੇ।

(G) **ਪ੍ਰੈਸੀਜ਼ (PRECIS - Preserved Context Indexing System) :–** ਪ੍ਰੈਸੀਜ਼ ਸਾਧਾਰਨ ਵਰਗੀਕਰਣ ਪ੍ਰਣਾਲੀਆਂ ਬਾਰੇ ਨਿਰੰਤਰ ਖੋਜ ਦਾ ਉਪਫਲ ਹੈ। ਪ੍ਰੈਸੀਜ਼ ਪਹਿਲੂਆਤਮਕ ਵਰਗੀਕਰਣ ਦੇ ਸਿਧਾਂਤਾਂ 'ਤੇ ਆਧਾਰਿਤ ਹੈ। ਇਸਨੂੰ ਵਿਕਸਿਤ ਕਰਨ ਦਾ ਸਿਹਰਾ ਡੈਰੇਕ ਆਸਟਿਨ ਦੇ ਸਿਰ ਜਾਣਾ ਚਾਹੀਦਾ ਹੈ। ਸੰਨ 1971 ਤੋਂ ''ਬ੍ਰਿਟਿਸ਼ ਨੈਸ਼ਨਲ ਬਿਬਲਿਓਗ੍ਰਾਫੀ'' ਵਿੱਚ ਇਸਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਬ੍ਰਿਟਿਸ਼ ਮਾਰਕ (MARC) ਅਤੇ ਹੋਰ ਦੂਜੀਆਂ ਬਿਬਲਿਓਗ੍ਰਾਫੀਆਂ ਦੁਆਰਾ ਵੀ ਵਰਤੀ ਜਾ ਰਹੀ ਹੈ। ਫੈਰਾਡੇਨ ਦੇ ਵਿਚਾਰਾਂ ਨੇ ਆਸਟਿਨ ਦੇ ਕੰਮ ਨੂੰ ਪ੍ਰਭਾਵਿਤ ਕੀਤਾ ਹੈ।

(H) **ਬਹੁਮੰਤਵੀ ਗਤੀਵਿਧੀਆਂ :–** 1970 ਈ. ਤੋਂ ਲੈਕੇ ਸੀ.ਆਰ.ਜੀ. ਹੇਠ ਲਿਖੇ ਖੇਤਰਾਂ ਵਿੱਚ ਸੁਚੱਜੇ ਤਰੀਕੇ ਨਾਲ ਆਪਣਾ ਯੋਗਦਾਨ ਪਾ ਰਹੀ ਹੈ :–

- (a) ਐਚ.ਈ. ਬਲਿੱਸ ਦੇ ''ਬਿਬਲਿਓਗ੍ਰਾਫਿਕ ਕਲਾਸੀਫਿਕੇਸ਼ਨ ਦੀ ਸੋਧ।''
- (b) ਬ੍ਰਾਡ ਸਿਸਟਮ ਆਫ਼ ਆਰਡਰਿੰਗ (BSO) ਦਾ ਵਿਕਾਸ ਕਰਨਾ।
- (c) ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਉਪਰ ਵਰਗੀਕਰਣ ਪ੍ਰਣਾਲੀ ਤਿਆਰ ਕਰਨਾ।
- (d) ਪ੍ਰੈਸੀਜ਼ (Precis) ਦਾ ਵਿਕਾਸ ਕਰਨਾ।

ਸੀ.ਆਰ.ਜੀ. ਇਸ ਤੋਂ ਇਲਾਵਾ ਵਿਸ਼ੇਸ਼ ਵਰਗੀਕਰਣ ਪ੍ਰਣਾਲੀਆਂ ਨੂੰ ਵੀ ਉਤਸ਼ਾਹਿਤ ਕਰ ਰਹੀ ਹੈ। ਜਿਵੇਂ :–

- (a) ਫੈਰਾਡੇਨ ਦੀ ਡਾਇਮੰਡ ਟੈਕਨਾਲੋਜੀ ਲਈ ਸਕੀਮ।
- (b) ਫਾਸਕਿਟ ਦੀ ਕੰਮ-ਧੰਦਾ ਬਚਾਅ ਅਤੇ ਸਿਹਤ (Occupational Safety ਅਤੇ Health) ਲਈ ਸਕੀਮ।
- (c) ਵਿਕਰੀ ਦੀ ਹਵਾਬਾਜ਼ੀ (Aironautics) ਲਈ ਸਕੀਮ।

ਸੀ.ਆਰ.ਜੀ. ਦੇ ਮੈਂਬਰ ਵੱਡੀ ਮਾਤਰਾ ਵਿੱਚ ਵਿਸ਼ੇਸ਼ ਖੇਤਰਾਂ ਲਈ ਲਗਾਤਾਰ ਵਿਸ਼ੇਸ਼ ਵਰਗੀਕਰਣ ਪ੍ਰਣਾਲੀਆਂ ਤਿਆਰ ਕਰਨ ਵਿੱਚ ਰੁੱਝੇ ਹੋਏ ਹਨ। ਬਹੁਤਾ ਕੁਝ ਕਰਨ ਲਈ ਅਜੇ ਰਹਿੰਦਾ ਹੈ।

ਸੀ.ਆਰ.ਜੀ. ਅੱਖਰਕ੍ਰਮ ਵਿਸ਼ਾ ਸੂਚੀ ਦੀ ਬਜਾਏ ਸੰਕਲਪਾਂ ਦੇ ਕ੍ਰਮਾਨੁਸਾਰ ਪ੍ਰਬੰਧ ਉਪਰ ਆਪਣਾ ਧਿਆਨ ਵਧੇਰੇ ਕੇਂਦਰਤ ਕਰ ਰਹੀ ਹੈ। ਇਸਨੇ ਅਜੇ ਤੱਕ ਆਪਣੇ ਏਕੀਕਰਣ-ਯੋਗ ਪੱਧਰਾਂ ਦੇ ਸਿਧਾਂਤ ਦੇ ਵਿਚਾਰ ਨੂੰ ਵੀ ਨਹੀਂ ਤਿਆਗਿਆ ਹੈ।

## ਸੀ.ਆਰ.ਜੀ. ਅਤੇ ਰੰਗਾਨਾਥਨ :

ਸੀ.ਆਰ.ਜੀ. ਦੇ ਮੈਂਬਰਾਂ ਅਤੇ ਰੰਗਾਨਾਥਨ ਦੀ ਪਹੁੰਚ ਵਿਚਕਾਰ ਕੁਝ ਮੁੱਢਲੇ ਅੰਤਰ ਹਨ, ਜੋ ਇਸ ਪ੍ਰਕਾਰ ਹਨ :–

(i) ਸੀ.ਆਰ.ਜੀ. ਦੇ ਮੈਂਬਰ ਇਹ ਵਿਸ਼ਵਾਸ ਕਰਦੇ ਹਨ ਕਿ ਸ਼੍ਰੇਣੀਆਂ ਦੀ ਗਿਣਤੀ ਵਿਸ਼ੇ ਉਪਰ ਨਿਰਭਰ ਕਰਦੀ ਹੈ, ਜਦੋਂ ਕਿ ਰੰਗਾਨਾਥਨ ਇਹ ਵਿਸ਼ਵਾਸ ਕਰਦਾ ਹੈ ਕਿ ਸਾਰੇ ਪਹਿਲੂ (facets) ਪੰਜ ਮੁੱਢਲੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਇੱਕ ਸ਼੍ਰੇਣੀ ਵਿੱਚੋਂ ਖਾਸ ਤੌਰ 'ਤੇ ਉਪਜਿਆ ਹੋ ਸਕਦਾ ਹੈ, ਕਿਉਂਕਿ ਸਿਰਫ਼ ਅਤੇ ਸਿਰਫ਼ ਪੰਜ ਮੂਲ ਸ਼੍ਰੇਣੀਆਂ ਹੀ ਹਨ।

(ii) ਸੀ.ਆਰ.ਜੀ. ਦੇ ਮੈਂਬਰ ਸਪੈਸ਼ਲ ਸਕੀਮਾਂ ਦੀ ਰਚਨਾ ਕਰ ਰਹੇ ਹਨ, ਜਿਹੜੀਆਂ ਕਿ ਸਾਧਾਰਣ ਵਰਗੀਕਰਣ ਸਕੀਮ ਨਾਲੋਂ ਬਿਲਕੁਲ ਅਲੱਗ ਅਤੇ ਆਜ਼ਾਦ ਹਨ। ਦੂਜੇ ਪਾਸੇ ਰੰਗਾਨਾਥਨ ਦੇ ਵਿਚਾਰ ਅਨੁਸਾਰ ਇੱਕ ਸਾਧਾਰਣ ਵਰਗੀਕਰਣ ਸਕੀਮ ਸਭ ਮੰਤਵਾਂ ਲਈ ਵਰਤੀ ਜਾਣੀ ਚਾਹੀਦੀ ਹੈ ਅਤੇ ਵਿਸ਼ੇਸ਼ ਵਰਗੀਕਰਣ ਨੂੰ ਵਿਆਪਕ ਸਾਰਣੀਆਂ ਤਿਆਰ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ ਜਾਂ ਵਿਸ਼ੇਸ਼ ਵਰਗੀਕਰਣ ਸਕੀਮ ਇੱਕ ਸਾਧਾਰਣ ਵਰਗੀਕਰਣ ਸਕੀਮ ਦਾ ਵਾਧਾ ਕੀਤਾ ਗਿਆ ਰੂਪ ਹੋਣੀ ਚਾਹੀਦੀ ਹੈ।

(iii) ਸੀ.ਆਰ.ਜੀ. ਦੇ ਮੈਂਬਰ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਦੋ ਸਕੀਮਾਂ ਦੀ ਜ਼ਰੂਰਤ ਹੈ, ਇੱਕ ਸ਼ੈਲਫ਼

ਪ੍ਰਬੰਧ ਲਈ, ਅਤੇ ਦੂਜੀ ਕੰਪਿਊਟਰੀਕ੍ਰਿਤ ਸੂਚਨਾ ਮੁੜ-ਪ੍ਰਾਪਤੀ ਲਈ। ਪੱਛਮੀ ਸਾਹਿਤ ਵਿੱਚ ਹੋ ਰਹੇ ਲਗਾਤਾਰ ਵਾਧੇ ਨਾਲ ਇਹ ਲੱਗਦਾ ਹੈ ਕਿ ਇਹ ਸੰਭਵ ਨਹੀਂ ਕਿ ਸ਼ੈਲਫ ਉਪਰ ਪ੍ਰਲੇਖਾਂ ਦਾ ਪ੍ਰਬੰਧ ਕਰਨ ਲਈ, ਪ੍ਰਲੇਖਾਂ ਦਾ ਮੁਲਾਂਕਣ ਕਰਨ ਲਈ ਅਤੇ ਸੂਚਨਾ ਦੀ ਪ੍ਰਾਪਤੀ ਕਰਨ ਲਈ ਇੱਕ ਬਹੁ-ਮੰਤਵੀ ਯੂਨੀਵਰਸਲ ਸਕੀਮ ਨੂੰ ਇਜ਼ਾਦ ਕੀਤਾ ਜਾਵੇ। ਰੰਗਾਨਾਥਨ ਨੇ ਇਹ ਸੁਝਾਅ ਦਿੱਤਾ ਕਿ 'ਕੋਲਨ ਕਲਾਸੀਫਿਕੇਸ਼ਨ' ਵਰਗੀ ਸਕੀਮ ਨੂੰ ਆਸਾਨੀ ਨਾਲ ਇੱਕ ਬਹੁ-ਮੰਤਵੀ ਵਰਗੀਕਰਣ ਸਕੀਮ ਦੀ ਤਰ੍ਹਾਂ ਵਰਤਿਆ ਜਾ ਸਕਦਾ ਹੈ।

(iv) ਰੰਗਾਨਾਥਨ ਇਹ ਸੁਝਾਅ ਦਿੰਦਾ ਹੈ ਕਿ ਸ਼੍ਰੇਣੀਆਂ ਦਾ ਕ੍ਰਮ PMEST ਦੇ ਅਨੁਕੂਲ ਹੋਣਾ ਚਾਹੀਦਾ ਹੈ, ਜਦੋਂ ਕਿ CRG ਦੇ ਮੈਂਬਰਾਂ ਦੇ ਅਨੁਸਾਰ ਇਹ ਕ੍ਰਮ ਹਮੇਸ਼ਾ ਸਹਾਇਕ ਨਹੀਂ ਹੁੰਦਾ। ਉਨ੍ਹਾਂ ਨੇ ਆਪਣਾ ਖ਼ੁਦ ਦਾ ਕ੍ਰਮ ਇਜ਼ਾਦ ਕੀਤਾ।

(v) ਸੀ.ਆਰ.ਜੀ. ਮੈਂਬਰਾਂ ਨੇ ਗੈਰ-ਪਦ-ਕ੍ਰਮੀ ਅਤੇ ਪੂਰਵ-ਵਿਆਪੀ (Retroactive) ਸੰਕੇਤਨ ਦਾ ਪ੍ਰਯੋਗ ਸਫ਼ਲਤਾਪੂਰਵਕ ਕੀਤਾ।

### 1.2.4.1.3 ਨਿਚੋੜ :

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸੀ.ਆਰ.ਜੀ. ਦੇ ਮੈਂਬਰ ਰੰਗਾਨਾਥਨ ਦੁਆਰਾ ਇਜ਼ਾਦ ਕੀਤੇ ਗਏ ਵਿਚਾਰਾਂ ਤੋਂ ਬਹੁਤ ਦੂਰ ਚਲੇ ਗਏ ਹਨ। ਪਰ ਉਨ੍ਹਾਂ ਦੇ ਕੰਮ ਦਾ ਆਧਾਰ ਕਿਤੇ ਨਾ ਕਿਤੇ ਰੰਗਾਨਾਥਨ ਦੁਆਰਾ ਕੀਤੇ ਗਏ ਕੰਮਾਂ ਤੋਂ ਪ੍ਰਭਾਵਿਤ ਹੈ; ਅਤੇ ਉਨ੍ਹਾਂ ਨੇ ਰੰਗਾਨਾਥਨ ਦਾ ਕੁਝ ਨਾ ਕੁਝ ਪ੍ਰਭਾਵ ਜ਼ਰੂਰ ਗ੍ਰਹਿਣ ਕੀਤਾ ਹੈ। ਸੀ.ਆਰ.ਜੀ. ਨੂੰ ਅੰਤਰਰਾਸ਼ਟਰੀ ਭਾਈਚਾਰੇ ਨੂੰ ਰੰਗਾਨਾਥਨ ਦੇ ਵਿਚਾਰ ਦੇਣ ਲਈ ਵਧਾਈ ਦਿੱਤੀ ਜਾਣੀ ਚਾਹੀਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੀ.ਆਰ.ਜੀ. ਨੇ ਲਾਇਬ੍ਰੇਰੀ ਸਾਇੰਸ ਦੇ ਖੇਤਰ ਵਿੱਚ ਅਤੇ ਇਸ ਨਾਲ ਸੰਬੰਧਤ ਹੋਰ ਸਿੱਖਿਆ ਦੇ ਹੋਰ ਖੇਤਰਾਂ ਵਿੱਚ ਇੱਕ ਸ਼ਾਨਦਾਰ ਯੋਗਦਾਨ ਦਿੱਤਾ ਹੈ। ਸੀ.ਆਰ.ਜੀ. ਦੁਆਰਾ ਕੀਤਾ ਗਿਆ ਕੰਮ ਸਭ ਕਿਸੇ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ। ਗ੍ਰੇਟ ਬ੍ਰਿਟੇਨ ਅਤੇ ਹੋਰ ਦੇਸ਼ਾਂ ਵਿੱਚ ਇਸਨੇ ਖੋਜ, ਵਰਗੀਕਰਣ ਅਤੇ ਸੂਚਨਾ ਪ੍ਰਾਪਤੀ ਦੀ ਸਿੱਖਿਆ ਅਤੇ ਸਿਖਲਾਈ ਉਪਰ ਆਪਣਾ ਅਮਿੱਟ ਪ੍ਰਭਾਵ ਛੱਡਿਆ ਹੈ।

## 1.2.4.2 ਡਾਕੂਮੈਂਨਟੇਸ਼ਨ ਟ੍ਰੇਨਿੰਗ ਐਂਡ ਰੀਸਰਚ ਸੈਂਟਰ (DRTC, Bangalore, India)

**1.2.4.2.1 ਜਨਮ ਤੇ ਵਿਕਾਸ :–** ਡਾਕੂਮੈਨਟੇਸ਼ਨ ਟ੍ਰੇਨਿੰਗ ਐਂਡ ਰੀਸਰਚ ਸੈਂਟਰ (DRTC) ਦੀ ਸਥਾਪਨਾ ਜਨਵਰੀ, 1962 ਵਿੱਚ ਭਾਰਤੀ ਅੰਕੜਾ ਸੰਸਥਾਨ (ISI) ਬੰਗਲੌਰ ਦੀ ਇੱਕ ਇਕਾਈ ਵਜੋਂ ਹੋਈ।

ਸਮਾਜਿਕ ਤਾਕਤ ਦੇ ਨਤੀਜੇ ਵਜੋਂ ਡੀ.ਆਰ.ਟੀ.ਸੀ. ਨੂੰ ਵਿਕਸਿਤ ਕੀਤਾ ਗਿਆ। ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਨੇ ਭਾਰਤੀ ਅੰਕੜਾ ਸੰਸਥਾਨ (ISI) (1947) ਦੀ ਸਥਾਪਨਾ ਕੀਤੀ। ਉਸੇ ਸਾਲ ਡਾ. ਐਸ.ਆਰ. ਰੰਗਾਨਾਥਨ ਦੀ ਅਗਵਾਈ ਹੇਠ ਇੱਕ ਪ੍ਰਲੇਖਨ ਕਮੇਟੀ ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਸਿੱਖਿਆ ਮੰਤਰਾਲਾ, ਕੇਂਦਰੀ ਸਰਕਾਰ ਨੂੰ ਇੱਕ ਪ੍ਰਸਤਾਵ ਭੇਜਿਆ ਗਿਆ, ਜਿਸ ਵਿੱਚ ਇੱਕ ਰਾਸ਼ਟਰੀ ਪੱਧਰ ਦੇ ਪ੍ਰਲੇਖਨ ਕੇਂਦਰ ਦੀ ਸਥਾਪਨਾ ਦੀ ਮੰਗ ਕੀਤੀ ਗਈ, ਕਿਉਂਕਿ ਰਾਸ਼ਟਰੀ ਲੈਬਾਰਟਰੀਆਂ ਵਿੱਚ ਜੋ ਕੰਮ ਕੀਤੇ ਜਾ ਰਹੇ ਸਨ, ਉਨ੍ਹਾਂ ਵਾਸਤੇ ਪ੍ਰਲੇਖਨ ਸੇਵਾ ਦੀ ਬੇਹੱਦ ਲੋੜ ਮਹਿਸੂਸ ਕੀਤੀ ਗਈ। ਇਹ ਲੈਬਾਰਟਰੀਆਂ ਹਾਲ ਹੀ ਵਿੱਚ ਸਥਾਪਤ ਕੀਤੀਆਂ ਗਈਆਂ ਸਨ।

ਡਾ. ਕੇ.ਐਸ. ਕ੍ਰਿਸ਼ਨ (ਡਾਇਰੈਕਟਰ ਰਾਸ਼ਟਰੀ ਫਿਜ਼ੀਕਲ ਲੈਬਾਰਟਰੀ) ਅਤੇ ਡਾ. ਐਸ.ਆਰ. ਰੰਗਾਨਾਥਨ ਨੇ ਯੂਨੈਸਕੋ ਤੋਂ ਪ੍ਰਲੇਖਨ ਕੇਂਦਰ ਦੀ ਸਥਾਪਨਾ ਲਈ ਮਦਦ ਦੀ ਮੰਗ ਕੀਤੀ ਤਾਂ ਜੋ ਰਾਸ਼ਟਰੀ ਪੱਧਰ ਦੇ ਪ੍ਰਲੇਖਨ ਕੇਂਦਰ ਦੀ ਸਥਾਪਨਾ ਕੀਤੀ ਜਾ ਸਕੇ। ਇਸਦਾ ਨਤੀਜਾ ਇਹ ਹੋਇਆ ਕਿ ਸਤੰਬਰ 1951 ਈ. ਵਿੱਚ ਭਾਰਤੀ ਰਾਸ਼ਟਰੀ ਵਿਗਿਆਨਕ ਪ੍ਰਲੇਖਨ ਕੇਂਦਰ (INSDOC) ਦੀ ਸਥਾਪਨਾ ਹੋਈ।

### 1.2.4.2.2 ਗਤੀਵਿਧੀਆਂ :

**(A) ਲਾਇਬ੍ਰੇਰੀ ਵਰਗੀਕਰਣ ਦਾ ਵਿਕਾਸ :**

ਡੀ.ਆਰ.ਟੀ.ਸੀ. ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਇਹ ਸੰਸਥਾ ਲਾਇਬ੍ਰੇਰੀ ਵਰਗੀਕਰਣ ਦੇ ਖੇਤਰ ਵਿੱਚ ਵੱਖ-ਵੱਖ ਪੱਧਰਾਂ ਉਪਰ ਹੋ ਰਹੀ ਖੋਜ ਨੂੰ ਉਚੇਚੇ ਤੌਰ 'ਤੇ ਉਤਸ਼ਾਹਿਤ ਕਰ ਰਹੀ ਹੈ। ਇਹ ਪੱਧਰ ਹਨ:-

(a) **ਪੁਨਰ-ਖੋਜ ਦਾ ਵਿਕਾਸ :-** ਗਹਿਨ (Depth) ਵਰਗੀਕਰਣ ਸ਼ੈਡਿਊਲ ਤਿਆਰ ਕਰਨਾ ਅਤੇ ਵਿਕਾਸ ਕਰਨਾ।

(b) **ਮੁੱਢਲੀ ਖੋਜ (Research) :-** ਮੁੱਢਲੀ ਖੋਜ ਦੇ ਖੇਤਰ ਵਿੱਚ ਗਤੀਵਿਧੀਆਂ, ਜਿਸ ਵਿੱਚ ਪਾਸਟੂਲੇਟ ਸਿਧਾਂਤ ਅਤੇ ਮੈਥਾਡੋਲੋਜੀ ਸ਼ਾਮਿਲ ਹੈ।

(c) **ਕ੍ਰਮਾਨੁਸਾਰ ਪ੍ਰੀਖਣ :-** ਕ੍ਰਮਾਨੁਸਾਰ ਪ੍ਰੀਖਣ ਦੇ ਖੇਤਰ ਵਿੱਚ ਡੀ.ਆਰ.ਟੀ.ਸੀ. ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਵਿਕਸਿਤ ਕੀਤੀਆਂ ਗਈਆਂ ਗਹਿਨ ਸੂਚੀਆਂ (Depth Schedules) ਦਾ ਪ੍ਰੀਖਣ ਅਤੇ ਵਾਧੇ ਪ੍ਰਭਾਵਿਤ ਹੋਏ ਹਨ।

ਡੀ.ਆਰ.ਟੀ.ਸੀ. ਦਾ ਸਟਾਫ਼ ਵਰਗੀਕਰਣ ਅਤੇ ਇਸ ਨਾਲ ਸਬੰਧਤ ਖੇਤਰਾਂ ਉਪਰ ਖੋਜ ਵਿੱਚ ਬਹੁਤ ਹੀ ਉਚੇਚੇ ਤਰੀਕੇ ਨਾਲ ਰੁਝਿਆ ਹੋਇਆ ਹੈ। ਐਸ.ਆਰ. ਰੰਗਾਨਾਥਨ, ਏ ਨੀਲ ਮੇਘਨ, ਐਮ.ਏ ਗੋਪੀਨਾਥ ਤੇ ਐਸ. ਸੀਤਾਰਾਮ ਨੇ ਲਾਇਬ੍ਰੇਰੀ ਵਰਗੀਕਰਣ ਦੇ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਉਪਰੋਕਤ ਦਿੱਤੇ ਗਏ ਖੇਤਰਾਂ ਤੋਂ ਇਲਾਵਾ ਇੱਕ ਹੋਰ ਖੇਤਰ ਹੈ, ਉਹ ਹੈ – ਕੰਪਿਊਟਰ ਐਪਲੀਕੇਸ਼ਨ। ਡੀ.ਆਰ.ਟੀ.ਸੀ. (ਹੁਣ ਇਸ ਕੰਮ ਲਈ ਇੱਕ ਆਯੋਗ ਕੰਮ ਕਰ ਰਿਹਾ ਹੈ), ਹੁਣ ਰੰਗਾਨਾਥਨ ਦੀ ''ਕੋਲਨ ਕਲਾਸੀਫਿਕੇਸ਼ਨ ਦਾ ਰਿਵੀਜ਼ਨ ਦਾ ਕੰਮ ਚੱਲ ਰਿਹਾ ਹੈ, ਅਤੇ ਵਿਆਪਕ ਅਨੁਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।

**(B) ਗਹਿਨ ਸਾਰਣੀਆਂ (Depth Schedules) :**

1963 ਤੋਂ 1967 ਈ. ਦੇ ਵਿਚਕਾਰ ਡੀ.ਆਰ.ਟੀ.ਸੀ. ਨੇ 50 ਦੇ ਕਰੀਬ ਅਲੱਗ-ਅਲੱਗ ਵਿਸ਼ਾ ਖੇਤਰਾਂ ਉਪਰ ਗਹਿਨ ਵਰਗ ਸਾਰਣੀਆਂ ਬਣਾਈਆਂ।

1967–1973 ਈ. ਦੇ ਦੌਰਾਨ 71 ਗਹਿਨ ਵਰਗ ਸਾਰਣੀਆਂ ਦੀ ਰੂਪਰੇਖਾ ਬਣਾਈ ਅਤੇ ਉਨ੍ਹਾਂ ਨੂੰ ਵਿਕਸਿਤ ਕੀਤਾ।

ਇਸ ਪ੍ਰਕਾਰ ਦੇ ਤਜਰਬਿਆਂ ਨਾਲ ਗਹਿਨ ਵਰਗ ਸੂਚੀਆਂ ਬਣਾਉਣ ਦੇ ਕੰਮ ਵਿੱਚ ਹੋਰ ਜ਼ਿਆਦਾ ਨਿਖਾਰ ਆਇਆ। 1973 ਈ. ਤੱਕ ਡੀ.ਆਰ.ਟੀ.ਸੀ. 122 ਗਹਿਨ ਵਰਗ ਸੂਚੀਆਂ ਬਣਾ ਚੁੱਕਾ ਸੀ। ਵਰਗੀਕਰਣ ਸਕੀਮਾਂ ਦੀ ਰੂਪ-ਰੇਖਾ ਬਣਾਉਣ ਦਾ ਢੰਗ-ਤਰੀਕਾ ਅਜੇ ਡੀ.ਆਰ.ਟੀ.ਸੀ. ਵਿਖੇ ਵਿਕਸਿਤ ਹੋ ਰਿਹਾ ਹੈ। ਮੁੱਢਲਾ ਢੰਗ-ਤਰੀਕਾ ਜੋ ਕਿ 1960 ਦੌਰਾਨ ਅਪਣਾਇਆ ਗਿਆ ਸੀ, ਉਸੇ ਪ੍ਰਕਾਰ ਹੈ, ਪਰ ਤਜਰਬੇ 'ਤੇ ਆਧਾਰਤ ਕੁਝ ਛੋਟੇ-ਛੋਟੇ ਵਾਧੇ ਸਮੇਂ-ਸਮੇਂ ਉਪਰ ਕੀਤੇ ਜਾਂਦੇ ਰਹੇ ਹਨ। ਇਸ ਸੰਦਰਭ ਵਿੱਚ ਸਭ ਤੋਂ ਵੱਡਾ ਕੰਮ ਜਿਹੜਾ ਹੋ ਰਿਹਾ ਹੈ, ਉਹ ਹੈ – ਅੰਕਨ ਤਕਨੀਕਾਂ ਨੂੰ ਵਿਕਸਤ ਕਰਨ ਦਾ ਕੰਮ, ਤਾਂ ਜੋ ਅੰਕਨ ਸਤਰ ਉਪਰ, ਵਿਚਾਰ ਸਤਰ ਦੀ ਖੋਜ ਨੂੰ ਲਾਗੂ ਕੀਤਾ ਜਾਵੇ।

ਹੁਣ ਆਮ (Normative) ਸਿਧਾਂਤਾਂ ਉਪਰ ਆਧਾਰਿਤ ਅੰਕਨ ਸਿਸਟਮ ਦੀ ਥਿਊਰੀ ਨੂੰ ਵਿਕਸਤ ਕਰਨਾ ਸੰਭਵ ਹੋਣਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਇਹ ''ਅੰਕਨ ਦੀ ਏਕਤਾ'' ਸਿਧਾਂਤ ਦੇ ਅਨੁਸਾਰ ਕੰਮ ਕਰੇ।

ਗਹਿਨ ਵਰਗ ਸੂਚੀਆਂ ਵੱਖ-ਵੱਖ ਵਿਸ਼ਿਆਂ ਲਈ ''ਕੋਲਨ ਕਲਾਸੀਫਿਕੇਸ਼ਨ'' ਪ੍ਰਣਾਲੀ ਤੇ ਆਧਾਰਿਤ ਹਨ। ਇਸ ਵਿੱਚ ਵੱਖ-ਵੱਖ ਵਰਗ ਜਿਵੇਂ – Production, Engineering, Gear, Locomotives, Screw, Nut, Bearing, Combustion, Engines, Banking, Library Science, Food Technology, Solar Energy ਆਦਿ ਸਮਿਲਿਤ ਹਨ। ਇਹ ਸਮੇਂ-ਸਮੇਂ 'ਤੇ ''ਲਾਇਬ੍ਰੇਰੀ ਸਾਇੰਸ ਵਿਦ ਸਲਾਂਟ ਟੂ ਡਾਕੂਮੈਨਟੇਸ਼ਨ'' ਨਾਂ ਦੀ ਮੈਗਜ਼ੀਨ ਵਿੱਚ ਛਪਦੇ ਰਹੇ ਹਨ। ਇਹ ਮੈਗਜ਼ੀਨ ਡੀ.ਆਰ.ਟੀ.ਸੀ. ਵੱਲੋਂ ਸਾਰਦਾ ਰੰਗਾਨਾਥਨ ਐਨਡੋਵਮੈਂਟ ਫ਼ਾਰ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਦੇ ਸਹਿਯੋਗ ਨਾਲ ਤਿਮਾਹੀ ਛਾਪਿਆ ਜਾਂਦਾ ਹੈ।

**(C) ਕੰਪਿਊਟਰਾਈਜ਼ਡ ਡੋਕ ਫਾਈਂਡਰ (Doc Finder) :**

ਲਗਾਤਾਰ ਹੋ ਰਹੇ ਤਜਰਬਿਆਂ ਦੀ ਬਦੌਲਤ ਇੱਕ ਖ਼ਾਸ ਮੰਤਵ ਲਈ ਕੰਪਿਊਟਰਾਈਜ਼ਡ ਪ੍ਰਲੇਖ ਖੋਜ ਤਕਨੀਕ ਦੀ ਰੂਪ-ਰੇਖਾ ਤਿਆਰ ਕੀਤੀ ਗਈ ਜਿਸਨੂੰ ''ਡੋਕ ਫਾਇੰਡਰ'' ਦਾ ਨਾਮ ਦਿੱਤਾ। ਕੰਪਿਊਟਰਾਂ

ਦੇ ਸਹਿਯੋਗ ਨਾਲ ''ਕੋਲਨ ਕਲਾਸੀਫਿਕੇਸ਼ਨ'' ਵਿੱਚ ਮੁਕਤ ਪਹਿਲੂ ਅੰਕਾਂ ਨਾਲ ਕਲਾਸ ਨੰਬਰਾਂ ਦਾ ਮੁਲਾਂਕਣ ਕੀਤਾ ਗਿਆ। ਇਕ ਸੂਚਨਾ ਪ੍ਰਾਪਤੀ ਸਿਸਟਮ ਜਿਹੜਾ ਕਿ ''ਕੋਲਨ ਕਲਾਸੀਫਿਕੇਸ਼ਨ'' ਉਪਰ ਆਧਾਰਤ ਹੈ, ਦੇ ਬਣਾਏ ਜਾਣ ਦੀ ਜਾਣਕਾਰੀ ਮਿਲੀ ਹੈ ਅਤੇ ਇਸਦਾ ਕੰਮ ਉਨਤੀ 'ਤੇ ਹੈ।

**(D) ਪ੍ਰਕਾਸ਼ਨ :**

ਡੀ.ਆਰ.ਟੀ.ਸੀ. ਨੇ ''ਸਾਰਦਾ ਰੰਗਾਨਾਥਨ ਐਨਡੋਮੈਂਟ ਫਾਰ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ'' ਦੀ ਸਹਾਇਤਾ ਨਾਲ 1964 ਵਿੱਚ ਇੱਕ ਤਿਮਾਹੀ ਰਸਾਲਾ ਸ਼ੁਰੂ ਕੀਤਾ ਜਿਸਦਾ ਨਾਮ ''ਲਾਇਬ੍ਰੇਰੀ ਸਾਇੰਸ ਵਿਦ ਏ ਸਲਾਂਟ ਟੂ ਡਾਕੂਮੈਨਟੇਸ਼ਨ'' ਹੈ। ਇਹ ਇੱਕ ਬਹੁਤ ਹੀ ਉਚ ਪੱਧਰ ਦਾ ਮੈਗਜ਼ੀਨ ਹੈ, ਜਿਹੜਾ ਕਿ ਇੱਕੋ ਸਮੇਂ 'ਤੇ ਵਰਗੀਕਰਣ ਉਪਰ ਧਿਆਨ ਦੇ ਰਿਹਾ ਹੈ। ਹੁਣ ਸਾਰਦਾ ਰੰਗਾਨਾਥਨ ਸੋਸਾਇਟੀ ਇਸਨੂੰ ਸਾਹਮਣੇ ਲਿਆ ਰਹੀ ਹੈ। ਡੀ.ਆਰ.ਟੀ.ਸੀ. ਦਾ ਸਾਲਾਨਾ ਸੈਮੀਨਾਰ 1963 ਤੋਂ ਲਗਾਤਾਰ ਛਪ ਰਿਹਾ ਹੈ। ਇਸਦੇ ਬਹੁਤ ਸਾਰੇ ਅੰਕ ਵਰਗੀਕਰਣ ਅਤੇ ਇਸ ਨਾਲ ਸੰਬੰਧਤ ਖੇਤਰਾਂ ਨੂੰ ਸਮਰਪਿਤ ਹਨ। ਡੀ.ਆਰ.ਟੀ.ਸੀ. ਦੁਆਰਾ ਕੀਤਾ ਗਿਆ ਖੋਜ ਦਾ ਕੰਮ ਇਨ੍ਹਾਂ ਮੈਗਜ਼ੀਨਾਂ ਵਿੱਚ ਛਪਦਾ ਰਹਿੰਦਾ ਹੈ।

ਹੇਠ ਲਿਖੀਆਂ ਰਿਪੋਰਟਾਂ ਤੋਂ ਵਰਗੀਕਰਣ ਖੇਤਰ ਵਿੱਚ ਹੋ ਰਹੀ ਖੋਜ ਦਾ ਪਤਾ ਲੱਗਦਾ ਹੈ, ਜਿਹੜੀ ਕਿ ਡੀ.ਆਰ.ਟੀ.ਸੀ. ਵਿਖੇ ਪ੍ਰਮੁੱਖ ਰੂਪ ਵਿੱਚ ਹੋ ਰਹੀ ਹੈ।

- ਐਸ.ਆਰ. ਰੰਗਾਨਾਥਨ, ਵਰਗੀਕਰਣ ਖੋਜ (Classification Research), 1957–1963; ਟ੍ਰੈਂਡ ਰਿਪੋਰਟ (ਇੰਡੀਆ) (ਐਫ.ਆਈ.ਡੀ.)/ਸੀ.ਆਰ. ਰਿਪੋਰਟ ਨੰਬਰ–1)
- ਐਮ.ਏ. ਗੋਪੀਨਾਥ, ''ਕਲਾਸੀਫਿਕੇਸ਼ਨ ਰੀਸਰਚ'' 1963–1967 ਟ੍ਰੈਂਡ ਰਿਪੋਰਟ (ਭਾਰਤ) (ਐਫ.ਆਈ.ਡੀ.)/ਸੀ.ਆਰ. ਰਿਪੋਰਟ ਨੰਬਰ–6
- ਐਮ.ਏ. ਗੋਪੀਨਾਥ, 'ਕਲਾਸੀਫਿਕੇਸ਼ਨ ਰੀਸਰਚ', 1968–1973 (ਐਫ.ਆਈ.ਡੀ./ਸੀ.ਆਰ. ਰੀਪੋਰਟ ਨੰਬਰ–14)

ਪ੍ਰਮੁੱਖ ਯੋਗਦਾਨ ਦਾ ਸੰਖੇਪ ਜਿਹਾ ਵੇਰਵਾ ਇਸ ਪ੍ਰਕਾਰ ਹੈ :-

**ਕੋਲਨ ਕਲਾਸੀਫਿਕੇਸ਼ਨ 7ਵਾਂ ਐਡੀਸ਼ਨ (1971) :–** ਇਸ ਦੀ ਇੱਕ ਪੂਰਵ ਝਲਕ ਸੰਬੰਧਤ ਕਿਤਾਬ ਦੀ 1971 ਈ. ਵਿੱਚ ਛਪੀ ਸੀ। ਐਮ.ਏ. ਗੋਪੀਨਾਥ ਦੀ ਸੰਪਾਦਨਾ ਹੇਠ ਸੀ.ਸੀ. ਦੇ ਪੂਰੀ ਤਰ੍ਹਾਂ ਸੋਧੇ ਹੋਏ ਸੰਸਕਰਣ ਦਾ ਅਨੁਸੂਚੀਆਂ ਵਾਲਾ ਪਹਿਲਾ ਵਾਲਯੂਮ 1987 ਵਿੱਚ ਛਪਿਆ ਸੀ। ਇਸਦਾ ਕਲਾਸਕੀ ਗ੍ਰੰਥਾ ਅਤੇ ਅਨੁਕ੍ਰਮਣਿਕਾ ਵਾਲਾ ਦੂਜਾ ਭਾਗ ਅਜੇ ਵੀ ਛਪਣਾ ਰਹਿੰਦਾ ਹੈ। ਸੱਤਵੇਂ ਐਡੀਸ਼ਨ ਦੀ ਆਮਦ ਵਿੱਚ ਹੋ ਰਹੀ ਦੇਰੀ ਨੇ ਜਿੱਥੇ ਇਸਦੇ ਪਾਠਕਾਂ ਦਾ ਦਿਲ ਤੋੜਿਆ ਹੈ, ਉਥੇ ਹੀ ਇਸਦੇ ਚਾਹੁਣ ਵਾਲਿਆਂ ਦੇ ਪੱਲੇ ਵੀ ਨਿਰਾਸ਼ਾ ਹੀ ਪਈ ਹੈ।

### 1.2.4.2.3 ਨਿਚੋੜ :

ਡੀ.ਆਰ.ਟੀ.ਸੀ. ਵਿਖੇ ਡਾ. ਐਸ.ਆਰ. ਰੰਗਾਨਾਥਨ ਅਤੇ ਉਸਦੇ ਸਹਿਯੋਗੀਆਂ ਦੀ ਸਖ਼ਤ ਮਿਹਨਤ ਦਾ ਹੀ ਇਹ ਸਿੱਟਾ ਸੀ ਕਿ ਲਾਇਬ੍ਰੇਰੀ ਵਰਗੀਕਰਣ ਦੇ ਗਤੀਸ਼ੀਲ ਸਿਧਾਂਤਾਂ ਦਾ ਨਿਰਮਾਣ ਸੰਭਵ ਹੋ ਸਕਿਆ ਹੈ। ਇਸੇ ਕਰਕੇ ਲਾਇਬ੍ਰੇਰੀ ਵਰਗੀਕਰਣ ਲਈ ਇੱਕ ਸੁਤੰਤਰ ਪਹਿਲੂਆਂ ਵਾਲੀ ਵਿਸ਼ਲੇਸ਼ਣਾਤਮਕ–ਸੰਸ਼ਲੇਸ਼ਣਾਤਮਕ (Analytico-Synthetic) ਸਕੀਮ ਬਣਾਉਣਾ ਸੰਭਵ ਹੋ ਸਕਿਆ ਹੈ। ਇਹ ਇੱਕ ਬਹੁਤ ਹੀ ਵੱਡੀ ਪ੍ਰਾਪਤੀ ਗਿਣੀ ਜਾਣੀ ਚਾਹੀਦੀ ਹੈ। ਸੀ.ਸੀ.–7 ਇਨ੍ਹਾਂ ਲਾਇਨਾਂ 'ਤੇ ਵਿਕਸਿਤ ਕੀਤੀ ਗਈ ਹੈ।

ਵਿਸ਼ਿਆਂ ਦਾ ਵਿਕਾਸ ਅਤੇ ਢਾਂਚਾਗਤ ਗਿਆਨ ਇਸਦੀ ਖੋਜ ਦਾ ਪ੍ਰਮੁੱਖ ਵਿਸ਼ਾ ਰਿਹਾ ਹੈ। 1973 ਈ. ਵਿੱਚ ਈ. ਨੀਲਮੇਘਨ ਨੇ ਵਿਸ਼ਿਆਂ ਨੂੰ ਬਣਾਉਣ ਦੇ ਢੰਗਾਂ ਨੂੰ ਦੁਬਾਰਾ ਸੁਚੱਜਾ ਰੂਪ ਦਿੱਤਾ ਹੈ। ਇਹ ਲਾਇਬ੍ਰੇਰੀ ਵਰਗੀਕਰਣ ਸਿਧਾਂਤਾਂ ਦੇ ਵਿਕਾਸ ਦਾ ਇੱਕ ਮਹੱਤਵਪੂਰਣ ਕੰਮ ਹੈ।

ਰੰਗਾਨਾਥਨ ਦੀ 1972 ਵਿੱਚ ਹੋਈ ਬੇਵਕਤੀ ਮੌਤ ਨੇ ਵਰਗੀਕਰਣ ਦੇ ਕੰਮ ਨੂੰ ਇੱਕ ਬਹੁਤ ਵੱਡਾ ਧੱਕਾ ਪਹੁੰਚਾਇਆ। ਉਸਨੇ ਡੀ.ਆਰ.ਟੀ.ਸੀ. ਦਾ ਪ੍ਰਬੰਧ ਕੀਤਾ ਇਸਨੂੰ ਵਿਕਸਿਤ ਕੀਤਾ ਅਤੇ ਇਸਨੂੰ ਵਰਗੀਕਰਣ ਖੋਜ ਦਾ ਇੱਕ ਪ੍ਰਮੁੱਖ ਕੇਂਦਰ ਬਣਾਇਆ। ਉਸਦੇ ਅੰਤਲੇ ਦਿਨਾਂ ਤੱਕ ਉਹ ਡੀ.ਆਰ.ਟੀ.ਸੀ. ਨਾਲ ਨੇੜਿਉਂ ਜੁੜਿਆ

ਰਿਹਾ। ਐਫ.ਆਈ.ਡੀ./ਸੀ.ਆਰ. ਦਾ ਸਕੱਤਰੇਤ ਡੀ.ਆਰ.ਟੀ.ਸੀ. ਵਿਖੇ ਸਥਿਤ ਸੀ। ਕਿਸੇ ਸਮੇਂ ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਸੀ ਕਿ ਇੱਥੇ ਕੀਤੇ ਜਾ ਰਹੇ ਕੰਮਾਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਪਛਾਣ ਮਿਲ ਜਾਏਗੀ। ਹਰ ਇੱਕ ਨੂੰ ਇਹ ਵਿਸ਼ਵਾਸ ਹੈ ਕਿ ਰੰਗਾਨਾਥਨ ਦੁਆਰਾ ਕੀਤੇ ਗਏ ਕੰਮ ਨੂੰ ਉਥੇ ਖੋਜ ਕੰਮਾਂ ਵਿੱਚ ਰੁੱਝੇ ਹੋਏ ਕਾਮੇ ਹੋਰ ਅੱਗੇ ਵਧਾਉਣਗੇ।

### 1.2.4.3 ਇੰਟਰਨੈਸ਼ਨਲ ਸੋਸਾਇਟੀ ਫ਼ਾਰ ਨਾਲੇਜ ਆਰਗੇਨਾਈਜ਼ੇਸ਼ਨ (ISKO) :

#### 1.2.4.3.1 ਉਤਪੱਤੀ ਅਤੇ ਵਿਕਾਸ :

ਇੰਟਰਨੈਸ਼ਨਲ ਸੋਸਾਇਟੀ ਫਾਰ ਨਾਲੇਜ ਆਰਗੇਨਾਈਜ਼ੇਸ਼ਨ (ISKO) ਦੀ ਸਥਾਪਨਾ 22 ਜੁਲਾਈ, 1989 ਨੂੰ ਫਰੈਂਕਫਰਟ (ਜਰਮਨੀ) ਵਿਖੇ ਹੋਈ। ਇਨਗੈਟਰਾਊਟ ਡਾਹਲਬਰਗ (Ingetraut Dahlberg) ਇਸਦੀ ਪਹਿਲੀ ਪ੍ਰਧਾਨ ਸੀ। ਇਸਦੀ ਸਥਾਪਨਾ ਦਾ ਖਰੜਾ ਆਈ. ਡਾਹਲਬਰਗ ਅਤੇ ਆਰ. ਫੁਗਮੈਨ ਦੁਆਰਾ ਤਿਆਰ ਕੀਤਾ ਗਿਆ, ਜਿਸਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਡੈਲੀਗੇਟਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ। ਇਸਕੋ (ISKO) ਨੇ 7 ਮੈਂਬਰਾਂ ਨੂੰ ਲੈਕੇ ਇੱਕ ਕਾਰਜਕਾਰੀ ਬੋਰਡ ਬਣਾਇਆ, ਅਤੇ ਇੱਕ ਸਾਇੰਟਿਫਿਕ ਐਡਵਾਈਜ਼ਰੀ ਕਮੇਟੀ ਜਿਸ ਵਿੱਚ ਵਰਤਮਾਨ 12 ਮੈਂਬਰ ਹਨ, ਦੀ ਸਥਾਪਨਾ ਕੀਤੀ ਗਈ। ਮੈਂਬਰਾਂ ਦੀ ਮੀਟਿੰਗ ਦਾ ਪ੍ਰਬੰਧ ਹਰੇਕ 2 ਸਾਲਾਂ ਪਿੱਛੋਂ ਕੀਤਾ ਜਾਂਦਾ ਹੈ। ਇਸਕੋ (ISKO) ਦੇ ਕੁੱਲ 17 ਰਾਸ਼ਟਰੀ ਚੈਪਟਰ ਹਨ, ਜਿਨ੍ਹਾਂ ਵਿੱਚੋਂ 8 ਵਰਤਮਾਨ ਸਮੇਂ ਵਿੱਚ ਚਾਲੂ ਹਾਲਤ ਵਿੱਚ ਹਨ।

ਇਸਕੋ (ISKO) ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸਹਿਯੋਗ ਕਰ ਰਿਹਾ ਹੈ; ਇਹ ਸੰਸਥਾਵਾਂ ਇਸ ਪ੍ਰਕਾਰ ਹਨ : ਯੂਨੈਸਕੋ, ਯੂਰਪੀਅਨ ਕਮਿਸ਼ਨ, ਅਤੇ ISO (ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਆਫ਼ ਸਟੈਂਡਰਡਾਈਜ਼ੇਸ਼ਨ)। ਇਸ ਤੋਂ ਇਲਾਵਾ ਇਸਨੇ ਆਪਣੇ ਸੰਬੰਧ ਇਨ੍ਹਾਂ ਨਾਲ ਕਾਇਮ ਕੀਤੇ :–

- ਇਫਲਾ (ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਲਾਇਬ੍ਰੇਰੀ ਐਸੋਸੀਏਸ਼ਨ ਐਂਡ ਇੰਸਟੀਚਿਊਸ਼ਨਜ਼) ਇਸ ਵਿੱਚ ਵਰਗੀਕਰਣ ਅਤੇ ਇੰਡੈਕਸ ਦੇ ਵੱਖਰੇ ਸੈਕਸ਼ਨ ਬਣੇ ਹਨ।
- ASIS & T SIG/CR (ਸਪੈਸ਼ਲ ਇੰਟਰਸ਼ੈਟ ਗਰੁੱਪ ਆਨ ਕਲਾਸੀਫਿਕੇਸ਼ਨ ਰਿਸਰਚ ਆਫ਼ ਅਮਰੀਕਨ ਸੋਸਾਇਟੀ ਫ਼ਾਰ ਇੰਨਫਰਮੇਸ਼ਨ ਸਾਇੰਸ ਐਂਡ ਟੈਕਨਾਲੋਜੀ)।
- NKOS (ਨੈਟਵਰਕਡ ਨਾਲੇਜ ਆਰਗੇਨਾਈਜ਼ੇਸ਼ਨ ਸਿਸਟਮ/ਸਰਵਿਸਿਜ਼); ਅਤੇ
- ਇਨਫੋਟਰਮ (ਦਾ ਇੰਟਰਨੈਸ਼ਨਲ ਇਨਫਰਮੇਸ਼ਨ ਸੈਂਟਰ ਫਾਰ ਟਰਮੀਨਾਲੋਜੀ)।

ਇਸਕੋ (ISKO) ਦੋਵੇਂ ਤਰ੍ਹਾਂ ਦੀ ਨਿੱਜੀ ਅਤੇ ਸੰਸਥਾਗਤ ਮੈਂਬਰਸ਼ਿਪ ਦੀ ਪੇਸ਼ਕਸ਼ ਕਰਦਾ ਹੈ। ਇਸਕੋ (ISKO) ਦਾ ਵਿਸ਼ਾਲ ਅਤੇ ਅੰਤਰ-ਅਨੁਸ਼ਾਸਨੀ ਖੇਤਰ ਹੈ। ਇਸਦਾ ਮਿਸ਼ਨ ਗਿਆਨ ਸੰਗਠਨ ਦੇ ਹਰ ਤਰ੍ਹਾਂ ਦੇ ਰੂਪਾਂ ਵਿੱਚ ਹੋ ਰਹੇ ਨਿਵੇਕਲੇ ਕੰਮਾਂ ਨੂੰ ਅੱਗੇ ਵਧਾਉਣਾ ਹੈ ਅਤੇ ਹਰ ਪ੍ਰਕਾਰ ਦੇ ਉਦੇਸ਼ ਜਿਵੇਂ ਡਾਟਾਬੇਸ, ਲਾਇਬ੍ਰੇਰੀਅਨ, ਡਿਕਸ਼ਨਰੀ ਅਤੇ ਇੰਟਰਨੈਟ ਆਦਿ ਖੇਤਰਾਂ ਦਾ ਵਿਕਾਸ ਕਰਨਾ ਹੈ।

ਇੱਕ ਅੰਤਰ-ਅਨੁਸ਼ਾਸਨੀ ਸੋਸਾਇਟੀ ਹੋਣ ਦੇ ਨਾਤੇ, ਇਸਕੋ (ISKO) ਕੁਝ ਅਲੱਗ-ਅਲੱਗ ਖੇਤਰਾਂ ਨਾਲ ਸਬੰਧਤ ਵਿਅਕਤੀਆਂ (Professionals) ਨੂੰ ਇਕੱਠੇ ਕਰ ਰਹੀ ਹੈ। ISKO ਨੇ 500 ਤੋਂ ਜ਼ਿਆਦਾ ਮੈਂਬਰਾਂ ਦੀ ਜਿਹੜੇ ਕਿ ਪੂਰੇ ਵਿਸ਼ਵ ਭਰ ਵਿਚੋਂ ਹਨ; ਅਤੇ ਅਲੱਗ-ਅਲੱਗ ਖੇਤਰ ਜਿਵੇਂ – ਸੂਚਨਾ ਵਿਗਿਆਨ, ਫਿਲਾਸਫੀ, ਭਾਸ਼ਾ ਵਿਗਿਆਨ, ਕੰਪਿਊਟਰ ਵਿਗਿਆਨ ਅਤੇ ਸਪੈਸ਼ਲ ਖੇਤਰ ਜਿਵੇਂ ਡਾਕਟਰੀ ਸੂਚਨਾ ਵਿਗਿਆਨ ਨਾਲ ਸਬੰਧਤ ਹਨ, ਦੀ ਪਛਾਣ ਕੀਤੀ ਹੈ।

#### 1.2.4.3.2 ਉਦੇਸ਼ :

ਇਹ ਸੰਸਥਾ ਪ੍ਰਮੁੱਖ ਰੂਪ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਕਰ ਰਹੀ ਹੈ :–

(1) ''ਗਿਆਨ ਦੇ ਸੰਗਠਨ'' ਦੇ ਉਪਯੁਕਤ ਰੂਪ ਦੀ ਉਤਪੱਤੀ ਕਰਨ ਦਾ ਕੰਮ ਕਰਨਾ।

(2) ਸਾਰੇ ਆਮ ਅਤੇ ਕੁਝ ਖ਼ਾਸ ਵਿਸ਼ਿਆਂ ਵਿੱਚ ਗਿਆਨ ਦੇ ਸੰਗਠਨ ਦਾ ਵਿਕਾਸ ਅਤੇ ਖੋਜ ਨੂੰ ਉਤਸ਼ਾਹਿਤ ਕਰਨਾ।

(3) ''ਗਿਆਨ ਦੇ ਸੰਗਠਨ'' ਲਈ ਸਮੁੱਚੇ ਸੰਕਲਪਾਂ ਅਤੇ ਬਨਾਵਟੀ ਬੌਧਿਕ ਪੱਧਰ ਦਾ ਏਕੀਕਰਣ

ਕਰਨਾ।

(4) ਵਿਸ਼ਾ ਮਾਹਿਰਾਂ ਨੂੰ ਨਿੱਜੀ ਮੇਲ ਮਿਲਾਪ ਅਤੇ ਹੋਰ ਮੌਕੇ ਉਪਲਬਧ ਕਰਾਉਣਾ ਤਾਂ ਜੋ ਖ਼ਾਸ ਵਿਚਾਰ ਬਿੰਦੂ ਦੇ ਅਨੁਸਾਰ ਗਿਆਨ ਸੰਗਠਨ ਦਾ ਵਿਸਥਾਰ ਅਤੇ ਤਿਆਰੀ ਕੀਤੀ ਜਾ ਸਕੇ।

**1.2.4.3.3 ਗਤੀਵਿਧੀਆਂ :**

1. ਇਸਕੋ (ISKO) ਅੰਤਰਰਾਸ਼ਟਰੀ ਪੱਧਰ ਦੀਆਂ ਕਾਨਫ਼ਰੰਸਾਂ ਦਾ ਪ੍ਰਬੰਧ ਹਰ ਦੋ ਸਾਲ ਪਿੱਛੋਂ ਕਰਦਾ ਹੈ।
2. ਰਾਸ਼ਟਰੀ ਪੱਧਰ ਦੀਆਂ ਕਾਨਫ਼ਰੰਸਾਂ ਦਾ ਅਲੱਗ-ਅਲੱਗ ਦੇਸ਼ਾਂ ਵਿੱਚ ਪ੍ਰਬੰਧ ਕਰਦਾ ਹੈ।
3. ਤਕਨੀਕੀ ਕਾਨਫ਼ਰੰਸਾਂ ਤੇ ਸਿਖਲਾਈ ਕੋਰਸ ਆਮ ਤੌਰ 'ਤੇ ਲਗਾਏ ਜਾਂਦੇ ਹਨ, ਜਦੋਂ ਇਸਦੀ ਲੋੜ ਮਹਿਸੂਸ ਹੁੰਦੀ ਹੈ।

**ਅੰਤਰਰਾਸ਼ਟਰੀ ਕਾਨਫ਼ਰੰਸਾਂ ਜੋ ਇਸਕੋ ਦੁਆਰਾ ਕੀਤੀਆਂ ਗਈਆਂ :**

ਇਸਕੋ ਨੇ ਹੇਠ ਲਿਖੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਕਾਨਫ਼ਰੰਸਾਂ ਦਾ ਪ੍ਰਬੰਧ ਕੀਤਾ :-

1. ''ਦਾ ਟੂਲਜ਼ ਫਾਰ ਨਾਲੇਜ ਆਰਗੇਨਾਈਜ਼ੇਸ਼ਨ ਐਂਡ ਹਿਊਮੈਨ ਇੰਟਰਫੇਸ'' ਡਰਮਸਟੈਡ (ਜਰਮਨੀ) ਵਿਖੇ 1990 ਵਿੱਚ ਹੋਈ।
2. ''ਕੋਗਨਿਟਿਵ ਪੈਰਾਡਾਈਮਜ਼ ਇਨ ਨਾਲੇਜ ਆਰਗੇਨਾਈਜ਼ੇਸ਼ਨ'' ਮਦਰਾਸ (ਭਾਰਤ) ਵਿਖੇ 1992 ਵਿੱਚ ਹੋਈ।
3. ''ਨਾਲੇਜ ਆਰਗੇਨਾਈਜ਼ੇਸ਼ਨ ਐਂਡ ਕੁਆਲਟੀ ਮੈਨੇਜਮੈਂਟ'' ਕਾਪਨਹੇਗਨ (ਡੈਨਮਾਰਕ) ਵਿਖੇ 1994 ਵਿੱਚ ਹੋਈ।
4. ''ਨਾਲੇਜ ਆਰਗੇਨਾਈਜ਼ੇਸ਼ਨ ਐਂਡ ਚੇਂਜ'' ਵਾਸ਼ਿੰਗਟਨ (ਅਮਰੀਕਾ) ਵਿਖੇ 1996 ਵਿੱਚ ਹੋਈ।
5. ''ਸਟਰਕਚਰ ਐਂਡ ਰਿਲੇਸ਼ਨ ਇਨ ਨਾਲੇਜ ਆਰਗੇਨਾਈਜ਼ੇਸ਼ਨ, ਲਿੱਲੀ (ਫਰਾਂਸ) ਵਿਖੇ 1998 ਈ. ਵਿੱਚ ਹੋਈ।
6. ''ਡਾਇਨਾਮਿਸਮ ਐਂਡ ਸਟੈਬੇਲਿਟੀ ਇਨ ਨਾਲਿਜ ਆਰਗੇਨਾਈਜ਼ੇਸ਼ਨ'', ਟੋਰਾਂਟੋ (ਕੈਨੇਡਾ) ਵਿਖੇ ਜੁਲਾਈ 2000 ਵਿੱਚ ਹੋਈ।
7. ''ਚੈਲੇਂਜ ਇਨ ਨਾਲੇਜ ਰਿਪ੍ਰੇਜ਼ੈਨਟੇਸ਼ਨ ਐਂਡ ਆਰਗੇਨਾਈਜ਼ੇਸ਼ਨ'' ਗਰੈਨਡਾ (ਸਪੇਨ) ਵਿਖੇ ਜੁਲਾਈ 2002 ਵਿੱਚ ਹੋਈ।
8. ''ਨਾਲੇਜ ਆਰਗੇਨਾਈਜ਼ੇਸ਼ਨ ਐਂਡ ਗਲੋਬਲ ਇਨਫ਼ਾਰਮੇਸ਼ਨ ਸੋਸਾਇਟੀ'' ਲੰਡਨ (ਇੰਗਲੈਂਡ) ਵਿਖੇ ਜੁਲਾਈ 2004 ਵਿੱਚ ਹੋਈ।
9. ''ਨਾਲੇਜ ਆਰਗੇਨਾਈਜ਼ੇਸ਼ਨ ਫਾਰ ਗਲੋਬਲ ਲਰਨਿੰਗ ਸੋਸਾਇਟੀ'' ਵਿਆਨਾ (ਆਸਟਰੀਆ) ਵਿਖੇ ਜੁਲਾਈ 2006 ਵਿੱਚ ਹੋਈ।
10. ''ਕਲਚਰ ਐਂਡ ਨੱਾਲਿਜ ਆਰਗੇਨਾਈਜੇਸ਼ਨ'' ਵਿਸ਼ੇ ਤੇ ਮਾਨਟ੍ਰੀਅਲ (ਕਨੇਡਾ) ਵਿਖੇ ਅਗਸਤ 5-8, 2008 ਵਿਖੇ ਹੋਈ।
11. ''ਪੈਰਾਡਾਈਸ ਐਂਡ ਕਾਨਸੈਪਚੁਅਲ ਸਿਸਟਮਜ਼ ਇਨ ਨੱਾਲਿਜ ਆਰਗੇਨਾਈਜੇਸ਼ਨ'' ਵਿਸ਼ੇ ਤੇ ਰੋਮ (ਇਟਲੀ) ਵਿਖੇ ਫਰਵਰੀ 23-26, 2010 ਨੂੰ ਹੋਈ।

**ਪ੍ਰਕਾਸ਼ਨਾਵਾਂ :**

ਇਸਕੋ ਇੱਕ ਤਿਮਾਹੀ ਜਰਨਲ ''ਨਾਲੇਜ ਆਰਗੇਨਾਈਜ਼ੇਸ਼ਨ'' ਨਾਂ ਹੇਠ ਛਾਪ ਰਹੀ ਹੈ (ਜਿਸਦਾ ਪਹਿਲਾਂ ਸਿਰਲੇਖ ਇੰਟਰਨੈਸ਼ਨਲ ਕਲਾਸੀਫਿਕੇਸ਼ਨ ਸੀ)। ਇਹ ਜਰਨਲ 1974 ਈ. ਵਿੱਚ ਛਪਣਾ ਸ਼ੁਰੂ ਹੋਇਆ, ਜੋ ਕਿ ਸੰਕਲਪ, ਸਿਧਾਂਤ, ਵਰਗੀਕਰਣ ਅਤੇ ਅਨੁਕ੍ਰਮਣਿਕਰਣ ਨੂੰ ਸਮਰਪਿਤ ਹੈ। ਇਹ ਇੱਕ ਸਮਾਚਾਰ ਪੱਤਰ ਵੀ ਛਾਪ ਰਹੀ ਹੈ, ਜਿਸਦਾ ਨਾਂ ਹੈ ਇਸਕੋ ਨਿਊਜ਼ (ਵਰਤਮਾਨ ਨੱਾਲੇਜ ਆਰਗੇਨਾਈਜ਼ੇਸ਼ਨ ਵਿੱਚ ਸਮਿਲਿਤ)। 'ਐਡਵਾਂਸਿਜ਼ ਇਨ ਨੱਾਲਿਜ ਆਰਗੇਨਾਈਜ਼ੇਸ਼ਨ' ਲੜੀ ਦੇ ਅੰਤਰਗਤ ਵਿਸ਼ਾਗਤ ਪ੍ਰਕਾਸ਼ਨਾਵਾਂ ਵੀ ਛਾਪੀਆਂ ਜਾ ਰਹੀਆਂ ਹਨ। ਇਸਨੇ

ਗਿਆਨ ਦੇ ਪ੍ਰਬੰਧ ਵਿੱਚ ਵਡਮੁੱਲਾ ਯੋਗਦਾਨ ਦਿੱਤਾ ਹੈ।

### 1.2.4.3.4 ਸਾਰ :

ਗਿਆਨ ਸੰਗਠਨ ਦੀ ਅੰਤਰਰਾਸ਼ਟਰੀ ਸੋਸਾਇਟੀ ਗਿਆਨ ਖੋਜ ਦੇ ਕੰਮਾਂ ਵਿੱਚ ਰੁੱਝੀਆਂ ਹੋਈਆਂ ਸੰਸਥਾਵਾਂ ਜਿਹੜੀਆਂ ਕਿ ਲਾਇਬ੍ਰੇਰੀ ਵਰਗੀਕਰਣ ਦੇ ਖੇਤਰ ਨਾਲ ਸੰਬੰਧਤ ਹਨ, ਦੇ ਵਿਚਕਾਰ ਇੱਕ ਕੜੀ (Link) ਦੇ ਤੌਰ 'ਤੇ ਕੰਮ ਕਰ ਰਹੀ ਹੈ। ਇਸਦਾ ਗਿਆਨ ਦੇ ਸੰਗਠਨ ਦੇ ਖੇਤਰ ਨਾਲ ਸੰਬੰਧਿਤ ਗਤੀਵਿਧੀਆਂ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਸ ਦੀਆਂ ਸਮਾਜ ਨੂੰ ਦੇਣਾਂ ਅਤੇ ਇਸਦੇ ਵਡਮੁੱਲੇ ਕੰਮ ਸਮਾਜ ਵਿੱਚ ਨੇੜ ਭਵਿੱਖ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ।

## 1.2.5 ਸਵੈ-ਪੜਚੋਲ ਅਭਿਆਸ ਲਈ ਪ੍ਰਸ਼ਨ :

1. ਵਿਸ਼ੇਸ਼ ਪ੍ਰਣਾਲੀਆਂ ਦੀਆਂ ਕੀ ਲੋੜਾਂ ਹਨ?
2. ਡੀ.ਆਰ.ਟੀ.ਸੀ. (DRTC) ਦੀਆਂ ਪ੍ਰਕਾਸ਼ਨਾਵਾਂ ਬਾਰੇ ਲਿਖੋ।

## 1.2.6 ਹਵਾਲੇ ਅਤੇ ਅੱਗੇ ਪੜ੍ਹਨ ਲਈ :


Bliss, H.E. : *Organization of knowledge in libraries and subject approach to books.* 2nd ed. New York : H.W. Wilson, 1939.

Brown, J.D. : *Subject Classification.* 3rd ed. London : Grafton, 1939

Foskett, D.J. : *Classification Research Group in Kent, Allan Encyclopedia of Library and Information Science.* V. 5. New York : Marcel Dekker, 1952-68

Hunter, E.J. : *Classification made simple.* U.K. : Gower, 1988

Krishan Kumar : *Theory of classification.* 4th ed., New Delhi : Vikas, 1988.

Ranganathan, S.R. : *A descriptive account of the Colon Classification.* Bombay by : Asia, 1969.

Ranganathan, S.R. : *Colon Classification 7th ed. : A preview.* Library Science, No. 6, 1969

Sayers, W.C.B. : *A Manual of Library Classification.* 3rd ed. London : Andre Deutch, 1964.

ਪਾਠ ਨੰ. 1.3 ਲੇਖਿਕਾ : ਡਾ. ਅਮ੍ਰਿਤਪਾਲ ਕੌਰ

# ਐਂਗਲੋ-ਅਮਰੀਕਨ ਕੈਟਾਲਾਗਿੰਗ ਰੂਲਜ਼ (ਏ ਏ ਸੀ ਆਰ) : ਵਿਕਾਸ ਅਤੇ ਰੁਝਾਨ

**(Anglo-American Cataloguing Rules (AACR-II) Development and Trends)**

**ਸੰਰਚਨਾ :**

1.3.0 ਉਦੇਸ਼
1.3.1 ਭੂਮਿਕਾ
1.3.2 ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼ (ਏ ਏ ਸੀ ਆਰ)
1.3.2.1 ਏ ਏ ਸੀ ਆਰ-I (1967)
1.3.2.1.1 ਏ ਏ ਸੀ ਆਰ-I ਦੀ ਸੰਰਚਨਾ
1.3.2.2 ਏ ਏ ਸੀ ਆਰ-2 (1978)
1.3.2.2.1 ਵਿਕਲਪ (Options)
1.3.2.2.2 ਏ ਏ ਸੀ ਆਰ-2 ਦੀ ਸੰਰਚਨਾ
1.3.2.3 ਏ ਏ ਸੀ ਆਰ-2, 1988 ਸੋਧ
1.3.2.3.1 1988 ਸੋਧ ਵਿੱਚ ਨਿਯਮਾਂ ਦੀ ਸੰਰਚਨਾ
1.3.2.3.2 ਟਿੱਪਣੀਆਂ
1.3.2.4 ਰੀਸੋਰਸ ਡਿਸਕ੍ਰਿਪਸ਼ਨ ਅਤੇ ਐਕਸੈਸ (ਆਰ.ਡੀ.ਏ.)
1.3.3 ਸਾਰ
1.3.4 ਸ਼ਬਦਾਵਲੀ
1.3.5 ਸੰਦਰਭ ਅਤੇ ਹੋਰ ਅਧਿਐਨ ਲਈ
1.3.6 ਸਵੈ-ਨਿਰੀਖਣ ਅਭਿਆਸ
1.3.7 ਸਵੈ-ਨਿਰੀਖਣ ਅਭਿਆਸ ਦੇ ਉੱਤਰ

## 1.3.0 ਉਦੇਸ਼ :

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਹੇਠ ਲਿਖੇ ਸੰਕਲਪਾਂ ਨਾਲ ਜਾਣੂ ਕਰਵਾਉਣਾ ਹੈ :

(i) ਏ ਏ ਸੀ ਆਰ ਦੀ ਉਤਪਤੀ ਅਤੇ ਵਿਕਾਸ

(ii) ਏ ਏ ਸੀ ਆਰ ਦੇ ਵੱਖ-ਵੱਖ ਸੰਸਕਰਣਾਂ ਦੀਆਂ ਵਿਸ਼ੇਸ਼ਤਾਵਾਂ

## 1.3.1 ਭੂਮਿਕਾ :

ਕੈਟਾਲਾਗ ਕੋਡ ਦਾ ਅਰਥ ਹੈ ਸੂਚੀਕਰਣ ਲਈ ਨਿਯਮ ਵਿਕਸਿਤ ਕਰਨੇ; ਅਤੇ ਨਿਯਮ ਦਾ ਮਤਲਬ ਹੈ ਸੂਚੀਕਰਣ ਤੋਂ ਇੱਕੋ ਹੀ ਕਿਸਮ ਦੇ ਨਤੀਜੇ ਪ੍ਰਾਪਤ ਕਰਨੇ। ਕੈਟਾਲਾਗ ਕੋਡ ਅਤੇ ਸੂਚੀਕਰਣ ਦੇ ਨਿਯਮ ਕੈਟਾਲਾਗਰ ਦਾ ਪੱਥ-ਪ੍ਰਦਰਸ਼ਨ ਕਰਦੇ ਹਨ। ਇਨ੍ਹਾਂ ਤੋਂ ਇਹ ਵੀ ਸੇਧ ਮਿਲਦੀ ਹੈ ਕਿ ਪੁਸਤਕਾਂ ਦੇ ਇੰਦਰਾਜ ਕਿਸ ਤਰ੍ਹਾਂ ਬਣਾਉਣੇ ਹਨ। ਇਸ ਤਰ੍ਹਾਂ ਲਾਇਬ੍ਰੇਰੀ ਸੂਚੀਕਰਣ ਦੇ ਕੰਮ ਵਿੱਚ ਇੱਕਸਾਰਤਾ ਬਣੀ ਰਹਿੰਦੀ ਹੈ, ਭਾਵੇਂ ਕੋਈ ਵੀ ਇਸ ਕੰਮ ਨੂੰ ਕਰੇ।

ਉੱਨੀਵੀਂ ਸਦੀ ਦੇ ਅੱਧ ਤੋਂ ਹੁਣ ਤੱਕ ਬਹੁਤ ਸਾਰੇ ਕੋਡਾਂ ਦਾ ਵਿਕਾਸ ਹੋਇਆ ਹੈ। ਹਰ ਇੱਕ ਨਵਾਂ ਕੋਡ ਪਹਿਲੇ ਕੋਡ ਦਾ ਸੋਧਿਆ ਰੂਪ ਹੈ। ਬਹੁਤ ਸਾਰੇ ਪਹਿਲੇ ਕੋਡ ਵਿਅਕਤੀਆਂ ਦੀਆਂ ਨਿੱਜੀ ਕੋਸ਼ਿਸ਼ਾਂ ਦਾ ਨਤੀਜਾ ਹਨ ਅਤੇ ਬਾਅਦ ਦੇ ਸਮੂਹਿਕ ਕੋਸ਼ਿਸ਼ਾਂ ਦਾ। ਇਸ ਪਾਠ ਵਿੱਚ ਸਾਡੀ ਚਰਚਾ ਇੱਕ ਬਹੁਤ ਹੀ ਮਹੱਤਵਪੂਰਨ ਕੋਡ ਏ ਏ ਸੀ ਆਰ ਤੱਕ ਹੀ ਸੀਮਿਤ ਰਹੇਗੀ।

## 1.3.2 ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼ (ਏ ਏ ਸੀ ਆਰ) :

**ਪਿਛੋਕੜ :**

ਏ.ਏ. ਕੋਡ (1908) ਦੇ ਵਿਕਸਿਤ ਹੋਣ ਨਾਲ ਏ ਏ ਸੀ ਆਰ ਦਾ ਵਿਕਾਸ ਆਰੰਭ ਹੋ ਗਿਆ ਸੀ। ਏ.ਏ. ਕੋਡ ਅਮਰੀਕਨ ਲਾਇਬ੍ਰੇਰੀ ਐਸੋਸਿਏਸ਼ਨ (ਏ.ਐਲ.ਏ.) ਅਤੇ ਲਾਇਬ੍ਰੇਰੀ ਐਸੋਸਿਏਸ਼ਨ (ਐਲ.ਏ.) ਦੀਆਂ ਸਾਂਝੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ। ਵਧਦੇ ਗਿਆਨ ਦੇ ਰੂ-ਬ-ਰੂ 1920 ਤੱਕ ਏ.ਏ. ਕੋਡ ਦੀ ਆਲੋਚਨਾ ਹੋਣ ਲੱਗ ਪਈ। ਇਸ ਦੀ ਸੁਧਾਈ ਦੀ ਜ਼ਰੂਰਤ ਮਹਿਸੂਸ ਕੀਤੀ ਗਈ। 1930 ਵਿੱਚ ਏ.ਐਲ.ਏ. ਅਤੇ ਐਲ.ਏ. ਨੇ ਇਸ ਦੀ ਸੁਧਾਈ ਦਾ ਕੰਮ ਸ਼ੁਰੂ ਕਰ ਦਿੱਤਾ। ਦੂਸਰਾ ਮਹਾਯੁੱਧ ਹੋਣ ਕਾਰਨ ਐਲ.ਏ. ਨੇ ਕੰਮ ਛੱਡ ਦਿੱਤਾ। ਪਰ ਏ.ਐਲ.ਏ. ਨੇ ਕੰਮ ਜਾਰੀ ਰੱਖਿਆ ਅਤੇ 1941 ਵਿੱਚ ਕੋਡ ਦੀ ਰੂਪ-ਰੇਖਾ ਤਿਆਰ ਕੀਤੀ। ਇਸਦਾ ਲੇਖਕ ਅਤੇ ਸਿਰਲੇਖ ਹੈਡਿੰਗ ਵਾਲਾ ਫਾਈਨਲ ਸੰਸਕਰਣ 1949 ਵਿੱਚ ਛਪਿਆ; ਅਤੇ ਲਾਇਬ੍ਰੇਰੀ ਆਫ਼ ਕਾਂਗ੍ਰੇਸ ਵੱਲੋਂ ''ਰੂਲਜ਼ ਫਾਰ ਡਿਸਕ੍ਰਿਪਟਿਵ ਕੈਟਾਲਾਗਿੰਗ'' ਸਿਰਲੇਖ ਹੇਠ ਬਿਰਤਾਂਤ ਲਈ ਨਿਯਮ ਵੱਖਰੇ ਤੌਰ 'ਤੇ ਛਾਪੇ ਗਏ।

ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼ (1967) ਦੇ ਹੋਂਦ ਵਿੱਚ ਆਉਣ ਤੱਕ ''ਏ.ਐਲ.ਏ. 1949'' ਅਤੇ ''ਐਲ.ਸੀ. 1949'' ਅਮਰੀਕਨ ਲਾਇਬ੍ਰੇਰੀਆਂ ਵਿੱਚ ਬਿਰਤਾਂਤਕ ਕੈਟਾਲਾਗਿੰਗ (Descriptive Cataloguing) ਲਈ ਸਟੈਂਡਰਡ ਦੇ ਤੌਰ 'ਤੇ ਵਰਤੇ ਜਾਂਦੇ ਰਹੇ।

### 1.3.2.1 ਏ ਏ ਸੀ ਆਰ-1 (1967) :

''ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼, ਉੱਤਰੀ ਅਮਰੀਕਨ ਟੈਕਸਟ, ਸ਼ਿਕਾਗੋ, 1967'' ਅਤੇ ''ਬ੍ਰਿਟਿਸ਼ ਟੈਕਸਟ, ਲੰਡਨ, ਲਾਇਬ੍ਰੇਰੀ ਐਸੋਸਿਏਸ਼ਨ, 1967'', ਦੋ ਵੱਖ-ਵੱਖ ਪਾਠਾਂ ਦੇ ਰੂਪ ਵਿੱਚ ਛਪੇ।

1949 ਦੇ ਕੋਡ ਨਾਲ ਅਸੰਤੁਸ਼ਟੀ ਕਾਰਨ ਏ.ਐਲ.ਏ. ਦੇ ਬੋਰਡ ਆਫ਼ ਕੈਟਾਲਾਗਿੰਗ ਪ੍ਰੈਕਟਿਸ ਅਤੇ ਰੀਸਰਚ ਨੇ ਲਾਇਬ੍ਰੇਰੀ ਆਫ਼ ਕਾਂਗ੍ਰੇਸ ਦੇ ਸਲਾਹਕਾਰ ਸੈਮੂਅਲ ਲੁਬੈਜ਼ਿਕੀ (Samuel Lubetzky) ਨੂੰ 1949 ਦੇ ਕੋਡ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕਰਨ ਲਈ ਕਿਹਾ। ਉਸ ਦੀਆਂ ਪ੍ਰਾਪਤੀਆਂ ਇੱਕ ਕਿਤਾਬਚੀ ''ਕੈਟਾਲਾਗਿੰਗ ਰੂਲਜ਼ ਐਂਡ ਪ੍ਰਿੰਸੀਪਲਜ਼ : ਏ ਕ੍ਰਿਟੀਕ ਆਫ਼ ਦੀ ਏ.ਐਲ.ਏ. ਰੂਲਜ਼ ਫ਼ਾਰ ਐਂਟਰੀ ਐਂਡ ਪ੍ਰੋਪੋਜ਼ਡ ਡਿਜ਼ਾਈਨ ਫ਼ਾਰ ਦੇਅਰ ਰਿਵੀਜਨ; 1953'' ਦੇ ਰੂਪ ਵਿੱਚ ਛਪੀ। ਫੇਰ 1956 ਵਿੱਚ ਏ.ਐਲ.ਏ. ਨੇ ਲੁਬੈਜ਼ਿਕੀ ਨੂੰ 1949 ਦੇ ਕੋਡ ਦੀ ਸੁਧਾਈ ਲਈ ਬੁਲਾਇਆ। ਇਸ ਦੇ ਨਤੀਜੇ ਦੇ ਤੌਰ 'ਤੇ 1960 ਵਿੱਚ ਕੈਟਾਲਾਗਿੰਗ ਰੂਲਜ਼, ਲੇਖਕ ਅਤੇ ਟਾਈਟਲ ਐਂਟਰੀ ਦੀ ਰੂਪ-ਰੇਖਾ ਤਿਆਰ ਕੀਤੀ ਗਈ।

1961 ਵਿੱਚ ਪੈਰਿਸ ਵਿੱਚ ਕੈਟਾਲਾਗਿੰਗ ਸਿਧਾਂਤਾਂ 'ਤੇ ਇੱਕ ਅੰਤਰਰਾਸ਼ਟਰੀ ਕਾਨਫ਼ਰੰਸ (ICCP) ਹੋਈ। ਇਸ ਕਾਨਫ਼ਰੰਸ ਦੁਆਰਾ ਪਾਸ ਕੀਤੇ ਸਿਧਾਂਤਾਂ 'ਤੇ ਲੁਬੈਜ਼ਿਕੀ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਲੁਬੈਜ਼ਿਕੀ ਨੇ ਏ ਏ ਸੀ ਆਰ ਦਾ 1955-64 ਤੱਕ ਸੰਪਾਦਨ ਕੀਤਾ। ਪਰ ਬਾਅਦ ਵਿੱਚ ਸੰਸਥਾਵਾਂ ਦੇ ਸੂਚੀਕਰਣ ਦੇ ਨਿਯਮਾਂ ਉਤੇ ਮਤਭੇਦ ਹੋਣ ਕਾਰਨ ਉਸ ਨੇ ਅਸਤੀਫਾ ਦੇ ਦਿੱਤਾ ਅਤੇ ਸੀ.ਸਮਰ ਸਪਾਲਡਿੰਗ ਨੇ 1964-1966 ਤੱਕ ਇਹ ਕੰਮ ਪੂਰਾ ਕੀਤਾ। ਨਵਾਂ ਕੋਡ 1967 ਵਿੱਚ ਦੋ ਐਡੀਸ਼ਨਾਂ ਵਿੱਚ ਛਪਿਆ - ਉੱਤਰੀ ਅਮਰੀਕਨ ਐਡੀਸ਼ਨ ਅਤੇ ਬ੍ਰਿਟਿਸ਼ ਐਡੀਸ਼ਨ। ਇਹ ਕੋਡ ਏ.ਐਲ.ਏ., ਐਲ.ਸੀ., ਐਲ.ਏ. ਅਤੇ ਕੈਨੇਡੀਅਨ ਐਲ.ਏ. ਨੇ ਤਿਆਰ ਕੀਤਾ। ਦੋਨੋਂ ਹੀ ਐਡੀਸ਼ਨ ਇੱਕੋ ਜਿਹੇ ਸਿਧਾਂਤਾਂ 'ਤੇ ਆਧਾਰਿਤ ਹਨ। ਇਨ੍ਹਾਂ ਵਿੱਚ ਹੈਡਿੰਗਾਂ ਦੀ ਚੋਣ ਅਤੇ ਪ੍ਰਗਟਾਉ ਲਈ ਕੁਝ ਬਦਲਵੇਂ ਨਿਯਮ ਦਿੱਤੇ ਹੋਏ ਹਨ।

**ਏ ਏ ਸੀ ਆਰ-1 ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ :**

1. ਏ ਏ ਸੀ ਆਰ-1 ਵਿੱਚ ਨਿਯਮ ਆਈ ਸੀ ਸੀ ਪੀ (1961) ਵੱਲੋਂ ਅਪਣਾਏ ਸਿਧਾਂਤਾਂ 'ਤੇ ਆਧਾਰਿਤ ਹਨ। ਇਹ ਇਨ੍ਹਾਂ ਸਿਧਾਂਤਾਂ ਨਾਲ ਬਹੁਤ ਹੀ ਘੱਟ ਅਸਮਾਨਤਾ ਰੱਖਦੇ ਹਨ।
2. ਕੋਡ ਵਿੱਚ ਲੇਖਕ/ਸਿਰਲੇਖ ਮੁੱਖ ਸੁਲੇਖ, ਵਾਧੂ ਸੁਲੇਖ, ਸੰਦਰਭ, ਯੂਨੀਫਾਰਮ ਸਿਰਲੇਖ ਅਤੇ ਬਿਰਤਾਂਤ ਲਈ ਨਿਯਮ ਦਿੱਤੇ ਹੋਏ ਹਨ। ਇਸ ਵਿੱਚ ਹਰ ਤਰ੍ਹਾਂ ਦੀ ਸਾਮੱਗਰੀ ਭਾਵ ਪੁਸਤਕਾਂ ਅਤੇ ਗੈਰ-ਪੁਸਤਕਾਂ ਸ਼ਾਮਿਲ ਹਨ।

3. ਇਸ ਵਿੱਚ ਪਾਠਕਾਂ ਦੀਆਂ ਸੰਭਵ ਪਹੁੰਚਾਂ (Approaches) ਨੂੰ ਪੂਰੀਆਂ ਕਰਨ ਲਈ ਪ੍ਰਲੇਖ ਦੇ ਸੂਚੀਕਰਣ ਲਈ ਕਾਫ਼ੀ ਸੰਖਿਆ ਵਿੱਚ ਵਾਧੂ ਇੰਦਰਾਜ ਅਤੇ ਸੰਦਰਭ ਇੰਦਰਾਜ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਸ਼ੇਸ਼ ਵਿਅਕਤੀਆਂ ਅਤੇ ਨਿਗਮ ਲੇਖਕਾਂ ਨੂੰ ਇੱਕ ਯੂਨੀਫਾਰਮ ਹੈਡਿੰਗ ਥੱਲੇ ਦਿੱਤਾ ਜਾਂਦਾ ਹੈ; ਅਤੇ ਅੱਖ਼ਰਵਾਰ ਕੈਟਾਲਾਗ ਦੇ ਬਹੁਪੱਖੀ ਸੁਲੇਖਾਂ ਜਾਂ ਇੰਦਰਾਜਾਂ ਨੂੰ ਸੰਦਰਭਾਂ ਦੀ ਮਦਦ ਨਾਲ ਜੋੜਿਆ ਜਾਂਦਾ ਹੈ।

### 1.3211 ਏ ਏ ਸੀ ਆਰ–1 ਦੀ ਸੰਰਚਨਾ :

ਏ ਏ ਸੀ ਆਰ–1 ਵਿੱਚ 15 ਚੈਪਟਰ ਦਿੱਤੇ ਗਏ ਹਨ, ਜਿਨ੍ਹਾਂ ਨੂੰ ਤਿੰਨ ਭਾਗਾਂ ਵਿੱਚ ਤਰਤੀਬ ਦਿੱਤੀ ਗਈ ਹੈ :–

ਭਾਗ–1 : ਇੰਦਰਾਜ ਅਤੇ ਹੈਡਿੰਗ

ਭਾਗ–2 : ਬਿਰਤਾਂਤ (Description)

ਭਾਗ–3 : ਗੈਰ-ਪੁਸਤਕ ਸਾਮੱਗਰੀ ਲਈ ਇੰਦਰਾਜ ਅਤੇ ਬਿਰਤਾਂਤ ਅੰਤਿਕਾਵਾਂ ਦਿੱਤੀਆਂ ਗਈਆਂ ਹਨ। ਇਹਨਾਂ ਅੰਤਿਕਾਵਾਂ ਵਿੱਚ ਸੂਚੀਕਰਣ ਪਦਾਂ ਦੀ ਸ਼ਬਦਾਵਲੀ; ਵੱਡੇ ਅੱਖ਼ਰਾਂ ਦੀ ਵਰਤੋਂ ਦੇ ਨਿਯਮ; ਸੰਖੇਪ ਸ਼ਬਦ, ਵਿਰਾਮ ਚਿੰਨ੍ਹ ਅਤੇ ਵਿਸ਼ੇਸ਼ਕ, ਇੰਦਰਾਜ ਅਤੇ ਹੈਡਿੰਗ ਲਈ ਬ੍ਰਿਟਿਸ਼ ਟੈਕਸਟ ਵਿੱਚ ਮਿਲਦੇ ਵੱਖਰੇ ਨਿਯਮ ਹਨ।

### 1.3.2.2 ਏ ਏ ਸੀ ਆਰ–2 (1978) :

1967 ਵਿੱਚ ਏ ਏ ਸੀ ਆਰ–1 ਦੇ ਪ੍ਰਕਾਸ਼ਨ ਤੋਂ ਬਾਅਦ ਕੁਝ ਇਹੋ ਜਿਹੇ ਮਹੱਤਵਪੂਰਨ ਵਿਕਾਸ ਹੋਏ ਜਿਨ੍ਹਾਂ ਕਰਕੇ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਕੋਡ ਵਿੱਚ ਪੂਰੇ ਬਦਲਾਅ ਦੀ ਲੋੜ ਹੈ। ਉਹ ਕਾਰਜ, ਜਿਨ੍ਹਾਂ ਨੇ ਏ ਏ ਸੀ ਆਰ–2 ਦੇ ਵਿਕਾਸ ਨੂੰ ਜ਼ਰੂਰੀ ਬਣਾ ਦਿੱਤਾ, ਹੇਠ ਲਿਖੇ ਹਨ :–

i) ਮੋਨੋਗ੍ਰਾਫਸ, ਲੜੀਵਾਰ ਪ੍ਰਕਾਸ਼ਨਾਂ ਅਤੇ ਦੂਸਰੀ ਸਾਮੱਗਰੀ ਲਈ ਅੰਤਰਰਾਸ਼ਟਰੀ ਸਟੈਂਡਰਡਾਂ ਦਾ ਬਣਨਾ। ਇਸ ਨੇ ਇਹ ਜ਼ਰੂਰੀ ਕਰ ਦਿੱਤਾ ਕਿ ਏ ਏ ਸੀ ਆਰ ਦੇ ਬਿਬਲਿਓਗ੍ਰਾਫਿਕ ਬਿਰਤਾਂਤ ਦੇ ਨਿਯਮ ਦੁਬਾਰਾ ਬਣਾਏ ਜਾਣ ਤਾਂ ਕਿ ਬਿਬਲਿਓਗ੍ਰਾਫਿਕ ਡਾਟੇ ਦਾ ਅੰਤਰਰਾਸ਼ਟਰੀ ਪੱਧਰ 'ਤੇ ਆਦਾਨ-ਪ੍ਰਦਾਨ ਸੰਭਵ ਹੋ ਸਕੇ।

ii) ਏ ਏ ਸੀ ਆਰ (1967) ਦੇ ਮੁੱਢ ਤੋਂ ਹੀ ਗੈਰ-ਪੁਸਤਕ ਸਾਮੱਗਰੀ ਲਈ ਨਿਯਮ ਨਾਕਾਫ਼ੀ ਸਨ; ਜਿਸ ਕਰਕੇ ਗੈਰ-ਪੁਸਤਕ ਸਾਮੱਗਰੀ ਲਈ ਕਈ ਹੋਰ ਕੋਡ ਬਣਾਏ ਜਾ ਰਹੇ ਸਨ।

iii) ਉੱਤਰੀ ਅਮਰੀਕਨ ਅਤੇ ਬ੍ਰਿਟਿਸ਼ ਸੰਸਕਰਣਾਂ ਵਿੱਚ ਜਿਹੜੇ ਅਲਗਾਵ ਦੇ ਨੁਕਤੇ ਸਨ; ਉਨ੍ਹਾਂ ਨੂੰ ਹੌਲੀ-ਹੌਲੀ ਸੁਲਝਾ ਲਿਆ ਗਿਆ। ਇਸ ਨੇ ਇੱਕ ਸੰਯੁਕਤ ਕੋਡ ਦੀ ਸੰਭਾਵਨਾ ਨੂੰ ਜਨਮ ਦਿੱਤਾ।

iv) 1969 ਤੋਂ ਬਾਅਦ ਵੱਖ-ਵੱਖ ਸਮੇਂ 'ਤੇ ਏ ਏ ਸੀ ਆਰ ਦੇ ਚੈਪਟਰ 6, 12 ਅਤੇ 14 ਸੋਧੇ ਗਏ; ਜਿਸ ਨੇ ਕੋਡ ਦੀ ਵਰਤੋਂ ਨੂੰ ਅਸੁਵਿਧਾਜਨਕ ਬਣਾ ਦਿੱਤਾ।

v) ਵਧਦੇ ਮਸ਼ੀਨੀਕਰਨ, ਕੇਂਦਰੀ ਅਤੇ ਬਿਬਲਿਓਗ੍ਰਾਫਿਕ ਸੇਵਾਵਾਂ ਅਤੇ ਨੈਟਵਰਕਾਂ ਦੀ ਉੱਤਪਤੀ ਅਤੇ ਵਿਕਾਸ ਅਤੇ ਨਵੇਂ ਮਾਧਿਅਮਾਂ ਦੀ ਆਮਦ ਤੋਂ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਇੱਕ ਅਜਿਹਾ ਕੋਡ ਬਣਾਇਆ ਜਾਵੇ ਜਿਹੜਾ ਕੰਪਿਊਟਰੀਕ੍ਰਿਤ ਕੰਮ ਲਈ ਵੀ ਮਦਦਗਾਰ ਸਾਬਿਤ ਹੋ ਸਕੇ।

ਇਨ੍ਹਾਂ ਸਾਰੀਆਂ ਸਮੱਸਿਆਵਾਂ, ਬਦਲਾਵਾਂ ਅਤੇ ਵਿਕਾਸਾਂ ਨੂੰ ਧਿਆਨ ਵਿੱਚ ਰੱਖਕੇ ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼ ਦਾ ਦੂਸਰਾ ਐਡੀਸ਼ਨ (ਏ ਏ ਸੀ ਆਰ–2) 1978 ਵਿੱਚ ਛਾਪਿਆ ਗਿਆ। ਇਸ ਨੂੰ ਏ.ਐਲ.ਏ., ਐਲ.ਏ., ਕਨੇਡੀਅਨ ਕਮੇਟੀ ਆਨ ਕੈਟਾਲਾਗਿੰਗ ਅਤੇ ਲਾਇਬ੍ਰੇਰੀ ਆਫ਼ ਕਾਂਗ੍ਰੇਸ ਨੇ ਮਿਲਕੇ ਤਿਆਰ ਕੀਤਾ।

ਏ ਏ ਸੀ ਆਰ–2 ਪਿਛਲੇ ਕੋਡ ਨਾਲੋਂ ਕਾਫ਼ੀ ਵੱਖਰਾ ਹੈ। ਇਸ ਦੀ ਜਾਣਕਾਰੀ ਹੇਠ ਲਿਖੇ ਉਨ੍ਹਾਂ ਉਦੇਸ਼ਾਂ ਤੋਂ ਮਿਲਦੀ ਹੈ, ਜਿਹੜੇ 1971 ਵਿੱਚ ਸਾਂਝੀ ਸਟੀਅਰਿੰਗ ਕਮੇਟੀ ਨੇ ਏ ਏ ਸੀ ਆਰ–1 ਦੀ ਸੁਧਾਈ ਲਈ ਪੇਸ਼ ਕੀਤੇ ਸਨ :–

i) ਬਿਬਲਿਓਗ੍ਰਾਫਿਕ ਰੀਕਾਰਡਾਂ ਨੂੰ ਮਸ਼ੀਨਾਂ ਨਾਲ ਤਿਆਰ ਕਰਨ ਵਿੱਚ ਹੋਏ ਵਿਕਾਸ ਨੂੰ ਦਰਸਾਉਣਾ।

ii) ਉੱਤਰੀ ਅਮਰੀਕਨ ਅਤੇ ਬ੍ਰਿਟਿਸ਼ ਸੰਸਕਰਣਾਂ ਨੂੰ ਮਿਲਾ ਕੇ ਇੱਕੋ ਹੀ ਸੰਸਕਰਣ ਵਿੱਚ ਪੇਸ਼ ਕਰਨਾ ਅਤੇ 1967 ਤੋਂ ਬਾਅਦ ਹੋਏ ਅਧਿਕਾਰਤ ਬਦਲਾਵਾਂ ਨੂੰ ਸਮਿਲਤ ਕਰਨਾ।

iii) ਅੰਤਰਰਾਸ਼ਟਰੀ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੋਧਾਂ ਅਤੇ ਤਬਦੀਲੀਆਂ ਨੂੰ ਸ਼ਾਮਿਲ ਕਰਨਾ।

iv) 1961 ਦੇ ਪੈਰਿਸ ਸਿਧਾਂਤਾਂ ਦੀ ਪੁਸ਼ਟੀ ਕਰਨਾ ਅਤੇ ਮੋਨੋਗ੍ਰਾਫਾਂ ਅਤੇ ਦੂਸਰੀ ਸਾਮੱਗਰੀ ਦੇ ਬਿਬਲਿਓਗ੍ਰਾਫਿਕ ਬਿਰਤਾਂਤਾਂ ਲਈ ਆਈ.ਐਸ.ਬੀ.ਡੀ. ਨੂੰ ਆਧਾਰ ਬਣਾਉਣਾ।

**1.3221 ਵਿਕਲਪ (Options) :**

ਏ ਏ ਸੀ ਆਰ-2 ਵਿੱਚ 'ਵਿਕਲਪ ਵਾਧੇ', 'ਵਿਕਲਪ ਨਿਯਮ', 'ਵਿਕਲਪ ਵਜੋਂ', ਸਿਰਲੇਖਾਂ ਹੇਠ ਸਥਾਪਿਤ ਨਿਯਮਾਂ ਦੇ ਕਈ ਵਿਕਲਪ ਦਿੱਤੇ ਹੋਏ ਹਨ। ਇਹ ਨਿੱਜੀ ਲਾਇਬ੍ਰੇਰੀਆਂ ਅਤੇ ਕੈਟਾਲਾਗਿੰਗ ਏਜੰਸੀਆਂ ਨੂੰ ਲੋਕਲ ਪੱਧਰ ਦੇ ਨਿਯਮਾਂ ਬਾਰੇ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ।

**1.3.2.2.2 ਏ ਏ ਸੀ ਆਰ-2 ਦੀ ਸੰਰਚਨਾ :**

ਏ ਏ ਸੀ ਆਰ-2 ਦੇ ਦੋ ਭਾਗ ਹਨ। ਪਹਿਲੇ ਭਾਗ ਵਿੱਚ ਲਾਇਬ੍ਰੇਰੀ ਸਾਮੱਗਰੀ ਦੀਆਂ ਸਾਰੀਆਂ ਕਿਸਮਾਂ ਦੀ ਸਾਮੱਗਰੀ ਦੇ ਬਿਰਤਾਂਤ ਲਈ ਪ੍ਰਮਾਣਿਤ ਨਿਯਮ ਹਨ। ਇਹ ਭਾਗ ਜਨਰਲ ਅਤੇ ਵਿਸ਼ੇਸ਼ ਸਾਮੱਗਰੀ ਦੇ ਬਿਰਤਾਂਤ ਲਈ ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ ਦੇ ਨਿਯਮਾਂ ਉਤੇ ਆਧਾਰਿਤ ਹੈ। ਦੂਜਾ ਭਾਗ ਹੈਡਿੰਗਾਂ ਨੂੰ ਨਿਰਧਾਰਣ ਅਤੇ ਸਥਾਪਿਤ ਕਰਨ ਅਤੇ ਸੂਚੀ ਵਿੱਚ ਪਹੁੰਚ ਨੁਕਤਿਆਂ ਬਾਰੇ ਨਿਰਣਾ ਲੈਣ ਲਈ ਕੰਮ ਕਰਦਾ ਹੈ। ਹੈਡਿੰਗਾਂ ਅਤੇ ਪਹੁੰਚ ਨੁਕਤਿਆਂ ਵਿੱਚ ਦਿੱਤੀ ਜਾਣ ਵਾਲੀ ਜਾਣਕਾਰੀ ਬਾਰੇ ਵੀ ਇਨ੍ਹਾਂ ਨਿਯਮਾਂ ਵਿੱਚ ਵਿਵਸਥਾ ਹੈ। ਇਸ ਭਾਗ ਵਿੱਚ ਮੁੱਖ ਅਤੇ ਵਾਧੂ ਇੰਦਰਾਜਾਂ ਦੀ ਚੋਣ ਕਰਨ (ਚੈਪਟਰ 21), ਹੈਡਿੰਗ ਅਤੇ ਯੂਨੀਫਾਰਮ ਸਿਰਲੇਖ (ਚੈਪਟਰ 22-25) ਅਤੇ ਸੰਦਰਭ (ਚੈਪਟਰ 26) ਬਣਾਉਣ ਲਈ ਨਿਯਮ ਹਨ। ਉਪਰੋਕਤ ਵੰਡ ਆਈ.ਐਸ.ਬੀ.ਡੀ. 'ਤੇ ਆਧਾਰਿਤ ਹੈ। ਆਈ.ਐਸ.ਬੀ.ਡੀ. ਬਿਬਲਿਓਗ੍ਰਾਫਿਕ ਵੇਰਵੇ ਅਤੇ ਪਹੁੰਚ ਨੁਕਤਿਆਂ ਵਿੱਚ ਅੰਤਰ ਦੱਸਦਾ ਹੈ। ਏ ਏ ਸੀ ਆਰ-2 ਵਿੱਚ ਸੂਚੀਕਰਣ ਲਈ ਅੱਜਕੱਲ੍ਹ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਇਹ ਇਸ ਧਾਰਨਾ 'ਤੇ ਆਧਾਰਿਤ ਹੈ ਕਿ ਬਿਬਲਿਓਗ੍ਰਾਫਿਕ ਰੀਕਾਰਡਾਂ ਦੇ ਬਹੁਤ ਫਾਇਦੇ ਹੋਣੇ ਚਾਹੀਦੇ ਹਨ। ਏ ਏ ਸੀ ਆਰ-2 ਦੇ ਨਿਯਮਾਂ ਨੂੰ ਲਾਗੂ ਕਰਨ ਲਈ ਕੈਟਾਲਾਗਰ ਤੋਂ ਆਸ ਕੀਤੀ ਜਾਂਦੀ ਹੈ ਕਿ ਸਭ ਤੋਂ ਪਹਿਲਾਂ ਕੈਟਾਲਾਗ ਕੀਤੀ ਜਾਣ ਵਾਲੀ ਭੌਤਿਕ ਵਸਤੂ ਦੇ ਬਿਰਤਾਂਤ ਲਈ ਉਪਲਬਧ ਡਾਟੇ ਨੂੰ ਸਟੈਂਡਰਡ ਰੂਪ ਵਿੱਚ ਬਦਲੇ। ਦੂਜੇ ਪੜਾਅ ਵਿੱਚ ਆਸ ਕੀਤੀ ਜਾਂਦੀ ਹੈ ਕਿ ਉਹ ਹੈਡਿੰਗ ਅਤੇ ਯੂਨੀਫਾਰਮ ਸਿਰਲੇਖਾਂ ਰਾਹੀਂ ਲੇਖਕ ਦੇ ਨਾਂ ਅਤੇ ਸਿਰਲੇਖ ਨੂੰ ਸਟੈਂਡਰਡ ਪਹੁੰਚ ਪ੍ਰਦਾਨ ਕਰੇ ਤਾਂ ਜੋ ਵਰਤਣ ਵਾਲੇ ਆਪਣੀ ਸਬੰਧਤ ਭੌਤਿਕ ਵਸਤੂ ਜਾਂ ਸਾਮੱਗਰੀ ਨੂੰ ਲੱਭ ਸਕਣ।

**1.3.2.3ਏ ਏ ਸੀ ਆਰ-2 ਦੀ 1988 ਵਾਲੀ ਸੋਧ :**

ਏ ਏ ਸੀ ਆਰ-2 ਦੇ ਲਾਗੂ ਹੋਣ ਉਪਰੰਤ ਵਰਤੋਂ ਕਰਨ ਵਾਲਿਆਂ ਨੂੰ ਇਸ ਦੇ ਨਿਯਮਾਂ ਵਿੱਚ ਕੁਝ ਅੰਤਰ-ਵਿਰੋਧ ਨਜ਼ਰ ਆਏ। ਇਸ ਕਾਰਨ ਨਿਯਮਾਂ ਵਿੱਚ ਫੇਰ ਸੁਧਾਈ ਦੀ ਲੋੜ ਮਹਿਸੂਸ ਕੀਤੀ ਗਈ। ਨਤੀਜੇ ਵਜੋਂ ਇਸ ਵਿੱਚ ਸੋਧ ਕਰਨ ਲਈ ਲਾਇਬ੍ਰੇਰੀ ਆਫ਼ ਕਾਂਗ੍ਰੇਸ; ਏ.ਐਲ.ਏ.; ਕਨੇਡੀਅਨ ਐਲ.ਏ. ਅਤੇ ਆਸਟ੍ਰੇਲਿਅਨ ਐਲ.ਏ. ਨੇ ਰਲ ਕੇ ਇੱਕ ਸਾਂਝੀ ਸਟੀਅਰਿੰਗ ਕਮੇਟੀ (JSC) ਬਣਾਈ। ਜੇ ਐਸ ਸੀ ਵੱਲੋਂ ਏ ਏ ਸੀ ਆਰ-2 ਦੇ ਤਿੰਨ ਸੋਧ ਸੈਟ ਛਾਪੇ ਗਏ - ਭੂਗੋਲਿਕ ਸੁਧਾਰ; ਸ਼ਾਬਦਿਕ ਸੋਧਾਂ; ਅਤੇ ਵਾਧੂ ਨਿਯਮ। ਇਹ ਸੋਧਾਂ ਕ੍ਰਮਵਾਰ 1982, 1984 ਅਤੇ 1986 ਵਿੱਚ ਜਾਰੀ ਕੀਤੀਆਂ ਗਈਆਂ। ਕੰਪਿਊਟਰ ਫ਼ਾਈਲਾਂ ਦੇ ਲਗਾਤਾਰ ਬਦਲਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਪਿਊਟਰ ਫ਼ਾਈਲਾਂ ਲਈ 1986 ਵਿੱਚ ਚੈਪਟਰ-9 ਨੂੰ ਸੋਧ ਕੇ ਛਾਪਿਆ ਗਿਆ। ਇਨ੍ਹਾਂ ਸਾਰੇ ਪਰਿਵਰਤਨਾਂ ਕਾਰਨ ਇਹ ਸੋਚਿਆ ਗਿਆ ਕਿ ਏ ਏ ਸੀ ਆਰ ਦਾ ਤੀਸਰਾ ਐਡੀਸ਼ਨ ਛਾਪ ਦਿੱਤਾ ਜਾਵੇ। JSC ਨੇ ਨਵੇਂ ਐਡੀਸ਼ਨ ਨੂੰ ਤੀਸਰਾ ਐਡੀਸ਼ਨ ਗਰਦਾਨਣ ਦੀ ਬਜਾਏ ਦੂਸਰਾ ਸ਼ੋਧਿਤ ਐਡੀਸ਼ਨ 1988 ਕਹਿਣ ਦਾ ਫੈਸਲਾ ਕੀਤਾ; ਕਿਉਂਕਿ ਮੂਲ ਨਿਯਮਾਂ ਵਿੱਚ ਬਹੁਤ ਜ਼ਿਆਦਾ ਤਬਦੀਲੀ ਨਹੀਂ ਕੀਤੀ ਗਈ ਸੀ।

ਸੰਨ 1988 ਵਾਲੀ ਸੋਧ ਕਾਰਨ ਏ ਏ ਸੀ ਆਰ–2 ਦੀ ਮੂਲ ਵਿਚਾਰਧਾਰਾ, ਸਿਧਾਂਤਾਂ ਅਤੇ ਸੰਰਚਨਾ ਵਿੱਚ ਬਹੁਤਾ ਫ਼ਰਕ ਨਹੀਂ ਆਇਆ। ਏ ਏ ਸੀ ਆਰ–2 ਦੀ 1988 ਵਾਲੀ ਸੋਧ ਵਿੱਚ ਏ ਏ ਸੀ ਆਰ–2 ਦੇ ਸੰਨ 1978 ਵਿੱਚ ਹੋਏ ਪ੍ਰਕਾਸ਼ਨ ਤੋਂ ਬਾਅਦ ਸੋਧੇ ਗਏ ਨਿਯਮ, ਕੰਪਿਊਟਰ ਫ਼ਾਈਲਾਂ ਦਾ ਸੋਧਿਆ ਚੈਪਟਰ; ਸੰਗੀਤ ਦੇ ਸੋਧੇ ਨਿਯਮ; ਵੱਖਰੇ ਬਿਬਲਿਓਗ੍ਰਾਫਿਕ ਅਸਿਤਤਵਾਂ ਬਾਰੇ ਪੁਨਰ ਵਿਚਾਰ; ਸਿਰਲੇਖ; ਲੇਖਕ; ਹੈਡਿੰਗ; ਭੂਗੋਲਿਕ ਨਾਂ ਅਤੇ ਨਿਗਮ ਲੇਖਕ ਦੇ ਸੋਧੇ ਨਿਯਮ; ਅਤੇ ਨੇਤਰਹੀਣਾਂ ਲਈ ਸਾਮੱਗਰੀ ਨੂੰ ਪ੍ਰਗਟਾਉਣ ਦੀ ਸੁਵਿਧਾ ਦੇ ਨਿਯਮ ਸ਼ਾਮਿਲ ਕੀਤੇ ਗਏ। ਇਸ ਤੋਂ ਇਲਾਵਾ ਮੌਜੂਦਾ ਬਹੁਤ ਸਾਰੇ ਨਿਯਮਾਂ ਨੂੰ ਠੀਕ ਜਾਂ ਸਪੱਸ਼ਟ ਕੀਤਾ ਗਿਆ।

### 1.3231 ਸੰਨ 1988 ਵਾਲੀ ਸੋਧ ਵਿੱਚ ਨਿਯਮਾਂ ਦੀ ਸੰਰਚਨਾ :

ਇਸ ਸੋਧ ਵਿੱਚ ਨਿਯਮਾਂ ਦੀ ਸੰਰਚਨਾ ਏ ਏ ਸੀ ਆਰ–2 (1978) ਦੀ ਤਰ੍ਹਾਂ ਹੀ ਹੈ। ਕੋਡ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ :

ਭਾਗ–1 : ਬਿਰਤਾਂਤ ਜਾਂ ਵੇਰਵਾ (Description)
ਭਾਗ–2 : ਹੈਡਿੰਗ, ਯੂਨੀਫਾਰਮ ਹੈਡਿੰਗ ਅਤੇ ਸੰਦਰਭ

ਪਹਿਲੇ ਭਾਗ ਵਿੱਚ 13 ਚੈਪਟਰ ਹਨ। ਪਹਿਲੇ ਚੈਪਟਰ ਵਿੱਚ ਹਰ ਇੱਕ ਕਿਸਮ ਦੀ ਪਾਠ ਸਾਮੱਗਰੀ ਦੇ ਬਿਰਤਾਂਤ ਲਈ ਆਮ ਨਿਯਮ ਦਿੱਤੇ ਗਏ ਹਨ।

ਚੈਪਟਰ 2–12 ਵਿੱਚ ਵਿਸ਼ੇਸ਼ ਤਰ੍ਹਾਂ ਦੀ ਸਾਮੱਗਰੀ ਲਈ ਵਿਸਤਾਰ ਸਹਿਤ ਵਿਆਪਕ ਨਿਯਮ ਦਿੱਤੇ ਗਏ ਹਨ। ਚੈਪਟਰ–13 ਵਿੱਚ ਵਿਸ਼ਲੇਸ਼ਿਤ ਇੰਦਰਾਜਾਂ (Analytical Entries) ਤਿਆਰ ਕਰਨ ਅਤੇ ਬਹੁ–ਪੱਧਰੀ ਬਿਰਤਾਂਤ ਦੇ ਨਿਯਮ ਦਿੱਤੇ ਗਏ ਹਨ। ਭਾਗ 1 ਦੇ ਚੈਪਟਰਾਂ ਦੀ ਵੰਡ ਹੇਠ ਅਨੁਸਾਰ ਹੈ :

ਚੈਪਟਰ–1 : ਵੇਰਵੇ ਦੇ ਆਮ ਨਿਯਮ
ਚੈਪਟਰ–2 : ਪੁਸਤਕਾਂ, ਪੈਂਫਲਿਟ ਅਤੇ ਮੋਨੋਗ੍ਰਾਫ
ਚੈਪਟਰ–3 : ਨਕਸ਼ਾਕਾਰਕ ਸਾਮੱਗਰੀ
ਚੈਪਟਰ–4 : ਹੱਥ ਲਿਖਤਾਂ
ਚੈਪਟਰ–5 : ਸੰਗੀਤ
ਚੈਪਟਰ–6 : ਧੁਨੀ ਦੀ ਰੀਕਾਰਡਿੰਗ
ਚੈਪਟਰ–7 : ਚਲ–ਚਿੱਤਰ ਅਤੇ ਵਿਡਿਓ ਰੀਕਾਰਡਿੰਗ
ਚੈਪਟਰ–8 : ਚਿੱਤਰਕਾਰੀ ਸੰਬੰਧੀ ਸਾਮੱਗਰੀ
ਚੈਪਟਰ–9 : ਕੰਪਿਊਟਰ ਫ਼ਾਈਲਾਂ
ਚੈਪਟਰ–10 : ਤਿੰਨ ਪਾਸੜ ਕਲਾਕਿਰਤਾਂ ਅਤੇ ਰਿਐਲੀਆ (Realia)
ਚੈਪਟਰ–11 : ਮਾਈਕਰੋਫਾਰਮ
ਚੈਪਟਰ–12 : ਲੜੀਵਾਰ ਪ੍ਰਕਾਸ਼ਨਾਵਾਂ
ਚੈਪਟਰ–13 : ਵਿਸ਼ਲੇਸ਼ਣ

ਭਾਗ– 2 ਵਿੱਚ ਹੇਠ ਲਿਖੇ 6 ਚੈਪਟਰ ਦਿੱਤੇ ਗਏ ਹਨ :–

ਚੈਪਟਰ–21 : ਪਹੁੰਚ ਚਿੰਨ੍ਹਾਂ ਜਾਂ ਨੁਕਤਿਆਂ ਦੀ ਚੋਣ
ਚੈਪਟਰ–22 : ਵਿਅਕਤੀਆਂ ਲਈ ਹੈਡਿੰਗ
ਚੈਪਟਰ–23 : ਭੂਗੋਲਿਕ ਨਾਮ
ਚੈਪਟਰ–24 : ਨਿਗਮ ਲੇਖਕਾਂ ਲਈ ਹੈਡਿੰਗ
ਚੈਪਟਰ–25 : ਯੂਨੀਫਾਰਮ ਸਿਰਲੇਖ
ਚੈਪਟਰ–26 : ਸੰਦਰਭ

ਇਸ ਵਿੱਚ ਚਾਰ ਅੰਤਿਕਾਵਾਂ ਵੀ ਦਿੱਤੀਆਂ ਗਈਆਂ ਹਨ – (ੳ) ਵੱਡੇ ਅੱਖ਼ਰਾਂ ਦੀ ਵਰਤੋਂ; (ਅ) ਸੰਖੇਪ ਰੂਪ; (ੲ) ਆਂਕੜੇ; ਅਤੇ (ਸ) ਸ਼ਬਦਾਵਲੀ ਅਤੇ ਇੱਕ ਇੰਡੈਕਸ ਵੀ ਦਿੱਤਾ ਗਿਆ ਹੈ।

ਦੋਹਾਂ ਹੀ ਭਾਗਾਂ ਵਿੱਚ ਨਿਯਮ – ਆਮ ਤੋਂ ਵਿਸ਼ੇਸ਼ ਵੱਲ ਵਧਦੇ ਹਨ। ਪਹਿਲੇ ਭਾਗ ਦੀ ਵਿਸ਼ੇਸ਼ਤਾ ਕੈਟਾਲਾਗ ਕੀਤੀ ਜਾਣ ਵਾਲੀ ਆਈਟਮਾਂ ਦੇ ਭੌਤਿਕ ਮਾਧਿਅਮ ਦੇ ਹਰ ਇੱਕ ਤੱਤ ਲਈ ਲੋੜੀਂਦੇ ਬਿਰਤਾਂਤਾਂ ਦਾ ਗਿਆਨ ਦੇਣ ਨਾਲ ਸੰਬੰਧਤ ਹੈ। ਕੋਡ ਵਿੱਚ ਵਿਕਲਪ ਅਤੇ ਬਦਲਵੇਂ ਨਿਯਮ ਵੀ ਦਿੱਤੇ ਹੋਏ ਹਨ; ਜਿਹੜੇ ਇੱਕ ਕੈਟਾਲਾਗਰ ਨੂੰ ਇਸ ਯੋਗ ਬਣਾਉਂਦੇ ਹਨ ਕਿ ਉਹ ਆਪਣੀ ਲਾਇਬ੍ਰੇਰੀ ਦੀ ਜ਼ਰੂਰਤ ਦੇ ਮੁਤਾਬਿਕ ਨਿਯਮ ਦੀ ਚੋਣ ਕਰ ਸਕੇ।

### 1.3232 ਟਿੱਪਣੀਆਂ :

ਭਾਵੇਂ ਏ ਏ ਸੀ ਆਰ–2 ਦਾ 1988 ਵਾਲਾ ਸੋਧਿਆ ਹੋਇਆ ਸੰਸਕਰਣ ਕੈਟਾਲਾਗਿੰਗ ਡਾਟਾ ਦੇ ਆਦਾਨ-ਪ੍ਰਦਾਨ ਲਈ ਇੱਕ ਬਹੁਤ ਵੱਡਾ ਕਦਮ ਹੈ ਅਤੇ ਕੋਡ ਨੂੰ ਬਣਾਉਣ ਵਾਲਿਆਂ ਨੇ ਨਵੇਂ ਵਿਕਸਿਤ ਹੋ ਰਹੇ ਮਾਧਿਅਮਾਂ ਲਈ ਵਿਸਤ੍ਰਿਤ ਨਿਯਮ ਉਲੀਕਣ ਦੀ ਪੂਰੀ ਕੋਸ਼ਿਸ਼ ਵੀ ਕੀਤੀ ਹੈ; ਤਾਂ ਵੀ ਇਹ ਲਾਇਬ੍ਰੇਰੀ ਆਟੋਮੇਸ਼ਨ ਦੇ ਪਸਾਰੇ ਲਈ ਪੂਰੀ ਤਰ੍ਹਾਂ ਮਦਦਗਾਰ ਹੋਣ ਵਿੱਚ ਅਸਫਲ ਰਿਹਾ ਹੈ, ਕਿਉਂਕਿ ਨਿਯਮ ਚਿਰ ਸਥਾਈ ਨਹੀਂ ਹੁੰਦੇ। ਇਨ੍ਹਾਂ ਨੂੰ ਬਦਲਦੀਆਂ ਜ਼ਰੂਰਤਾਂ ਅਨੁਸਾਰ ਬਦਲਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਤਕਨੀਕੀ ਪ੍ਰਗਤੀਆਂ ਕਾਰਨ ਕੈਟਾਲਾਗਿੰਗ ਦੇ ਖੇਤਰ ਵਿੱਚ ਆਏ ਵਿਕਾਸ ਇਹ ਮੰਗ ਕਰਦੇ ਹਨ ਕਿ ਲਾਇਬ੍ਰੇਰੀ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਕੋਡ ਦੀ ਲਗਾਤਾਰ ਸੋਧ ਹੋਣੀ ਚਾਹੀਦੀ ਹੈ।

### 1.3.2.4ਰੀਸੋਰਸ ਡਿਸਕ੍ਰਿਪਸ਼ਨ ਅਤੇ ਐਕਸੈਸ (ਆਰ.ਡੀ.ਏ.) :

ਆਰ.ਡੀ.ਏ. ਬਾਰੇ ''ਇੰਟਰਨੈਸ਼ਨਲ ਕਾਨਫਰੰਸ ਆਨ ਦੀ ਪ੍ਰਿੰਸੀਪਲਸ ਐਂਡ ਫਯੂਚਰ ਡਿਵੈਲਪਮੈਂਟ ਆਫ ਏ.ਏ.ਸੀ.ਆਰ'' ਦੀ ਟੋਰਾਂਟੋ ਵਿਖੇ 1997 ਵਿਚ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ। ਇਸ ਕਰਕੇ 'ਏ.ਏ.ਸੀ.ਆਰ 2' ਦੀ ਵਿਆਪਕ ਰੀਵੀਜ਼ਨ ਕੀਤੀ ਗਈ, ਜਿਹੜੀ ਕਿ 'ਏ.ਏ.ਸੀ.ਆਰ. 3' ਦੀ ਨਵੇਂ ਸਿਰਲੇਖ ''ਰੀਸੋਰਸ ਡਿਸਕ੍ਰਿਪਸ਼ਨ ਅਤੇ ਐਕਸੈਸ (ਆਰ.ਡੀ.ਏ.) ਦੇ ਰੂਪ ਵਿਚ 2010 ਵਿੱਚ ਸਾਹਮਣੇ ਆਈ।

ਆਰ.ਡੀ.ਏ. ਲਾਇਬ੍ਰੇਰੀਆਂ ਅਤੇ ਦੂਜੀਆਂ ਸਭਿਆਚਾਰਕ ਸੰਸਥਾਵਾਂ ਜਿਵੇਂ ਕਿ : ਮਿਊਜ਼ੀਅਮ ਅਤੇ ਗੋਲਬੀਆ ਵਿਚ ਪਈ ਸਮਗਰੀ ਦੇ ਸੂਚੀਕਰਣ ਲਈ ਨਿਰਦੇਸ਼ਾਂ ਦਾ ਸੈਟ ਹੈ। ਜਿਵੇਂ ਕਿ ਪਹਿਲਾਂ ਹੀ ਦਸਿਆ ਗਿਆ ਹੈ ਆਰ.ਡੀ.ਏ. (RDA) ਏ.ਏ.ਸੀ.ਆਰ. 2 ਦਾ ਉੱਤਰ ਅਧਿਕਾਰੀ (Successor) ਸੰਸਕਰਣ ਹੈ, ਜਿਹੜਾ ਕਿ 2010 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਆਰ.ਡੀ.ਏ. ਅਤੇ ਏ.ਏ.ਸੀ.ਆਰ. 2 ਵਿਚ ਮੂਲ ਫਰਕ ਇਨ੍ਹਾਂ ਦੀ ਬਣਤਰ ਵਿੱਚ ਲੁਪਤ ਹੈ। ਆਰ.ਡੀ.ਏ. ਨੂੰ ''ਫੰਕਸ਼ਨਲ ਰੀਕੁਆਇਰਮੈਂਟ ਫਾਰ ਬਿਬਲਿਓਗ੍ਰਾਫਿਕ ਰੀਕਾਰਡਜ਼ (FRBR) ਦੀ ਲੀਹਾਂ ਤੇ ਤਿਆਰ ਕੀਤਾ ਗਿਆ ਹੈ। ਇਸਦੀ ਵਿਆਪਕ ਮੰਨਜ਼ੂਰੀ ਬਾਰੇ ਅਜੇ ਅਧਿਐਨ ਕੀਤਾ ਜਾ ਰਿਹਾ ਹੈ।

### 1.3.3 ਸਾਰ (Summary) :

ਇਹ ਪਾਠ ਮਹੱਤਵਪੂਰਨ ਕੋਡ ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼ (ਏ ਏ ਸੀ ਆਰ) ਦੇ ਵਿਕਾਸ ਦੀ ਚਰਚਾ ਕਰਦਾ ਹੈ। ਇਹ ਏ ਏ ਸੀ ਆਰ ਦੀਆਂ ਵਿਸ਼ੇਸ਼ਤਾਵਾਂ ਦਾ ਵਿਸਤਾਰ ਵਿੱਚ ਵਰਣਨ ਵੀ ਕਰਦਾ ਹੈ।

### 1.3.4 ਸ਼ਬਦਾਵਲੀ (Glossary) :

ਆਈ.ਸੀ.ਸੀ.ਪੀ. : ਇਹ ਇੰਟਰਨੈਸ਼ਨਲ ਕਾਨਫ਼ਰੰਸ ਆਨ ਕੈਟਾਲਾਗਿੰਗ ਪ੍ਰਿੰਸੀਪਲਜ਼ ਲਈ ਹੈ। ਇਹ ਕਾਨਫ਼ਰੰਸ 1961 ਵਿੱਚ ਪੈਰਿਸ ਵਿੱਚ ਹੋਈ ਸੀ।

ਆਈ.ਐਸ.ਬੀ.ਡੀ. : ਇਹ ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ ਲਈ ਵਰਤੀ ਜਾਂਦੀ ਹੈ।

### 1.3.5 ਸੰਦਰਭ ਅਤੇ ਹੋਰ ਅਧਿਐਨ ਲਈ :


1. Anglo American Cataloguing Rules (1978) 2nd ed. London : Library Association
2. Chan, Lais Mai (1994), Cataloguing and Classification : An introduction. 2nd ed. New York : McGraw Hill.
3. Hanson, ER and Daily, J.E. (1974). Catalogs and Cataloguing Encyclopaedia of Library and Information Science. Vol-4, London : Marcel Dekker, pp. 242-305

4. Krishan Kumar (2000). Theory of Cataloguing. 5th rev. ed. 2nd Reprint, New Delhi : Vikas
5. Tripathi, S.M. (1978), Modern Cataloguing : Theory and Practice. 2nd ed. Agra : Shiva Lal Agarwala.

## 1.3.6 ਸਵੈ-ਨਿਰੀਖਣ ਅਭਿਆਸ :

ਨੋਟ : ਹਰੇਕ ਪ੍ਰਸ਼ਨ ਦੇ ਥੱਲੇ ਦਿੱਤੀ ਜਗ੍ਹਾ ਵਿੱਚ ਉੱਤਰ ਲਿਖੋ ਅਤੇ ਆਪਣੇ ਉੱਤਰਾਂ ਦਾ ਅੰਤ ਵਿੱਚ ਦਿੱਤੇ ਉਤਰਾਂ ਨਾਲ ਨਿਰੀਖਣ ਕਰੋ।

1. ਇੱਕ ਲਾਇਬ੍ਰੇਰੀ ਕੈਟਾਲਾਗ ਕੋਡ ਦੀ ਪਰਿਭਾਸ਼ਾ ਦਿਉ।

______________________________________________________________________
______________________________________________________________________
______________________________________________________________________
______________________________________________________________________

2. ਏ ਏ ਸੀ ਆਰ-2 ਦੀ ਸੰਰਚਨਾ ਸੰਖੇਪ ਵਿੱਚ ਦੱਸੋ।

______________________________________________________________________
______________________________________________________________________
______________________________________________________________________
______________________________________________________________________

## 1.3.7 ਸਵੈ-ਨਿਰੀਖਣ ਅਭਿਆਸ ਦੇ ਉੱਤਰ :

1. ਕੈਟਾਲਾਗ ਕੋਡ ਦਾ ਅਰਥ ਹੈ ਸੂਚੀਕਰਣ ਲਈ ਨਿਯਮ ਵਿਕਸਿਤ ਕਰਨੇ ਅਤੇ ਨਿਯਮ ਦਾ ਮਤਲਬ ਹੈ ਸੂਚੀਕਰਣ ਲਈ ਇੱਕੋ ਹੀ ਕਿਸਮ ਦੇ ਨਤੀਜੇ ਪ੍ਰਾਪਤ ਕਰਨੇ। ਕੈਟਾਲਾਗ ਕੋਡ ਅਤੇ ਸੂਚੀਕਰਣ ਦੇ ਨਿਯਮ ਕੈਟਾਲਾਗਰ ਦਾ ਪੱਥ-ਪ੍ਰਦਰਸ਼ਨ ਕਰਦੇ ਹਨ। ਇਨ੍ਹਾਂ ਤੋਂ ਇਹ ਵੀ ਸੇਧ ਮਿਲਦੀ ਹੈ ਕਿ ਪੁਸਤਕਾਂ ਦੇ ਇੰਦਰਾਜ ਕਿਸ ਤਰ੍ਹਾਂ ਬਣਾਉਣੇ ਹਨ।
2. ਏ ਏ ਸੀ ਆਰ-2 ਦੇ ਦੋ ਭਾਗ ਹਨ। ਪਹਿਲੇ ਭਾਗ ਵਿੱਚ ਲਾਇਬ੍ਰੇਰੀ ਸਾਮੱਗਰੀ ਦੀ ਸਾਰੀਆਂ ਕਿਸਮਾਂ ਦੀ ਸਾਮੱਗਰੀ ਦੇ ਬਿਰਤਾਂਤ ਲਈ ਪ੍ਰਮਾਣਿਤ ਨਿਯਮ ਹਨ। ਇਹ ਭਾਗ ਜਨਰਲ ਅਤੇ ਵਿਸ਼ੇਸ਼ ਸਾਮੱਗਰੀ ਦੇ ਬਿਰਤਾਂਤ ਲਈ ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ ਦੇ ਨਿਯਮਾਂ ਉਤੇ ਆਧਾਰਿਤ ਹੈ। ਦੂਜਾ ਭਾਗ ਹੈਡਿੰਗਾਂ ਨੂੰ ਨਿਰਧਾਰਣ ਅਤੇ ਸਥਾਪਿਤ ਕਰਨ ਅਤੇ ਸੂਚੀ ਵਿੱਚ ਪਹੁੰਚ ਨੁਕਤਿਆਂ ਬਾਰੇ ਨਿਰਣਾ ਦੇਣ ਲਈ ਕੰਮ ਕਰਦਾ ਹੈ। ਹੈਡਿੰਗਾਂ ਅਤੇ ਪਹੁੰਚ ਨੁਕਤਿਆਂ ਵਿੱਚ ਦਿੱਤੀ ਜਾਣ ਵਾਲੀ ਜਾਣਕਾਰੀ ਬਾਰੇ ਵੀ ਇਨ੍ਹਾਂ ਨਿਯਮਾਂ ਵਿੱਚ ਵਿਵਸਥਾ ਹੈ। ਇਸ ਭਾਗ ਵਿੱਚ ਮੁੱਖ ਅਤੇ ਵਾਧੂ ਇੰਦਰਾਜਾਂ ਦੀ ਚੋਣ ਕਰਨ (ਚੈਪਟਰ-21), ਹੈਡਿੰਗ ਅਤੇ ਯੂਨੀਫਾਰਮ ਸਿਰਲੇਖ (ਚੈਪਟਰ 22-25) ਅਤੇ ਸੰਦਰਭ (ਚੈਪਟਰ-26) ਬਣਾਉਣ ਲਈ ਨਿਯਮ ਹਨ।

**ਪਾਠ ਨੰ. 1.4**

**ਲੇਖਿਕਾ : ਡਾ. ਅਮ੍ਰਿਤਪਾਲ ਕੌਰ**

# ਸੂਚੀਕਰਣ ਵਿੱਚ ਵਿਕਾਸ ਅਤੇ ਪ੍ਰਚਲਿਤ ਰੁਝਾਨ
# (Developments and Recent Trends in Cataloguing)

**ਸੰਰਚਨਾ :**

1.4.0 ਉਦੇਸ਼
1.4.1 ਭੂਮਿਕਾ
1.4.2 ਸੂਚੀਕਰਣ ਦੇ ਨਿਯਮਾਂ ਦਾ ਵਿਸ਼ਵਵਿਆਪੀ ਕੋਡ ਬਣਾਉਣ ਦੀਆਂ ਕੋਸ਼ਿਸ਼ਾਂ
1.4.3 ਸੂਚੀਕਰਣ ਦੇ ਸਟੈਂਡਰਡ
1.4.3.1 ਆਈ.ਐਸ.ਓ.–2709
1.4.3.2 ਮਾਰਕ (MARC)
1.4.3.3 ਯੂਨੀਮਾਰਕ (UNIMARC)
1.4.3.4 ਸੀ.ਸੀ.ਐਫ.
1.4.3.5 ਆਈ.ਐਸ.ਬੀ.ਡੀ.
1.4.3.6 ਆਈ.ਐਸ.ਬੀ.ਐਨ.
1.4.4 ਨੈਟਵਰਕ ਅਤੇ ਸਹਿਕਾਰੀ ਆਟੋਮੇਸ਼ਨ ਗਰੁੱਪ
1.4.4.1 ਓ ਸੀ ਐਲ ਸੀ
1.4.4.2 ਬਲੇਜ਼ ਕੈਟਾਲਾਗਿੰਗ ਸਿਸਟਮ
1.4.4.3 ਯੂਨੀਵਰਸਿਟੀ ਆਫ਼ ਟੋਰਾਂਟੋ ਲਾਇਬ੍ਰੇਰੀ ਆਟੋਮੇਸ਼ਨ ਸਿਸਟਮ (UTLAS)
1.4.4.4 ਬਿਰਮਿੰਗਮ ਲਾਇਬ੍ਰੇਰੀਜ਼ ਕੋਆਪ੍ਰੇਟਿਵ ਮਸ਼ੀਨੀਕਰਣ ਪ੍ਰੋਜੈਕਟ (BLCMP)
1.4.4.5 ਬੈਲਟ ਕੈਟਾਲਾਗਿੰਗ ਸਿਸਟਮ
1.4.5 ਓਪੇਕ (OPACS)
1.4.6 ਇੰਟਰਨੈਟ ਸ੍ਰੋਤਾਂ ਦਾ ਸੂਚੀਕਰਣ
1.4.7 ਡਿਜ਼ੀਟਲ ਵਾਤਾਵਰਣ ਵਿੱਚ ਸੂਚੀਕਰਣ
1.4.8 ਸਾਰ
1.4.9 ਪਾਰਿਭਾਸ਼ਿਕ ਸ਼ਬਦਾਵਲੀ
1.4.10 ਸੰਦਰਭ
1.4.11 ਸਵੈ-ਨਿਰੀਖਣ ਅਭਿਆਸ
1.4.12 ਸਵੈ-ਨਿਰੀਖਣ ਅਭਿਆਸਾਂ ਦੇ ਉੱਤਰ

## 1.4.0 ਉਦੇਸ਼ (Objectives) :

ਇਸ ਪਾਠ ਵਿੱਚ ਸੂਚੀਕਰਣ ਦੇ ਖੇਤਰ ਵਿੱਚ ਹੋਏ ਵਿਕਾਸਾਂ ਦੀ ਚਰਚਾ ਕੀਤੀ ਗਈ ਹੈ। ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਪਾਠਕ :

1. ਅੰਤਰਰਾਸ਼ਟਰੀ ਕੋਡ ਆਫ਼ ਕੈਟਾਲਾਗਿੰਗ ਰੂਲਜ਼ ਦਾ ਵਿਕਾਸ;
2. ਕੈਟਾਲਾਗਿੰਗ ਦੇ ਖੇਤਰ ਵਿੱਚ ਸਟੈਂਡਰਡਾਂ ਦਾ ਵਿਕਾਸ;

3. ਸੂਚੀਕਰਣ ਦੇ ਖੇਤਰ ਵਿੱਚ ਨੈਟਵਰਕ ਅਤੇ ਸਹਿਯੋਗੀ ਆਟੋਮੇਸ਼ਨ ਗਰੁੱਪਾਂ ਦੀ ਉਤਪੱਤੀ; ਅਤੇ
4. ਇੰਟਰਨੈਟ ਅਤੇ ਡਿਜ਼ੀਟਲ ਲਾਇਬ੍ਰੇਰੀ ਸ੍ਰੋਤਾਂ ਦਾ ਸੂਚੀਕਰਣ ਬਾਰੇ ਮੁੱਢਲਾ ਗਿਆਨ ਹਾਸਲ ਕਰ ਸਕਣਗੇ।

## 1.4.1 ਭੂਮਿਕਾ (Introduction) :

ਸੂਚੀਕਰਣ ਦਾ ਇਤਿਹਾਸ ਬਹੁਤ ਦਿਲਚਸਪ ਅਤੇ ਪੁਰਾਣਾ ਹੈ। ਪੁਰਾਤਨ ਸਮੇਂ ਵਿੱਚ ਸੂਚੀਕਰਣ ਹਰ ਇੱਕ ਲਾਇਬ੍ਰੇਰੀ ਦਾ ਨਿੱਜੀ ਕੰਮ ਹੁੰਦਾ ਸੀ। ਹਰ ਇੱਕ ਲਾਇਬ੍ਰੇਰੀ ਆਪਣੇ ਉਦੇਸ਼ਾਂ ਦੇ ਅਨੁਸਾਰ ਕੈਟਾਲਾਗ ਬਣਾਉਂਦੀ ਸੀ। ਬਿਬਲਿਓਗ੍ਰਾਫਿਕ ਰਿਕਾਰਡ ਹਰ ਲਾਇਬ੍ਰੇਰੀ ਵਿੱਚ ਵੱਖਰੇ ਹੁੰਦੇ ਸਨ। ਹੌਲੀ-ਹੌਲੀ ਲਾਇਬ੍ਰੇਰੀਅਨਾਂ ਨੂੰ ਲਾਇਬ੍ਰੇਰੀ ਸਹਿਯੋਗ ਅਤੇ ਪ੍ਰਮਾਣੀਕਰਣ ਦੇ ਲਾਭ ਮਹਿਸੂਸ ਹੋਏ, ਸਹਿਕਾਰੀ ਸੂਚੀਕਰਣ ਜਾਂ ਸ਼ੇਅਰਡ (shared) ਸੂਚੀਕਰਣ ਲਈ ਸੂਚੀਕਰਣ ਦੇ ਪ੍ਰਮਾਣੀਕਰਣ ਦੀ ਜ਼ਰੂਰਤ ਸਾਫ਼ ਨਜ਼ਰ ਆਉਣ ਲੱਗ ਪਈ।

ਉਨੀਂਵੀ ਸਦੀ ਦੇ ਮੱਧ ਤੱਕ ਕਾਫ਼ੀ ਕੋਡ ਵਿਕਸਿਤ ਕੀਤੇ ਗਏ। ਹਰ ਇੱਕ ਕੋਡ ਪਹਿਲੇ ਕੋਡ ਦਾ ਸੁਧਰਿਆ ਰੂਪ ਸੀ। ਬਹੁਤ ਸਾਰੇ ਪਹਿਲੇ ਕੋਡ ਵਿਅਕਤੀਆਂ ਦੀਆਂ ਨਿੱਜੀ ਕੋਸ਼ਿਸ਼ਾਂ ਦਾ ਨਤੀਜਾ ਹਨ, ਅਤੇ ਬਾਅਦ ਦੇ ਸਮੂਹਿਕ ਕੋਸ਼ਿਸ਼ਾਂ ਦਾ। ਅੰਗ੍ਰੇਜ਼ੀ ਬੋਲਣ ਵਾਲੇ ਦੇਸ਼ਾਂ ਵਿੱਚ ਸੂਚੀਕਰਣ ਦਾ ਢੰਗ ਕਾਫ਼ੀ ਹੱਦ ਤੱਕ ਇੱਕਸਾਰ ਰਿਹਾ ਹੈ। ਸੂਚੀਕਰਣ ਦੇ ਪੁਰਾਣੇ ਢੰਗ ਜਿਹੜੇ ਨਿੱਜੀ ਤਜਰਬਿਆਂ 'ਤੇ ਆਧਾਰਿਤ ਸਨ, ਉਨ੍ਹਾਂ ਦਾ ਲਗਭਗ ਖਾਤਮਾ ਹੋ ਗਿਆ ਹੈ। ਸਾਹਿਤ ਵਿੱਚ ਹੋਏ ਨਵੇਂ ਵਿਕਾਸਾਂ ਨੇ ਪਰੰਪਰਾਵਾਦੀ ਸੂਚੀਕਰਣ ਨੂੰ ਅਧੂਰਾ ਸਾਬਿਤ ਕਰ ਦਿੱਤਾ ਹੈ। ਸੂਚੀਕਰਣ ਵਿੱਚ ਨਵੀਂ ਖੋਜ ਦਾ ਉਦੇਸ਼ ਕੰਪਿਊਟਰ ਤਕਨੀਕ ਨੂੰ ਸੂਚੀਕਰਣ ਸਿਸਟਮ ਵਿੱਚ ਲਾਗੂ ਕਰਨਾ ਹੈ।

## 1.4.2 ਸੂਚੀਕਰਣ ਦੇ ਨਿਯਮਾਂ ਦਾ ਅੰਤਰਰਾਸ਼ਟਰੀ ਕੋਡ ਬਣਾਉਣ ਦੀਆਂ ਕੋਸ਼ਿਸ਼ਾਂ :

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਅੰਗ੍ਰੇਜ਼ੀ ਭਾਸ਼ੀ ਦੇਸ਼ਾਂ ਲਈ ਇੱਕ ਸਾਂਝਾ ਕੋਡ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਅਮਰੀਕਨ ਲਾਇਬ੍ਰੇਰੀ ਐਸੋਸਿਏਸ਼ਨ (ਏ.ਐਲ.ਏ.) ਅਤੇ ਲਾਇਬ੍ਰੇਰੀ ਐਸੋਸਿਏਸ਼ਨ (ਐਲ.ਏ.) ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ 1908 ਵਿੱਚ ਏ.ਏ. ਕੋਡ ਬਣਾਇਆ ਗਿਆ। ਸੰਨ 1930 ਵਿੱਚ ਏ.ਐਲ.ਏ. ਅਤੇ ਐਲ.ਏ. ਦੀ ਤਾਲਮੇਲੀ ਕਮੇਟੀ ਨੇ ਇਸ ਦੀ ਸੁਧਾਈ ਦਾ ਕੰਮ ਸ਼ੁਰੂ ਕੀਤਾ। ਦੂਸਰਾ ਵਿਸ਼ਵ ਯੁੱਧ ਹੋਣ ਕਾਰਨ ਐਲ.ਏ. ਨੇ ਕੰਮ ਛੱਡ ਦਿੱਤਾ, ਪਰ ਏ.ਐਲ.ਏ. ਨੇ ਕੰਮ ਜਾਰੀ ਰੱਖਿਆ ਅਤੇ 1949 ਵਿੱਚ ਨਵਾਂ ਕੋਡ ਏ.ਐਲ.ਏ. ਰੂਲਜ਼ ਛਾਪ ਦਿੱਤਾ। ਏ.ਐਲ.ਏ. ਕੋਡ ਨਾਲ ਅਸਹਿਮਤੀ ਦੇ ਕਾਰਨ ਉਸ ਸਮੇਂ ਦੇ ਲਾਇਬ੍ਰੇਰੀ ਆਫ਼ ਕਾਂਗ੍ਰੇਸ ਦੇ ਬਿਬਲਿਓਗ੍ਰਾਫਿਕ ਸਲਾਹਕਾਰ ਸੈਮੂਅਲ ਲੂਬੈਜ਼ਿਕੀ ਨੂੰ 1949 ਦੇ ਕੋਡ ਦਾ ਵਿਸ਼ਲੇਸ਼ਣ ਕਰਨ ਦੀ ਜ਼ਿੰਮੇਵਾਰੀ ਸੌਂਪੀ। ਸੰਨ 1960 ਵਿੱਚ ਲੂਬੈਜ਼ਿਕੀ ਦਾ ਕੋਡ Cataloguing Rules, Author and Title Entry : An Unfinished Draft ਛਪਿਆ। 1961 ਵਿੱਚ ਸੂਚੀਕਰਣ ਦੇ ਕੋਡਾਂ ਦੇ ਵਿਕਾਸ ਵਿੱਚ ਬਹੁਤ ਹੀ ਮਹੱਤਵਪੂਰਣ ਘਟਨਾ ਵਾਪਰੀ। ਪੈਰਿਸ ਵਿੱਚ ਕੈਟਾਲਾਗਿੰਗ ਸਿਧਾਂਤਾਂ 'ਤੇ ਅੰਤਰਰਾਸ਼ਟਰੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਦੇ ਨਤੀਜੇ ਵਜੋਂ ਕੁਝ ਸਿਧਾਂਤ ਜਿਹੜੇ ਪੈਰਿਸ ਸਟੇਟਮੈਂਟ ਜਾਂ ਪੈਰਿਸ ਸਿਧਾਂਤਾਂ ਨਾਲ ਜਾਣੇ ਗਏ, ਜਾਰੀ ਕੀਤੇ ਗਏ। ਇਹ ਲੂਬੈਜ਼ਿਕੀ ਦੇ ਕੋਡ 'ਤੇ ਆਧਾਰਿਤ ਸਨ। ਇਹ ਸਿਧਾਂਤ ਐਂਗਲੋ ਅਮਰੀਕਨ ਕੈਟਾਲਾਗਿੰਗ ਕੋਡ ਦੇ 1967 ਵਿੱਚ ਛਪੇ ਦੋ ਸੰਸਕਰਣਾਂ – ਉੱਤਰੀ ਅਮਰੀਕਨ ਸੰਸਕਰਣ ਅਤੇ ਬ੍ਰਿਟਿਸ਼ ਸੰਸਕਰਣ ਦਾ ਆਧਾਰ ਬਣੇ।

ਅਗਲਾ ਅੰਤਰਰਾਸ਼ਟਰੀ ਸਮਝੌਤੇ ਵੱਲ ਕਦਮ 1969 ਵਿੱਚ ਕਾਪਨਹੇਗਨ (Copenhegan) ਵਿੱਚ ਹੋਈ ਕੈਟਾਲਾਗਿੰਗ ਮਾਹਿਰਾਂ ਦੀ ਅੰਤਰਰਾਸ਼ਟਰੀ ਮੀਟਿੰਗ ਵਿੱਚ ਚੁੱਕਿਆ ਗਿਆ। ਇਸ ਮੀਟਿੰਗ ਵਿੱਚ ਮੋਨੋਗ੍ਰਾਫਿਕ ਸਾਮੱਗਰੀ ਦੇ ਬਿਰਤਾਂਤ ਲਈ ਸਟੈਂਡਰਡ ਬਣਾਉਣ ਦੇ ਉਦੇਸ਼ ਨਾਲ ਇੱਕ ਅੰਤਰਰਾਸ਼ਟਰੀ ਵਰਕਿੰਗ ਗਰੁੱਪ ਬਣਾਇਆ ਗਿਆ। ਇਸ ਦੇ ਨਤੀਜੇ ਵਜੋਂ ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ (ਐਮ) (ISBD) (M) ਜਾਰੀ ਕੀਤਾ ਗਿਆ। ਇਸ ਤੋਂ ਬਾਅਦ 1977 ਵਿੱਚ ISBD(G) ਛਪਿਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਕਈ ISBDs ਵਿਕਸਿਤ ਹੋਏ ਹਨ। ਅੰਤਰਰਾਸ਼ਟਰੀ ਬਿਬਲਿਓਗ੍ਰਾਫਿਕ ਡੈਟਾ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਇਨ੍ਹਾਂ ਸਾਰਿਆਂ ਨੂੰ ਏ ਏ ਸੀ ਆਰ-2 ਵਿੱਚ ਸ਼ਾਮਿਲ ਕੀਤਾ ਗਿਆ।

ਏ ਏ ਸੀ ਆਰ–2 ਦੇ ਲਾਗੂ ਹੋਣ ਉਪਰੰਤ ਨਿਯਮਾਂ ਵਿੱਚ ਕੁਝ ਊਣਤਾਈਆਂ ਨਜ਼ਰ ਆਈਆਂ। ਇਸ ਕਾਰਨ ਨਿਯਮਾਂ ਦਾ ਸਪੱਸ਼ਟੀਕਰਣ ਅਤੇ ਸੁਧਾਈ ਕੀਤੀ ਗਈ। ਨਤੀਜੇ ਵਜੋਂ 1988 ਵਿੱਚ ਨਵਾਂ ਐਡੀਸ਼ਨ ਏ ਏ ਸੀ ਆਰ–2 ਸੋਧ (AACR-2R) ਸੋਧਾਂ ਉਪਰੰਤ ਉਭਰ ਕੇ ਸਾਹਮਣੇ ਆਇਆ।

ਏ ਏ ਸੀ ਆਰ–2ਆਰ ਬਿਬਲਿਓਗ੍ਰਾਫੀਕਲ ਡਾਟੇ ਦੇ ਅੰਤਰਰਾਸ਼ਟਰੀ ਆਦਾਨ-ਪ੍ਰਦਾਨ ਲਈ ਇੱਕ ਆਦਰਸ਼ਕ ਅਤੇ ਵੱਡਾ ਕਦਮ ਹੈ।

## 1.4.3 ਕੈਟਾਲਾਗਿੰਗ ਲਈ ਸਟੈਂਡਰਡ :

### 1.4.3.1 ਆਈ.ਐਸ.ਓ.–2709 (ISO-2709) :

ਇਹ ਇੱਕ ਅੰਤਰਰਾਸ਼ਟਰੀ ਸਟੈਂਡਰਡ ਹੈ, ਜਿਹੜਾ ਇੱਕ ਆਮ ਮਸ਼ੀਨੀ ਫਾਰਮੇਟ ਦੀਆਂ ਲੋੜਾਂ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਕਿਸੇ ਵੀ ਕਿਸਮ ਦਾ ਬਿਬਲਿਓਗ੍ਰਾਫਿਕ ਰੀਕਾਰਡ ਰੱਖਿਆ ਜਾ ਸਕੇਗਾ। ਆਈ.ਐਸ.ਓ.–2709 ਦੇ ਦੂਸਰੇ ਐਡੀਸ਼ਨ 1981 ਨੂੰ ਰੀਕਾਰਡ ਸੰਰਚਨਾ ਦੀ ਬਿਬਲਿਓਗ੍ਰਾਫਿਕ ਡਾਟੇ ਦੇ ਆਦਾਨ-ਪ੍ਰਦਾਨ ਵਿੱਚ ਮਿਲੀ ਵਿਸ਼ਵਵਿਆਪੀ ਮਾਨਤਾ ਨੇ ਸੂਚਨਾ ਜਗਤ ਨੂੰ ਬਹੁਤ ਫ਼ਾਇਦਾ ਪਹੁੰਚਾਇਆ ਹੈ। ਇਹ ਮੈਗਨੈਟਿਕ ਟੇਪਾਂ 'ਤੇ ਡਾਟਾ ਭੇਜਣ ਲਈ ਸਵੀਕਾਰ ਕੀਤਾ ਜਾਂਦਾ ਹੈ। ਇਹ ਡਾਟੇ ਨੂੰ ਆਨਲਾਈਨ ਭੇਜਣ ਲਈ ਜਾਂ ਦੂਸਰੇ ਮਾਧਿਅਮਾਂ ਜਿਵੇਂ ਫਲਾਪੀ ਡਿਸਕ ਅਤੇ ਸੀ.ਡੀ. ਰੋਮ 'ਤੇ ਸੰਗ੍ਰਹਿ ਕਰਨ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ।

### 4.3.2 ਮਾਰਕ–1 (MARC-1) :

ਮਾਰਕ ਸ਼ਬਦ ਸੰਖੇਪ ਮਸ਼ੀਨੀ ਪੜ੍ਹਨਯੋਗ ਕੈਟਾਲਾਗਿੰਗ ਲਈ ਵਰਤਿਆ ਜਾਂਦਾ ਹੈ। ਇਹ ਲਾਇਬ੍ਰੇਰੀ ਆਫ਼ ਕਾਂਗ੍ਰੇਸ ਨੇ ਇੱਕ ਪ੍ਰੋਜੈਕਟ ਵਜੋਂ ਸੰਨ 1966 ਵਿੱਚ ਸ਼ੁਰੂ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਵੱਖ-ਵੱਖ ਲਾਇਬ੍ਰੇਰੀਆਂ ਨੂੰ ਲਾਇਬ੍ਰੇਰੀ ਆਫ਼ ਕਾਂਗ੍ਰੇਸ ਦੇ ਡਾਟੇ ਨੂੰ ਮਸ਼ੀਨੀ ਪੜ੍ਹਨਯੋਗ ਰੂਪ ਵਿੱਚ ਪੇਸ਼ ਕਰਨਾ ਸੀ; ਤਾਂ ਕਿ ਗਿਆਨ ਦੇ ਪ੍ਰਸਾਰ ਉਤੇ ਕਾਬੂ ਪਾਇਆ ਜਾ ਸਕੇ ਅਤੇ ਲੋੜੀਂਦੀ ਸੂਚਨਾ ਜਲਦੀ ਦਿੱਤੀ ਜਾ ਸਕੇ। ਉਸ ਸਮੇਂ ਕੋਈ ਵੀ ਸਥਾਪਿਤ ਮਾਰਕ ਫਾਰਮੇਟ ਉਪਲਬਧ ਨਹੀਂ ਸਨ। ਲਾਇਬ੍ਰੇਰੀਆਂ ਨੇ ਉਦੋਂ ਤੱਕ ਪਹੁੰਚ ਨੁਕਤਿਆਂ ਉਤੇ ਕੋਈ ਵੀ ਸਾਂਝੇ ਫੈਸਲੇ ਨਹੀਂ ਲਏ ਸਨ, ਜਿਨ੍ਹਾਂ ਨਾਲ ਸਵੈ-ਚਾਲਤ ਸੂਚੀਕਰਣ ਪ੍ਰਣਾਲੀ ਤੋਂ ਲਾਭ ਮਿਲ ਸਕੇ। ਨਵੰਬਰ 1966 ਤੋਂ ਜੂਨ 1967 ਤੱਕ 16 ਲਾਇਬ੍ਰੇਰੀਆਂ ਨੇ ਅੰਗ੍ਰੇਜ਼ੀ ਭਾਸ਼ਾ ਦੇ ਮੋਨੋਗ੍ਰਾਫ/ਪੁਸਤਕਾਂ ਦੇ ਸੂਚੀਕਰਣ ਲਈ ਮਾਰਕ ਫਾਰਮੇਟ ਵਿਕਸਿਤ ਕਰਨ ਲਈ ਤਜਰਬੇ ਦੇ ਤੌਰ 'ਤੇ ਮਿਲ ਕੇ ਕੰਮ ਕੀਤਾ।

**ਮਾਰਕ–2** :– ਭਾਈਵਾਲੀ ਵਿੱਚ ਸ਼ਾਮਿਲ ਲਾਇਬ੍ਰੇਰੀਆਂ ਦਰਮਿਆਨ ਬਿਬਲਿਓਗ੍ਰਾਫਿਕ ਡਾਟਾ ਦੇ ਆਦਾਨ-ਪ੍ਰਦਾਨ ਲਈ ਨਵਾਂ ਮਾਰਕ–2 ਫਾਰਮੇਟ 1968 ਵਿੱਚ ਸ਼ੁਰੂ ਹੋ ਗਿਆ। ਨਵਾਂ ਫਾਰਮੇਟ ਸਾਰੀ ਹੀ ਤਰ੍ਹਾਂ ਦੀ ਲਾਇਬ੍ਰੇਰੀ ਸਾਮੱਗਰੀ ਦੇ ਡਾਟੇ ਦੀ ਅਦਲਾ-ਬਦਲੀ ਦੇ ਯੋਗ ਸੀ। ਇਹ ਕੰਪਿਊਟਰ ਸਿਸਟਮਾਂ ਵਿੱਚ ਇਸਤੇਮਾਲ ਕਰਨ ਅਤੇ ਸੂਚੀ ਬਣਾਉਣ ਤੋਂ ਇਲਾਵਾ ਕਈ ਹੋਰ ਕੰਮਾਂ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਸੀ। ਮਾਰਕ–2 ਦੇ ਦੋ ਰੂਪਾਂਤਰ – ਐਲ.ਸੀ. ਮਾਰਕ (LC MARC) ਅਤੇ ਬੀ.ਐਨ.ਬੀ. ਮਾਰਕ (BNB MARC) ਵਜੋਂ ਜਾਣੇ ਜਾਂਦੇ ਹਨ।

**ਮਾਰਕ–21 :–** ਲਾਇਬ੍ਰੇਰੀ ਆਫ਼ ਕਾਂਗ੍ਰੇਸ ਅਤੇ ਕਨਾਡਾ ਦੀ ਨੈਸ਼ਨਲ ਲਾਇਬ੍ਰੇਰੀ ਨੇ 1999 ਵਿੱਚ USMARC ਅਤੇ CANMARC ਨੂੰ ਇੱਕੋ ਹੀ ਐਡੀਸ਼ਨ MARC-21 ਹੇਠ ਇਕੱਠਾ ਕਰ ਦਿੱਤਾ। 2001 ਵਿੱਚ ਬ੍ਰਿਟਿਸ਼ ਲਾਇਬ੍ਰੇਰੀ ਨੇ UKMARC ਨੂੰ ਛੱਡ ਕੇ MARC-21 ਅਪਨਾਉਣ ਦਾ ਫੈਸਲਾ ਕੀਤਾ। ਮਾਰਕ–21 ਮਸ਼ੀਨੀ ਪੜ੍ਹਨਯੋਗ ਰੀਕਾਰਡਾਂ ਨੂੰ ਬਣਾਉਣ ਲਈ ਕੋਡ ਅਤੇ ਕਨਟੈਂਟ ਡੈਜ਼ੀਗਨੇਟਰ ਦਾ ਇਕੱਠ ਹੈ।

**1.4.3.3 ਯੂਨੀਮਾਰਕ :–** 1970 ਤੋਂ ਬਾਅਦ ਮਾਰਕ ਦੇ ਬਹੁਤ ਹੀ ਜ਼ਿਆਦਾ ਫਾਰਮੇਟ ਹੋਂਦ ਵਿੱਚ ਆਏ, ਜਿਹੜੇ ਕਿ ਵੱਖ-ਵੱਖ ਸੂਚੀਕਰਣ ਪ੍ਰਣਾਲੀਆਂ ਅਤੇ ਜ਼ਰੂਰਤਾਂ ਲਈ ਤਿਆਰ ਕੀਤੇ ਗਏ ਸਨ, ਪਰ ਇੱਕ ਦੂਸਰੇ ਤੋਂ ਅਲੱਗ ਸਨ। ਇਨ੍ਹਾਂ ਫਾਰਮੇਟਾਂ ਵਿੱਚ ਕਨਟੈਂਟ ਦਾ ਫ਼ਰਕ ਹੋਣ ਕਰਕੇ ਰਿਕਾਰਡਾਂ ਦਾ ਆਦਾਨ-ਪ੍ਰਦਾਨ ਕਰਦੇ ਸਮੇਂ ਸੰਪਾਦਨ (editing) ਦੀ ਲੋੜ ਪੈਂਦੀ ਸੀ। ਇਸ ਪ੍ਰਤੀਕੂਲਤਾ ਦਾ ਇੱਕੋ-ਇੱਕ ਹੱਲ ਇੱਕ ਯੂਨੀਵਰਸਲ ਮਾਰਕ ਫਾਰਮੇਟ ਬਣਾਉਣਾ ਸੀ ਜਿਹੜਾ ਕਿਸੇ ਵੀ ਮਾਰਕ ਫਾਰਮੇਟ ਵਿੱਚ ਬਣਾਏ ਰਿਕਾਰਡਾਂ ਨੂੰ ਪ੍ਰਵਾਨ ਕਰ ਸਕੇ।

1977 ਵਿੱਚ ਇਫਲਾ ਨੇ ਯੂਨੀਮਾਰਕ ਬਣਾਇਆ। ਇਸ ਦਾ ਉਦੇਸ਼ ਕੌਮੀ ਬਿਬਲਿਓਗ੍ਰਾਫਿਕ ਸੰਸਥਾਵਾਂ ਵਿਚਕਾਰ

ਪੜ੍ਹਨਯੋਗ ਡਾਟੇ ਦੇ ਅੰਤਰਰਾਸ਼ਟਰੀ ਆਦਾਨ-ਪ੍ਰਦਾਨ ਨੂੰ ਸੁਖਾਲਾ ਕਰਨਾ ਸੀ। ਇਸਦਾ ਦੂਸਰਾ ਐਡੀਸ਼ਨ 1980 ਵਿੱਚ ਛਾਪਿਆ ਗਿਆ ਅਤੇ UNIMARC Handbook 1983 ਵਿੱਚ ਛਾਪੀ ਗਈ।

### 1.4.3.4 ਸੀ.ਸੀ.ਐਫ.(Common Communication Format) :

ਇੱਕ ਪਾਸੇ ਬਿਬਲਿਓਗ੍ਰਾਫਿਕ ਫਾਰਮੇਟਾਂ ਦਾ ਬਹੁਤ ਜ਼ਿਆਦਾ ਵਿਕਾਸ ਹੋਣ ਕਾਰਨ ਅਤੇ ਦੂਸਰੇ ਪਾਸੇ ਉਨ੍ਹਾਂ ਵਿੱਚ ਆਪਸੀ ਤਾਲੇਮਲ ਨਾ ਹੋਣ ਕਾਰਨ ਅਪ੍ਰੈਲ 1978 ਵਿੱਚ ਸਿਸਲੀ ਵਿੱਚ International Symposium on Bibliographic Exchange Format ਕਰਵਾਇਆ ਗਿਆ। ਇਹ Symposium ਯੂਨੀਸਿਸਟ ਇੰਟਰਨੈਸ਼ਨਲ ਸੈਂਟਰ ਫ਼ਾਰ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ ਵੱਲੋਂ ਇੰਟਰਨੈਸ਼ਨਲ ਕੌਂਸਿਲ ਆਫ਼ ਸਾਇੰਟੀਫਿਕ ਯੂਨੀਅਨ ਅਬਸਟ੍ਰੈਕਟਿੰਗ ਬੋਰਡ, ਇਫਲਾ ਅਤੇ ਆਈ.ਐਸ.ਓ. ਨਾਲ ਮਿਲ ਕੇ ਕਰਵਾਇਆ ਗਿਆ। ਇਸ ਦੇ ਨਤੀਜੇ ਵਜੋਂ ਕਾਮਨ ਕਮਯੂਨਿਕੇਸ਼ਨ ਫਾਰਮੇਟ (ਸੀ.ਸੀ.ਐਫ.) ਬਣਾਉਣ ਲਈ ਇੱਕ ਐਡਹਾਕ ਗਰੁੱਪ ਬਣਾਇਆ ਗਿਆ। ਸੀ.ਸੀ.ਐਫ. ਦਾ ਪਹਿਲਾ ਐਡੀਸ਼ਨ 1984 ਵਿੱਚ, ਦੂਸਰਾ 1988 ਵਿੱਚ ਅਤੇ ਤੀਸਰਾ 1992 ਵਿੱਚ ਛਪਿਆ। ਇਸ ਦੇ ਮੁੱਖ ਉਦੇਸ਼ ਹੇਠ ਲਿਖੇ ਹਨ :

* ਲਾਇਬ੍ਰੇਰੀਆਂ ਸਮੇਤ ਸੂਚਨਾ ਦੇਣ ਵਾਲੀਆਂ ਹੋਰ ਸੰਸਥਾਵਾਂ, ਸਾਰਾਂਸ਼ੀਕਰਣ (Abstracting) ਅਤੇ ਅਨੁਕ੍ਰਮਾਣਿਕਰਣ (indexing) ਸੇਵਾਵਾਂ, ਰੈਫਰਲ ਸਿਸਟਮਾਂ ਅਤੇ ਹੋਰ ਪ੍ਰਕਾਰਾਂ ਦੀਆਂ ਸੂਚਨਾ ਸੰਸਥਾਵਾਂ ਵਿੱਚ ਬਿਬਲਿਓਗ੍ਰਾਫਿਕ ਰਿਕਾਰਡਾਂ ਦਾ ਆਦਾਨ-ਪ੍ਰਦਾਨ (Exchange) ਕਰਨ ਦੀ ਆਗਿਆ ਦੇਣਾ।
* ਕੰਪਿਊਟਰ ਪ੍ਰੋਗਰਾਮ ਦਾ ਇੱਕ ਅਜਿਹਾ ਇਕੱਲਾ ਸੈਟ ਤਿਆਰ ਕਰਨ ਦੀ ਆਗਿਆ ਦੇਣੀ ਜਿਹੜੇ ਬਹੁਤ ਸਾਰੀਆਂ ਸੰਸਥਾਵਾਂ ਦੇ ਰੀਕਾਰਡਾਂ ਨਾਲ ਜੋੜ-ਤੋੜ ਕਰ ਸਕੇ।
* ਇੱਕ ਸੰਸਥਾ ਦੇ ਆਪਣੇ ਬਿਬਲਿਓਗ੍ਰਾਫਿਕ ਡਾਟਾਬੇਸ ਨੂੰ ਲਾਭਦਾਇਕ ਡਾਟਾ ਤੱਤਾਂ (elements) ਦੀ ਸੂਚੀ ਦੇ ਕੇ ਇੱਕ ਫਾਰਮੈਟ (Format) ਦੇ ਆਧਾਰ ਵਜੋਂ ਵਰਤਣਾ।

### 1.4.3.5 ਆਈ.ਐਸ.ਬੀ.ਡੀ.(ISBD)(International Standard Bibliographic Discilpine) :

ਲਿਖਿਤ ਅਤੇ ਮਸ਼ੀਨੀ ਪੜ੍ਹਨਯੋਗ ਬਿਬਲਿਓਗ੍ਰਾਫਿਕ ਸੂਚਨਾ ਦੇ ਸਫਲ ਅਤੇ ਸੁਵਿਧਾਜਨਕ ਅੰਤਰਰਾਸ਼ਟਰੀ ਆਦਾਨ-ਪ੍ਰਨਾਨ ਲਈ ਪ੍ਰਮਾਣੀਕਰਨ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਗਿਆ। ਇਸ ਲੋੜ ਨੂੰ ਦੇਖਦਿਆਂ ਹੋਇਆਂ 1969 ਵਿੱਚ ਕਾਪਨਹੇਗਨ ਵਿਖੇ ਕੈਟਾਲਾਗਿੰਗ ਮਾਹਿਰਾਂ ਦੀ ਇੱਕ ਮੀਟਿੰਗ ਵਿੱਚ ਆਈ.ਐਸ.ਬੀ.ਡੀ. ਦੀਆਂ ਸੰਭਾਵਨਾਵਾਂ ਤੇ ਵਿਚਾਰ ਕਰਨ ਲਈ ਇੱਕ ਅੰਤਰਰਾਸ਼ਟਰੀ ਵਰਕਿੰਗ ਗਰੁੱਪ ਬਣਾਇਆ ਗਿਆ। ਵਰਕਿੰਗ ਗਰੁੱਪ ਨੇ 1971 ਵਿੱਚ ਆਪਣੀਆਂ ਸਿਫ਼ਾਰਸ਼ਾਂ ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ (ISBD) ਹੇਠ ਛਾਪੀਆਂ। ਆਉਣ ਵਾਲੇ ਸਾਲਾਂ ਵਿੱਚ ਇਸ ਨੂੰ ਪ੍ਰਵਾਨ ਕਰ ਲਿਆ ਗਿਆ ਅਤੇ ਕਈ ਰਾਸ਼ਟਰੀ ਬਿਬਲਿਓਗ੍ਰਾਫੀਆਂ ਨੇ ਇਸ ਨੂੰ ਅਪਣਾ ਲਿਆ। ਇਸ ਦੀ ਵਰਤੋਂ ਦੌਰਾਨ, ਇਸ ਵਿੱਚ ਬਹੁਤ ਸਾਰੀਆਂ ਅਸਪੱਸ਼ਟਤਾਵਾਂ ਸਾਹਮਣੇ ਆਈਆਂ। 1973 ਵਿੱਚ ਗਜੇਨੋਬਲ (Gzenoble) ਵਿੱਚ ਹੋਈ ਇਫਲਾ ਕਾਨਫ਼ਰੰਸ ਵਿੱਚ ਇਨ੍ਹਾਂ ਅਸਪੱਸ਼ਟਤਾਵਾਂ 'ਤੇ ਵਿਚਾਰ ਕੀਤਾ ਗਿਆ। ਇਸ ਕਾਨਫ਼ਰੰਸ ਦੇ ਨਤੀਜੇ ਵਜੋਂ 1974 ਵਿੱਚ ਦੋ ਪ੍ਰਲੇਖ ਛਾਪੇ ਗਏ – ISBD(M) ਦਾ ਪਹਿਲਾ ਪ੍ਰਮਾਣਿਕ ਸੰਸਕਰਣ ਅਤੇ ISBD(S) ਦੇ ਨਿਯਮ ਪ੍ਰਵਾਨ ਕੀਤੇ ਗਏ। ISBD(S) ਅੰਤਿਮ ਰੂਪ ਵਿੱਚ 1977 ਵਿੱਚ ਛਪਿਆ। ਏ ਏ ਸੀ ਆਰ-2 ਦੇ ਪਹਿਲੇ ਭਾਗ ਦੇ ਨਿਯਮ 1977 ਵਿੱਚ ਛਪੇ ISBD(G) 'ਤੇ ਆਧਾਰਿਤ ਹਨ। ਆਈ.ਐਸ.ਬੀ.ਡੀ. ਸਟੈਂਡਰਡ ਸਾਰੀ ਦੁਨੀਆਂ ਵਿੱਚ ਇੱਕਸਾਰ ਸੂਚੀਕਰਣ ਦਾ ਕੰਮ ਕਰਨ ਲਈ ਵਧੀਆ ਉਦਾਹਰਣ ਸਾਬਿਤ ਹੋਈ ਹੈ।

### 1.4.3.6 ਇੰਟਰਨੈਸ਼ਨਲ ਸਟੈਂਡਰਡ ਬੁੱਕ ਨੰਬਰ (ਆਈ.ਐਸ.ਬੀ.ਐਨ.) :

ਆਈ.ਐਸ.ਬੀ.ਐਨ. ਹਰ ਇੱਕ ਪੁਸਤਕ ਨੂੰ ਇੱਕ ਨਿਰਾਲਾ ਅਤੇ ਨਾ ਬਦਲਣ ਵਾਲਾ ਨੰਬਰ ਦੇਣ ਦੀ ਪ੍ਰਣਾਲੀ ਹੈ। ਇਹ ਬਿਬਲਿਓਗ੍ਰਾਫਿਕ ਸੂਚਨਾ ਦੀ ਮਸ਼ੀਨੀ ਕਾਰਜਸ਼ੀਲਤਾ ਨੂੰ ਸੁਵਿਧਾਜਨਕ ਬਣਾਉਂਦੀ ਹੈ। ਇਹੋ ਜਿਹੀ ਪ੍ਰਣਾਲੀ ਬਿਬਲਿਓਗ੍ਰਾਫਿਕ ਡਾਟਾ ਦੇ ਅੰਤਰਰਾਸ਼ਟਰੀ ਆਦਾਨ-ਪ੍ਰਦਾਨ ਲਈ ਬਹੁਤ ਹੀ ਲਾਭਕਾਰੀ ਹੈ। ਆਈ.ਐਸ.ਬੀ.ਐਨ. ਦਾ ਪ੍ਰਮਾਣਿਕ ਸੰਖਿਆਤਮਕ (Numeric) ਕੋਡ ਸਟੈਂਡਰਡ ਬੁੱਕ ਨੰਬਰਿੰਗ ਏਜੰਸੀ ਦੁਆਰਾ ਬਣਾਏ ਪ੍ਰਮਾਣਿਕ ਪੁਸਤਕ ਨੰਬਰਿੰਗ 'ਤੇ ਆਧਾਰਿਤ ਹੈ।

ਇੰਟਰਨੈਸ਼ਨਲ ਸਟੈਂਡਰਡ ਸੀਰੀਅਲ ਨੰਬਰ (ਆਈ.ਐਸ.ਐਸ.ਐਨ.), ਆਈ.ਐਸ.ਬੀ.ਐਨ. ਦਾ ਪੂਰਕ ਹੈ। ਪੈਰਿਸ ਵਿੱਚ ਸਥਿਤ ਇੰਟਰਨੈਸ਼ਨਲ ਸੈਂਟਰ ਫ਼ਾਰ ਇੰਟਰਨੈਸ਼ਨਲ ਸੀਰੀਅਲ ਡਾਟਾ ਸਿਸਟਮ ਆਈ.ਐਸ.ਐਸ.ਐਨ. ਨੂੰ ਦੇਖਦਾ ਹੈ। ਇਹ ਇੱਕ ਨਿਰਾਲਾ ਨੰਬਰ ਹੈ ਜਿਹੜਾ ਇੱਕ ਵਿਸ਼ੇਸ਼ ਸੀਰੀਅਲ ਸਿਰਲੇਖ ਦੀ ਪਹਿਚਾਣ ਕਰਦਾ ਹੈ।

## 1.4.4 ਨੈਟਵਰਕ ਅਤੇ ਸਹਿਯੋਗੀ ਆਟੋਮੇਸ਼ਨ ਗਰੁੱਪ :

### 1.4.4.1 ਓ.ਸੀ.ਐਲ.ਸੀ. (ਆਨਲਾਈਨ ਕੰਪਿਊਟਰ ਲਾਇਬ੍ਰੇਰੀ ਸੈਂਟਰ) :

ਓ.ਸੀ.ਐਲ.ਸੀ. 1967 ਵਿੱਚ ਓਹਾਇਓ (Ohio) ਰਾਜ ਵਿੱਚ ਸਥਿਤ ਕਾਲਜਾਂ, ਯੂਨੀਵਰਸਿਟੀਆਂ ਅਤੇ ਵਿੱਦਿਅਕ ਸੰਸਥਾਵਾਂ ਦੀ ਐਸੋਸਿਏਸ਼ਨ ਦੇ ਤੌਰ 'ਤੇ ਕੰਮ ਕਰਨ ਲਈ ਓਹੀਓ ਕਾਲਜ ਲਾਇਬ੍ਰੇਰੀ ਸੈਂਟਰ ਦੇ ਨਾਮ ਨਾਲ ਸਥਾਪਿਤ ਕੀਤੀ ਗਈ। ਇਸ ਦੀਆਂ ਸੇਵਾਵਾਂ ਨੂੰ ਦੇਸ਼ ਵਿੱਚ ਕਿਸੇ ਵੀ ਲਾਇਬ੍ਰੇਰੀ ਲਈ ਅਤੇ ਅੰਤ ਵਿੱਚ ਉੱਤਰੀ ਅਮਰੀਕਾ ਤੋਂ ਬਾਹਰ ਕਿਸੇ ਵੀ ਦੇਸ਼ ਦੀ ਲਾਇਬ੍ਰੇਰੀ ਲਈ ਸੇਵਾ ਦੇਣ ਲਈ ਵਧਾ ਦਿੱਤਾ ਗਿਆ। ਇਹ ਦੁਨੀਆ ਦਾ ਸਭ ਤੋਂ ਵੱਡਾ ਲਾਇਬ੍ਰੇਰੀ ਸੂਚਨਾ ਨੈਟਵਰਕ ਬਣ ਗਿਆ ਹੈ। ਇਹ ਹੁਣ 84 ਦੇਸ਼ਾਂ ਵਿੱਚ 48 ਹਜ਼ਾਰ ਤੋਂ ਵੱਧ ਲਾਇਬ੍ਰੇਰੀਆਂ ਨੂੰ ਜੋੜਦਾ ਹੈ। ਇਹ ਹੇਠ ਲਿਖੀਆਂ ਸੇਵਾਵਾਂ ਦੇ ਰਿਹਾ ਹੈ :-

**(i) ਵਰਲਡ ਕੈਟ (ਓ.ਸੀ.ਐਲ.ਸੀ. ਆਨਲਾਈਨ ਸੰਘ ਸੂਚੀ) :**

ਇਹ ਦੁਨੀਆ ਦਾ ਸਭ ਤੋਂ ਵੱਡਾ ਅਤੇ ਵਿਆਪਕ ਬਿਬਲਿਓਗ੍ਰਾਫਿਕ ਡਾਟਾਬੇਸ ਹੈ। ਇਸ ਵਿੱਚ 458 ਭਾਸ਼ਾਵਾਂ ਵਿੱਚ ਸੰਗ੍ਰਹਿਤ ਸੂਚਨਾ ਸਾਹਿਤ ਦੇ 600 ਲੱਖ ਤੋਂ ਕਿਤੇ ਵੱਧ ਰੀਕਾਰਡ ਹਨ। ਲਾਇਬ੍ਰੇਰੀਆਂ ਸਾਮੱਗਰੀ ਨੂੰ ਪ੍ਰੋਸੈਸ ਕਰਨ ਲਈ ਅਤੇ ਸੂਚਨਾ ਦੇ ਆਦਾਨ-ਪ੍ਰਦਾਨ ਲਈ ਵਰਲਡ ਕੈਟ ਡਾਟਾਬੇਸ ਅਤੇ ਓ.ਸੀ.ਐਲ.ਸੀ. ਦਾ ਕੰਪਿਊਟਰ ਦੂਰਸੰਚਾਰ ਨੈਟਵਰਕ ਇਸਤੇਮਾਲ ਕਰਦੀਆਂ ਹਨ।

**(ii) ਓਪਨ ਵਰਲਡ ਕੈਟ ਪਾਇਲਟ (Open World Cat Pilot) :**

ਜੂਨ 2003 ਵਿੱਚ ਓ.ਸੀ.ਐਲ.ਸੀ. ਨੇ ਮੈਂਬਰ ਲਾਇਬ੍ਰੇਰੀਆਂ ਦੇ ਸੰਗ੍ਰਹਿ ਨੂੰ ਵੈਬਸਾਈਟ 'ਤੇ ਇਕੱਠਾ ਕਰਨ ਲਈ ਓਪਨ ਵਰਲਡ ਕੈਟ ਪਾਇਲਟ ਨਾਮ ਦੀ ਨਵੀਂ ਸੇਵਾ ਸ਼ੁਰੂ ਕੀਤੀ। ਇਹ ਪਾਇਲਟ ਸੇਵਾ ਹੁਣ ਵੈਬ (Web) ਦੁਆਰਾ ਬਹੁਤ ਸਾਰੀਆਂ ਸੇਵਾਵਾਂ ਤੋਂ ਉਪਲਬਧ ਹੈ; ਜਿਵੇਂ Abebooks, Alibris, ABAA, Bookpage ਅਤੇ HCI Bibliography। ਇਸ ਸੇਵਾ ਰਾਹੀਂ ਓ.ਸੀ.ਐਲ.ਸੀ. ਨੇ ਵਰਲਡ ਕੈਟ ਦੇ ਸ੍ਰੋਤਾਂ ਨੂੰ ਲਾਇਬ੍ਰੇਰੀ ਵਾਤਾਵਰਣ ਤੋਂ ਬਾਹਰੋਂ ਪ੍ਰਾਪਤ ਕਰਕੇ ਵਰਤਣ ਵਾਲਿਆਂ ਨੂੰ ਉਪਲਬਧ ਕਰਵਾਏ ਹਨ।

**(iii) ਓ.ਸੀ.ਐਲ.ਸੀ. ਫਰਸਟ ਸਰਚ ਸੇਵਾ (OCLC First Search Service) :**

ਇਹ ਉਪਭੋਗਤਾਵਾਂ ਨੂੰ 70 ਤੋਂ ਵੀ ਵੱਧ ਡਾਟਾਬੇਸਾਂ ਤੋਂ ਖੋਜ ਅਤੇ ਵਿਸ਼ਾ ਪਹੁੰਚ ਉਪਲਬਧ ਕਰਦੀ ਹੈ।

**(iv) ਓ.ਸੀ.ਐਲ.ਸੀ. ਫਰਸਟ ਸਰਚ ਇਲੈਕਟ੍ਰਾਨਿਕ ਕੁਲੈਕਸ਼ਨ ਆਨਲਾਈਨ ਸੇਵਾ (OCLC First Search Electronic Collections Online Service) :**

ਇਹ ਵੈਬ (Web) ਰਾਹੀਂ ਬਹੁਤ ਦੂਰ ਲਾਇਬ੍ਰੇਰੀ ਵਿੱਚ ਪਏ ਰਸਾਲਿਆਂ ਦੇ ਸੰਗ੍ਰਹਿ ਤੱਕ ਪਹੁੰਚ ਦਿੰਦੀ ਹੈ।

**(v) ਓ.ਸੀ.ਐਲ.ਸੀ. ਐਕਸੈਸ ਸੇਵਾਵਾਂ (OCLC Access Service) :**

ਇਹ ਆਨਲਾਈਨ ਅਤੇ ਆਫ਼ਲਾਈਨ ਸੂਚੀਕਰਣ, ਸ੍ਰੋਤਾਂ ਦਾ ਵਟਾਂਦਰਾ, ਸੰਦਰਭ ਅਤੇ ਚੋਣ ਸੇਵਾਵਾਂ ਉਪਲਬਧ ਕਰਵਾਉਂਦੀਆਂ ਹਨ।

### 1.4.4.2 ਬਲੇਜ਼ ਕੈਟਾਲਾਗਿੰਗ ਸਿਸਟਮ (BLAISE Cataloguing System) :

ਬ੍ਰਿਟਿਸ਼ ਲਾਇਬ੍ਰੇਰੀ ਆਟੋਮੇਟਿਡ ਇਨਫਾਰਮੇਸ਼ਨ ਸਰਵਿਸ (ਬਲੇਜ਼) ਜਿਹੜੀ 1977 ਵਿੱਚ ਸ਼ੁਰੂ ਕੀਤੀ ਗਈ, ਹੁਣ ਦੁਨੀਆਂ ਦੀ ਸਭ ਤੋਂ ਵੱਡੀ ਵਪਾਰਕ ਸੇਵਾ ਹੈ। ਬਲੇਜ਼ ਆਨਲਾਈਨ ਅਤੇ ਆਫਲਾਈਨ ਕੰਪਿਊਟਰ ਪ੍ਰੋਸੈਸਿੰਗ ਢੰਗ ਇਸਤੇਮਾਲ ਕਰਦੀ ਹੈ। ਇਸ ਦੇ ਦੋ ਮੁੱਖ ਕੰਮ ਹਨ - ਸਵੈ-ਚਾਲਿਤ ਸੂਚਨਾ ਮੁੜ-ਪ੍ਰਾਪਤੀ ਸੇਵਾ ਦੇਣਾ ਅਤੇ ਲਾਇਬ੍ਰੇਰੀ ਕੈਟਾਲਾਗ ਬਣਾਉਣ ਤੋਂ ਲੈ ਕੇ ਬਿਬਲਿਓਗ੍ਰਾਫਿਕ ਚੈਕਿੰਗ ਤੱਕ ਦੇ ਕੰਮ ਨੂੰ ਸੌਖਾ ਬਣਾਉਣਾ। ਕੈਟਾਲਾਗ ਬਣਾਉਣਾ ਲੋਕਲ ਕੈਟਾਲਾਗ ਸਰਵਿਸ (Local Catalogue Service) ਛੋਟਾ ਨਾਮ ਲੋਕਸ (LOCAS) ਦੀ ਜ਼ਿੰਮੇਦਾਰੀ ਹੈ। ਲੋਕਸ ਬਲੇਜ਼ ਦਾ ਅਟੁੱਟ ਹਿੱਸਾ ਹੈ। ਬਲੇਜ਼ ਵਿੱਚ ਯੂ.ਕੇ. ਮਾਰਕ ਦੀਆਂ ਨਵੀਆਂ ਅਤੇ

ਪੁਰਾਣੀਆਂ ਫ਼ਾਈਲਾਂ ਵੀ ਸਾਂਭੀਆਂ ਗਈਆਂ ਹਨ। ਇਸ ਦਾ ਵਿਸ਼ਾ ਕਾਫ਼ੀ ਵਿਆਪਕ ਹੈ। ਬਲੇਜ਼ ਦੀ ਸਾਰੀ ਹੀ ਸੂਚਨਾ ਨੂੰ ਆਨਲਾਈਨ ਖੋਜਿਆ ਜਾ ਸਕਦਾ ਹੈ।

### 1.4.4.3 ਯੂਨੀਵਰਸਿਟੀ ਆਫ਼ ਟੋਰਾਨਟੋ ਲਾਇਬ੍ਰੇਰੀ ਆਟੋਮੇਸ਼ਨ ਸਿਸਟਮ (UTLAS) :

ਇਹ ਸਿਸਟਮ ਸਥਾਨਕ ਅਕੈਡਮੀ ਤੋਂ ਵਿਕਸਿਤ ਹੋ ਕੇ ਇੱਕ ਵਿਸ਼ਵਵਿਆਪੀ ਸਿਸਟਮ ਬਣ ਗਿਆ ਹੈ। ਪਹਿਲਾਂ ਇਸ ਨੇ ਆਪਣੇ ਕੈਂਪਸ ਨੂੰ ਸੇਵਾ ਦੇਣੀ ਸ਼ੁਰੂ ਕੀਤੀ ਅਤੇ ਬਾਅਦ ਵਿੱਚ ਦੂਸਰੀਆਂ ਲਾਇਬ੍ਰੇਰੀਆਂ ਨੂੰ ਵੀ ਸੇਵਾ ਦੇਣੀ ਸ਼ੁਰੂ ਕਰ ਦਿੱਤੀ। 1980ਵਿਆਂ ਦੇ ਮੱਧ ਤੱਕ ਇਸ ਨੇ ਕਨਾਡਾ, ਯੂ.ਐਸ.ਏ., ਫਰਾਂਸ, ਬਰਤਾਨੀਆ, ਜਾਪਾਨ ਦੇ ਮਾਰਕ ਰੀਕਾਰਡ; ਐਲ.ਸੀ. ਦੀਆਂ ਨਾਵਾਂ ਦੀਆਂ ਫ਼ਾਈਲਾਂ ਅਤੇ ਵਿਸ਼ਾ ਹੈਡਿੰਗਾਂ ਦੀਆਂ ਫ਼ਾਈਲਾਂ ਨਾਲ ਸਬੰਧਤ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਹ ਵੱਡੀਆਂ ਅਤੇ ਛੋਟੀਆਂ ਲਾਇਬ੍ਰੇਰੀਆਂ ਨੂੰ ਵਿਭਿੰਨ ਤਰ੍ਹਾਂ ਦੇ ਸਵੈ-ਚਾਲਿਤ ਸਿਸਟਮ ਮੁਹੱਈਆ ਕਰਵਾਉਂਦੀ ਹੈ।

### 1.4.4.4 ਬਿਰਮਿੰਘਮ ਲਾਇਬ੍ਰੇਰੀਜ਼ ਕੋਆਪ੍ਰੇਟਿਵ ਮਸ਼ੀਨੀਕਰਣ ਪ੍ਰੋਜੈਕਟ (BLCMP) :

ਇਹ ਸੇਵਾ 1969 ਵਿੱਚ ਬਿਰਮਿੰਘਮ ਯੂਨੀਵਰਸਿਟੀ ਵੱਲੋਂ ਤਜਰਬੇ ਦੇ ਤੌਰ 'ਤੇ ਸ਼ੁਰੂ ਕੀਤੀ ਗਈ ਅਤੇ ਬਿਰਮਿੰਘਮ ਸ਼ਹਿਰ ਦੀਆਂ ਲਾਇਬ੍ਰੇਰੀਆਂ ਨੂੰ ਮਸ਼ੀਨੀਕਰਣ ਪ੍ਰੋਜੈਕਟ ਦੇ ਤੌਰ 'ਤੇ ਲਿਆ ਗਿਆ। ਇਸ ਨੇ 1973 ਤੋਂ ਪੂਰੀ ਤਰ੍ਹਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਹ ਕਈ ਤਰ੍ਹਾਂ ਦੀਆਂ ਲਾਇਬ੍ਰੇਰੀਆਂ ਨੂੰ ਸੇਵਾ ਦਿੰਦੀ ਹੈ। ਇਹ ਸੰਘ ਸੂਚੀ ਡਾਟਾਬੇਸ ਬਣਾਉਣ ਲਈ ਬੀ.ਐਨ.ਬੀ. ਅਤੇ ਐਲ.ਸੀ. ਮਾਰਕ ਟੇਪਾਂ ਅਤੇ ਸਥਾਨਕ ਰੀਕਾਰਡਾਂ ਦਾ ਇਸਤੇਮਾਲ ਕਰਦੀ ਹੈ। ਇਸ ਤੋਂ ਚੰਦਾ ਦੇਣ ਵਾਲੀਆਂ ਲਾਇਬ੍ਰੇਰੀਆਂ ਆਪਣੀ ਮਰਜ਼ੀ ਦੇ ਅਨੁਸਾਰ ਕੈਟਾਲਾਗ ਬਣਾ ਸਕਦੀਆਂ ਹਨ।

### 1.4.4.5 ਬੈਲਟ (Ballot) ਕੈਟਾਲਾਗਿੰਗ ਸਿਸਟਮ

ਬੈਲਟ ਅਕਾਦਮਿਕ ਲਾਇਬ੍ਰੇਰੀਆਂ ਦੇ ਖੇਤਰ ਵਿੱਚ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਆਨਲਾਈਨ ਸੇਵਾ ਦੇਣ ਵਾਲਾ ਸਿਸਟਮ ਹੈ। ਇਹ 1972 ਵਿੱਚ ਇੱਕ ਸਮੁੱਚੇ ਲਾਇਬ੍ਰੇਰੀ ਸਿਸਟਮ ਦੇ ਤੌਰ 'ਤੇ ਸ਼ੁਰੂ ਹੋਇਆ। ਇਸ ਵਿੱਚ ਬਿਬਲਿਓਗ੍ਰਾਫਿਕ ਡਾਟਾ ਲਈ ਮਾਰਕ ਰੀਕਾਰਡਾਂ ਦੀ ਆਨਲਾਈਨ ਫ਼ਾਈਲ ਮੁੱਖ ਸ੍ਰੋਤ ਹੈ। ਇਸ ਸਾਲ ਕੈਟਾਲਾਗਿੰਗ ਰੀਕਾਰਡਾਂ ਦਾ ਵਟਾਂਦਰਾ ਬਹੁਤ ਸੌਖਾ ਹੋ ਗਿਆ ਹੈ। ਬੈਲਟ ਦਾ ਬਹੁਤ ਵਿਸਤਾਰ ਹੋ ਗਿਆ ਹੈ ਅਤੇ ਬਹੁਤ ਸਾਰੇ ਖੇਤਰੀ ਨੈਟਵਰਕ ਵੀ ਇਸਦੀ ਮਾਰਫ਼ਤ ਕੈਟਾਲਾਗਿੰਗ ਪ੍ਰੋਗਰਾਮਾਂ ਦਾ ਵਟਾਂਦਰਾ ਕਰ ਰਹੇ ਹਨ।

## 1.4.5 ਓਪੇਕ (OPACs) :

ਆਨਲਾਈਨ ਪਬਲਿਕ ਐਕਸੈਸ ਕੈਟਾਲਾਗ (ਓਪੇਕ) ਉਹ ਕੰਪਿਊਟਰ ਪ੍ਰੋਗਰਾਮ ਹਨ, ਜਿਹੜੇ ਪਾਠਕਾਂ ਨੂੰ ਕਿਸੇ ਵੀ ਲਾਇਬ੍ਰੇਰੀ ਦੇ ਸੰਗ੍ਰਹਿ ਨੂੰ ਜਾਣਨ ਵਿੱਚ ਮਦਦ ਕਰਦੇ ਹਨ। ਓਪੇਕ ਵਿਸ਼ੇਸ਼ ਤੌਰ 'ਤੇ ਪਾਠਕਾਂ ਨੂੰ ਲਾਇਬ੍ਰੇਰੀ ਕੈਟਾਲਾਗ ਵੇਖਣ ਵਿੱਚ ਮਦਦ ਕਰਦੇ ਹਨ। ਇਹ ਕੁਝ ਦੂਸਰੀਆਂ ਸੁਵਿਧਾਵਾਂ ਵੀ ਦਿੰਦੇ ਹਨ; ਜਿਵੇਂ ਪੁਸਤਕਾਂ ਉਧਾਰ ਲੈਣ ਵਾਲੇ ਦੇ ਰੀਕਾਰਡਾਂ ਦਾ ਨਿਰੀਖਣ ਕਰਨਾ, ਪੜ੍ਹਨ ਸਾਮੱਗਰੀ ਨੂੰ ਰਾਖਵਾਂ ਕਰਨਾ, ਲਾਇਬ੍ਰੇਰੀ ਨਿਊਜ਼ ਬੁਲੇਟਿਨ ਦੇਖਣਾ ਆਦਿ। ਭਾਵੇਂ, ਓਪੇਕ 1970 ਵਿੱਚ ਪਹਿਲੀ ਵਾਰ ਇਸਤੇਮਾਲ ਕੀਤੇ ਗਏ, ਪਰ ਅਗਲੇ ਦਸ਼ਕ ਵਿੱਚ ਹੀ ਬਹੁਤ ਸਾਰੀਆਂ ਲਾਇਬ੍ਰੇਰੀਆਂ ਨੇ ਕਾਰਡ ਕੈਟਾਲਾਗ ਨੂੰ ਸਵੈ-ਚਾਲਿਤ ਕੈਟਾਲਾਗ ਵਿੱਚ ਬਦਲ ਲਿਆ। ਪਹਿਲੇ ਕੈਟਾਲਾਗ ਕੇਵਲ ਸਰਕੁਲੇਸ਼ਨ ਸਿਸਟਮ ਨਾਲ ਹੀ ਸੰਬੰਧਤ ਸਨ ਅਤੇ ਥੋੜ੍ਹਾ ਬਹੁਤ ਸੂਚੀਕਰਣ ਦਾ ਕੰਮ ਕੀਤਾ ਜਾਂਦਾ ਸੀ, ਪਰ ਸਮੇਂ ਨਾਲ ਇਨ੍ਹਾਂ ਵਿੱਚ ਬਹੁਤ ਹੀ ਪਰਿਵਰਤਨ ਆ ਗਿਆ ਹੈ। ਹੁਣ ਵਾਲੇ ਓਪੇਕ ਇੱਕ ਬਿਬਲਿਓਗ੍ਰਾਫਿਕ ਸੂਚਨਾ ਸਿਸਟਮ ਦੀ ਤਰ੍ਹਾਂ ਹਨ; ਜਿਹੜੇ ਬਹੁਤ ਸਾਰੇ ਡਾਟਾਬੇਸਾਂ ਅਤੇ ਸੇਵਾਵਾਂ ਤੱਕ ਪਹੁੰਚ ਦਿੰਦੇ ਹਨ। ਓਪੇਕ ਡਾਟਾਬੇਸ ਵਿੱਚ ਇੱਕ ਉਪਭੋਗਤਾ ਦੁਆਰਾ ਲਾਇਬ੍ਰੇਰੀ ਕੈਟਾਲਾਗ ਨੂੰ ਦੇਖਣ ਲਈ ਕੀਤੀ ਇੱਕ ਜਾਂ ਜ਼ਿਆਦਾ ਖੋਜ ਦੇ ਨਤੀਜੇ ਵਜੋਂ ਸਕਰੀਨ ਉਤੇ ਪੂਰਾ ਇੰਦਰਾਜ ਆ ਜਾਂਦਾ ਹੈ।

ਆਧੁਨਿਕ ਓਪੇਕਾਂ ਵਿੱਚ ਇੰਟਰਨੈਟ ਸ੍ਰੋਤ ਵੀ ਸ਼ਾਮਿਲ ਹਨ। ਇੰਟਰਨੈਟ ਸ੍ਰੋਤ ਪਰੰਪਰਾਵਾਦੀ ਸ੍ਰੋਤਾਂ ਨਾਲੋਂ ਭਿੰਨ ਹਨ। ਕੈਟਾਲਾਗ ਕੋਡ ਮੂਲ ਰੂਪ ਵਿੱਚ ਇਨ੍ਹਾਂ ਲਈ ਨਹੀਂ ਬਣਾਏ ਗਏ ਸਨ, ਪਰ ਅੱਜਕੱਲ੍ਹ ਇੰਟਰਨੈਟ ਸ੍ਰੋਤਾਂ ਦੀ ਕੈਟਾਲਾਗਿੰਗ ਬਹੁਤ ਹੀ ਮਹੱਤਵਪੂਰਨ ਵਿਸ਼ਾ ਬਣ ਗਿਆ ਹੈ।

### 1.4.6 ਇੰਟਰਨੈਟ ਸ੍ਰੋਤਾਂ ਦਾ ਸੂਚੀਕਰਣ :

ਇੰਟਰਨੈਟ ਸ੍ਰੋਤਾਂ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਨ੍ਹਾਂ ਕਰਕੇ ਸੂਚੀਕਰਣ ਦੇ ਕੁਝ ਵਿਸ਼ੇਸ਼ ਨਿਯਮਾਂ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ। ਏ ਏ ਸੀ ਆਰ–2 ਵਿੱਚ ਕੰਪਿਊਟਰ 'ਤੇ ਉਪਲਬਧ ਫ਼ਾਈਲਾਂ ਪੜ੍ਹਨ ਲਈ ਕੁਝ ਨਿਰਦੇਸ਼ ਦਿੱਤੇ ਹੋਏ ਹਨ, ਪਰ ਕਈ ਕਾਰਨਾਂ ਕਰਕੇ ਉਹ ਕਾਫ਼ੀ ਨਹੀਂ ਹਨ। ਇੰਟਰਨੈਟ ਸ੍ਰੋਤ ਸੰਦਰਭ, ਫਾਰਮੇਟ, ਪ੍ਰਾਪਤੀ, ਵੈਬ ਪੰਨੇ ਦੇ ਐਡਰੈਸ ਆਦਿ ਕਰਕੇ ਲਿਖਿਤ ਸ੍ਰੋਤਾਂ ਤੋਂ ਵੱਖਰੇ ਹੁੰਦੇ ਹਨ। ਇੰਟਰਨੈਟ ਸ੍ਰੋਤਾਂ ਦੇ ਕੈਟਾਲਾਗਿੰਗ ਦੇ ਨਵੇਂ ਨਿਯਮ ਅਤੇ ਨਿਰਦੇਸ਼ਾਂ ਨੂੰ ਵਿਕਸਿਤ ਕਰਨ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਹੋਇਆਂ ਓ.ਸੀ.ਐਲ.ਸੀ. ਨੇ 2003 ਵਿੱਚ ਇੰਟਰਨੈਟ ਸ੍ਰੋਤਾਂ ਦੀ ਕੈਟਾਲਾਗਿੰਗ ਲਈ ਇੱਕ ਮੈਨੂਅਲ ਛਾਪਿਆ। ਇਹ ਐਂਗਲੋ ਅਮਰੀਕਨ ਕੈਟਾਲਾਗਿੰਗ ਰੂਲਜ਼, ਦੂਸਰਾ ਐਡੀਸ਼ਨ ਅਤੇ ਆਈ.ਐਸ.ਬੀ.ਡੀ., ਇਲੈਕਟ੍ਰਾਨਿਕ ਸ੍ਰੋਤਾਂ 'ਤੇ ਆਧਾਰਿਤ ਹੈ। ਫ਼ਾਈਲ ਦੀ ਕਿਸਮ ਅਤੇ ਫਾਰਮੇਟ ਵਿੱਚ ਵਿਵਰਣ ਤੋਂ ਇਲਾਵਾ ਇੰਟਰਨੈਟ ਸ੍ਰੋਤਾਂ ਨੂੰ ਪ੍ਰਾਪਤ ਕਰਨ ਲਈ ਵਿਸ਼ੇਸ਼ ਸੂਚਨਾ ਦੀ ਜ਼ਰੂਰਤ ਹੁੰਦੀ ਹੈ। ਕੁਝ ਸੂਚਨਾ ਮਾਰਕ ਦੇ ਵਿਸ਼ੇਸ਼ ਖੇਤਰਾਂ (areas) ਵਿੱਚ ਦਿੱਤੀ ਹੋਈ ਹੈ। ਮਾਰਕ ਦਾ ਖੇਤਰ 856 ਖ਼ਾਸ ਕਰਕੇ ਬਿਜਲਾਣਵੀ ਪਹੁੰਚ ਲਈ ਵਿਕਸਿਤ ਕੀਤਾ ਗਿਆ ਹੈ।

### 1.4.7 ਡਿਜ਼ੀਟਲ ਵਾਤਾਵਰਣ ਵਿੱਚ ਕੈਟਾਲਾਗਿੰਗ :

ਇੱਕ ਡਿਜ਼ੀਟਲ ਲਾਇਬ੍ਰੇਰੀ ਕਈ ਤਰ੍ਹਾਂ ਦੇ ਸ੍ਰੋਤਾਂ ਨੂੰ ਕਈ ਤਰ੍ਹਾਂ ਦੇ ਫਾਰਮੇਟਾਂ (Formats) ਦੁਆਰਾ ਪਹੁੰਚ ਦਿੰਦੀ ਹੈ; ਜਿਵੇਂ ਓਪੇਕ, ਇਲੈਕਟ੍ਰੋਨਿਕ ਡਾਟਾਬੇਸ, ਈ–ਰਸਾਲੇ, ਵੈਬ ਸ੍ਰੋਤ ਆਦਿ। ਇਹ ਸੂਚਨਾ ਸ੍ਰੋਤ ਸਥਾਨਕ ਜਾਂ ਦੂਰ ਦੇ ਅਲੱਗ–ਅਲੱਗ ਸਰਵਰਾਂ (Servers) 'ਤੇ ਹੋ ਸਕਦੇ ਹਨ। ਡਿਜ਼ੀਟਲ ਸੂਚਨਾ ਸ੍ਰੋਤਾਂ ਨੂੰ ਕੈਟਾਲਾਗ ਕਰਨ ਵਿੱਚ ਬਹੁਤ ਸਮੱਸਿਆਵਾਂ ਆਉਂਦੀਆਂ ਹਨ। ਪਹਿਲਾ, ਡਿਜ਼ੀਟਲ ਸ੍ਰੋਤ ਬਹੁਤ ਜ਼ਿਆਦਾ ਹਨ ਅਤੇ ਇਨ੍ਹਾਂ ਦੀ ਗਿਣਤੀ ਇੰਨੀ ਛੇਤੀ ਵਧ ਰਹੀ ਹੈ; ਕਿ ਕਿਸੇ ਵੀ ਕੈਟਾਲਾਗਰ ਲਈ ਹਰ ਇੱਕ ਆਈਟਮ ਦਾ ਕੈਟਾਲਾਗ ਕਰਨਾ ਸੰਭਵ ਨਹੀਂ ਹੈ। ਦੂਸਰਾ, ਡਿਜ਼ੀਟਲ ਸੂਚਨਾ ਸ੍ਰੋਤਾਂ ਦੀਆਂ ਵਿਸ਼ੇਸ਼ਤਾਵਾਂ ਇਹ ਮੰਗ ਕਰਦੀਆਂ ਹਨ, ਕਿ ਹਰ ਇੱਕ ਵੱਡੇ ਜਾਣਕਾਰੀ ਦੇ ਸ੍ਰੋਤ ਲਈ ਅਲੱਗ ਸਟੈਂਡਰਡ ਵਿਕਸਿਤ ਕੀਤੇ ਜਾਣ। ਬਿਬਲਿਓਗ੍ਰਾਫਿਕ ਫਾਰਮੇਟ – ਮਾਰਕ ਪਰਿਵਾਰ ਅਤੇ ਕੈਟਾਲਾਗ ਕੋਡ ਜਿਵੇਂ ਕਿ ਏ ਏ ਸੀ ਆਰ–2 ਡਿਜ਼ੀਟਲ ਸ੍ਰੋਤਾਂ ਨੂੰ ਕੈਟਾਲਾਗ ਕਰਨ ਲਈ ਕਾਫ਼ੀ ਨਹੀਂ ਹਨ। ਪਿਛਲੇ ਕੁਝ ਸਾਲਾਂ ਵਿੱਚ ਕੁਝ ਮੈਟਾਡਾਟਾ ਸਟੈਂਡਰਡ ਜਿਵੇਂ ਡਬਲਿਨ ਕੋਰ (Dublin Core), ਮੈਟਾਡਾਟਾ ਐਡੀਟਰ (Metadata Editors), ਇਨਕੋਡਿਡ ਆਰਕਾਈਵਲ ਡਿਸਕ੍ਰਿਪਸ਼ਨ (Encoded Archival Description) (EAD) ਆਦਿ ਡਿਜ਼ੀਟਲ ਸੂਚਨਾ ਸ੍ਰੋਤਾਂ ਦੀ ਕੈਟਾਲਾਗਿੰਗ ਲਈ ਵਿਕਸਿਤ ਕੀਤੇ ਗਏ ਹਨ। ਡਬਲਿਨ ਕੋਰ ਮੈਟਾਡਾਟਾ ਸਟੈਂਡਰਡ ਆਮ ਹਨ ਅਤੇ ਕਿਸੇ ਵੀ ਵਿਸ਼ੇ ਦੇ ਡਿਜ਼ੀਟਲ ਸੂਚਨਾ ਸ੍ਰੋਤਾਂ ਦੀ ਵਿਵਰਣਾਤਮਕ ਸੂਚਨਾ ਦਿੰਦੇ ਹਨ। ਪਰ EAD ਕਿਸੇ ਖ਼ਾਸ ਵਿਸ਼ੇ ਜਾਂ ਸੂਚਨਾ 'ਤੇ ਹੀ ਲਾਗੂ ਹੁੰਦਾ ਹੈ।

1998 ਵਿੱਚ ਇਫਲਾ ਨੇ ਕੈਟਾਲਾਗਿੰਗ ਨੂੰ ਸੰਗਠਿਤ ਕਰਨ ਲਈ ਅਤੇ ਪਾਠਕਾਂ ਲਈ ਸ੍ਰੋਤਾਂ ਦੀ ਭਾਲ ਨੂੰ ਸੌਖਾ ਕਰਨ ਲਈ ਫੰਕਸ਼ਨਲ ਰਿਕੁਆਇਰਮੈਂਟ ਫ਼ਾਰ ਬਿਬਲਿਓਗ੍ਰਾਫਿਕ ਰੀਕਾਰਡ (Functional Requirements for Bibliographic Records (FRBR)) ਬਣਾਉਣ ਦਾ ਸੁਝਾਅ ਦਿੱਤਾ।

ਐਫ.ਆਰ.ਬੀ.ਆਰ. (FRBR) ਇੱਕ ਸੰਕਲਪ ਆਧਾਰਿਤ ਰੀਕਾਰਡ ਨਾ ਹੋ ਕੇ ਸੂਚਨਾ ਦੀਆਂ ਵਸਤੂਆਂ ਲਈ ਮੈਟਾਡਾਟਾ ''ਅਸਤਿਤਵ–ਸੰਬੰਧ ਮਾਡਲ'' ਹੈ। ਇਹ ਇੱਕ ਕਿਰਤ ਦੇ ਸਾਰੇ ਹੀ ਬਿਆਨਾਂ ਨੂੰ ਇੱਕ ਥਾਂ 'ਤੇ ਇਕੱਠੇ ਕਰ ਦਿੰਦਾ ਹੈ। ਓ.ਸੀ.ਐਲ.ਸੀ. ਦੁਆਰਾ ਵਿਕਸਿਤ FRBR ਐਲਗੋਰਿਥਮ ਪਾਠਕਾਂ ਲਈ ਇਹ ਸੰਭਵ ਬਣਾਉਂਦੀ ਹੈ ਕਿ ਉਹ ਰੀਕਾਰਡਾਂ ਦੇ ਸੈਟ ਸਿਰਜਣ ਲਈ ਕੰਪਿਊਟਰ ਪ੍ਰੋਗਰਾਮ ਲਿਖਣ ਅਤੇ ਸੂਚਨਾ ਸ੍ਰੋਤ ਇੱਕੋ ਹੀ ਜਗ੍ਹਾ 'ਤੇ ਇਕੱਠੇ ਦੇਖ ਸਕਣ।

ਏ ਏ ਸੀ ਆਰ ਦੀ ਸੁਧਾਈ ਵਿੱਚ ਲੱਗੀ ਸਾਂਝੀ ਸਟੀਅਰਿੰਗ ਕਮੇਟੀ ਏ ਏ ਸੀ ਆਰ ਦੇ ਅਗਲੇ ਐਡੀਸ਼ਨ ਵਿੱਚ FRBR ਦੀ ਸ਼ਬਦਾਵਲੀ ਅਤੇ ਵਿਚਾਰਾਂ ਨੂੰ ਸ਼ਾਮਿਲ ਕਰਨ ਉਤੇ ਕੰਮ ਕਰ ਰਹੀ ਹੈ।

### 1.4.8 ਸਾਰ (Summary) :

ਇਸ ਪਾਠ ਵਿੱਚ ਏ ਏ ਸੀ ਆਰ–2 ਦੇ ਵਿਕਾਸ, ਕੈਟਾਲਾਗਿੰਗ ਦੇ ਵਿਭਿੰਨ ਸਟੈਂਡਰਡ ਜਿਵੇਂ ਮਾਰਕ, ਸੀ.ਸੀ.ਐਫ.,

ਆਈ.ਐਸ.ਬੀ.ਡੀ., ਆਈ.ਐਸ.ਬੀ.ਐਨ. ਅਤੇ ਕੈਟਾਲਾਗਿੰਗ ਖੇਤਰ ਵਿੱਚ ਮਿਲਦੇ ਵਿਭਿੰਨ ਨੈਟਵਰਕਾਂ ਅਤੇ ਸਹਿਯੋਗੀ ਆਟੋਮੇਸ਼ਨ ਗਰੁੱਪਾਂ ਦੇ ਵਿਕਾਸ ਦੀ ਚਰਚਾ ਕੀਤੀ ਗਈ ਹੈ।

ਅੱਜਕੱਲ੍ਹ ਇੰਟਰਨੈਟ/ਡਿਜ਼ੀਟਲ ਸ੍ਰੋਤਾਂ ਦੀ ਕੈਟਾਲਾਗਿੰਗ ਇੱਕ ਬਹੁਤ ਵੱਡੀ ਚੁਣੌਤੀ ਬਣ ਗਈ ਹੈ। ਪਿਛਲੇ ਕੁਝ ਸਾਲਾਂ ਵਿੱਚ ਡਿਜ਼ੀਟਲ ਸੂਚਨਾ ਸ੍ਰੋਤਾਂ ਦੀ ਕੈਟਾਲਾਗਿੰਗ ਲਈ ਕਈ ਮੈਟਾਡਾਟਾ ਸਟੈਂਡਰਡ ਜਿਵੇਂ ਡਬਲਿਨ ਕੋਰ (Dublin Core), ਈ.ਏ.ਡੀ. (EAD), ਐਫ.ਆਰ.ਬੀ.ਆਰ. (FRBR) ਆਦਿ ਵਿਕਸਿਤ ਕੀਤੇ ਗਏ ਹਨ।

## 1.4.9 ਸ਼ਬਦਾਵਲੀ (Glossary) :

ਬੈਲਟਸ (Ballots) : ਇਹ ''ਬਿਬਲਿਓਗ੍ਰਾਫਿਕ ਆਟੋਮੇਸ਼ਨ ਆਫ਼ ਲਾਰਜ ਲਾਇਬ੍ਰੇਰੀ ਆਪ੍ਰੇਸ਼ਨ ਯੂਜ਼ਿੰਗ ਦੇ ਟਾਈਮ ਸ਼ੇਅਰਿੰਗ ਸਿਸਟਮ'' (Bibliographic Automation of Large Library Operations Using a Time Sharing System) ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ। ਇਹ 1972 ਵਿੱਚ ਇੱਕ ਸਮੁੱਚੇ ਸਿਸਟਮ ਦੇ ਤੌਰ 'ਤੇ ਸ਼ੁਰੂ ਹੋਇਆ।

ਬਲੇਜ਼ (BLAISE) : ਇਹ ''ਬ੍ਰਿਟਿਸ਼ ਲਾਇਬ੍ਰੇਰੀ ਆਟੋਮੇਟਿਡ ਇਨਫਾਰਮੇਸ਼ਨ ਸਰਵਿਸ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ। ਇਹ ਸੇਵਾ 1977 ਵਿੱਚ ਸਵੈ-ਚਾਲਿਤ ਸੂਚਨਾ ਦੇਣ ਲਈ ਅਤੇ ਲਾਇਬ੍ਰੇਰੀ ਦੇ ਨਿੱਤ ਦੇ ਕੰਮਾਂ ਨੂੰ ਸੌਖਾ ਬਣਾਉਣ ਲਈ ਸ਼ੁਰੂ ਕੀਤੀ ਗਈ।

ਸੀ.ਸੀ.ਐਫ. (CCF) : ਇਹ ''ਕਾਮਨ ਕਮਯੂਨਿਕੇਸ਼ਨ ਫਾਰਮੇਟ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ। ਇਹ ਯੂਨੈਸਕੋ ਦੁਆਰਾ 1984 ਵਿੱਚ ਵਿਕਸਿਤ ਕੀਤਾ ਗਿਆ। ਇਸ ਨੂੰ 1984 ਵਿੱਚ ਯੂਨੈਸਕੋ ਦੁਆਰਾ ਕੰਪਿਊਟਰ ਪ੍ਰੋਗਰਾਮ ਦਾ ਵਿਕਸਿਤ ਕੀਤਾ ਇੱਕ ਅਜਿਹਾ ਇਕੱਲਾ ਸੈਟ ਤਿਆਰ ਕਰਨ ਦੀ ਆਗਿਆ ਦਿੱਤੀ ਗਈ; ਜਿਹੜਾ ਕਿ ਦੂਜੀਆਂ ਰੀਕਾਰਡ ਤਿਆਰ ਕਰਨ ਵਾਲੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਰੀਕਾਰਡ ਨਾਲ ਜੋੜ-ਤੋੜ (interaction) ਕਰ ਸਕੇ।

ਵਰਚੂਅਲ ਲਾਇਬ੍ਰੇਰੀ : ਇਹ ਇੰਟਰਨੈਟ ਉਤੇ ਕਲਪਿਤ ਲਾਇਬ੍ਰੇਰੀ ਹੁੰਦੀ ਹੈ। ਇਸ ਵਿੱਚ ਸਾਰੀ ਹੀ ਸੂਚਨਾ ਬਿਜਲਾਣਵੀ ਰੂਪ ਵਿੱਚ ਹੁੰਦੀ ਹੈ।

ਡਬਲਿਨ ਕੋਰ : ਇਹ ਮੈਟਾਡਾਟਾ ਸਟੈਂਡਰਡ ਹੈ। ਇਹ 1995 ਵਿੱਚ ਵਿਭਿੰਨ ਵਿਸ਼ਿਆਂ ਦੇ ਡਿਜ਼ੀਟਲ ਸ੍ਰੋਤਾਂ ਦੀ ਵਿਵਰਣਾਤਮਕ ਸੂਚਨਾ ਲਈ ਵਿਕਸਿਤ ਕੀਤਾ ਗਿਆ।

ਈ.ਏ.ਡੀ. : ਇਹ ਇਨਕੋਡਿਡ ਆਰਕਾਈਵਲ ਡਿਸਕ੍ਰਿਪਸ਼ਨ (Encoded Archival Description) ਲਈ ਸ਼ਬਦ-ਸੰਖੇਪ ਹੈ। ਇਹ 1998 ਵਿੱਚ ਇੱਕ ਵਿਸ਼ੇਸ਼ ਵਿਸ਼ੇ ਦੇ ਡਿਜ਼ੀਟਲ ਸ੍ਰੋਤਾਂ ਦੀ ਵਿਵਰਣਾਤਮਕ ਸੂਚਨਾ ਲਈ ਵਿਕਸਿਤ ਕੀਤਾ ਗਿਆ।

ਇੰਟਰਨੈਟ : ਇਹ ਨੈਟਵਰਕਾਂ ਦਾ ਨੈਟਵਰਕ ਹੈ।

ਆਈ.ਐਸ.ਓ.-2709 : ਇਹ ਅੰਤਰਰਾਸ਼ਟਰੀ ਸਟੈਂਡਰਡ ਹੈ। ਇਹ ਇੱਕ ਆਮ ਮਸ਼ੀਨੀ ਫਾਰਮੇਟ ਦੀਆਂ ਜ਼ਰੂਰਤਾਂ ਦੱਸਦਾ ਹੈ।

ਆਈ.ਐਸ.ਬੀ.ਡੀ. : ਇਹ ''ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ।

ਆਈ.ਐਸ.ਬੀ.ਐਨ. : ਇਹ ''ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਨੰਬਰ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ।

ਮਾਰਕ : ਇਹ ''ਮਸ਼ੀਨ ਰੀਡਏਬਲ ਕੈਟਾਲਾਗਿੰਗ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ।

ਓ.ਸੀ.ਐਲ.ਸੀ. : ਇਹ ''ਆਨਲਾਈਨ ਕੰਪਿਊਟਰ ਲਾਇਬ੍ਰੇਰੀ ਸੈਂਟਰ'' ਲਈ ਵਰਤਿਆ ਗਿਆ

ਸ਼ਬਦ-ਸੰਖੇਪ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਨੈਟਵਰਕ ਹੈ। ਇਹ 84 ਦੇਸ਼ਾਂ ਵਿੱਚ 48 ਹਜ਼ਾਰ ਤੋਂ ਵੱਧ ਲਾਇਬ੍ਰੇਰੀਆਂ ਨੂੰ ਜੋੜਦਾ ਹੈ।

ਓਪੇਕ : ਇਹ ''ਆਨਲਾਈਨ ਪਬਲਿਕ ਐਕਸੈਸ ਕੈਟਾਲਾਗ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ।

UTLAS : ਇਹ ''ਯੂਨੀਵਰਸਿਟੀ ਆਫ਼ ਟੋਰਾਨਟੋ ਲਾਇਬ੍ਰੇਰੀ ਆਟੋਮੇਸ਼ਨ ਸਿਸਟਮ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ।

ਯੂਨੀਮਾਰਕ : ਇਹ ''ਯੂਨੀਵਰਸਲ ਮਾਰਕ'' ਲਈ ਵਰਤਿਆ ਗਿਆ ਸ਼ਬਦ-ਸੰਖੇਪ ਹੈ। ਇਹ ਇਫਲਾ ਦੁਆਰਾ 1977 ਵਿੱਚ ਵਿਕਸਿਤ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਮਸ਼ੀਨੀ ਪੜ੍ਹਨਯੋਗ ਡਾਟੇ ਦਾ ਅੰਤਰਰਾਸ਼ਟਰੀ ਆਦਾਨ-ਪ੍ਰਦਾਨ ਸੁਵਿਧਾਜਨਕ ਬਣਾਉਣਾ ਹੈ।

## 1.4.10 ਸੰਦਰਭ :

1. Chowdhury, G.G. (2004). Introduction to modern information retrieval. 2nd ed. London: Facet Publishing.
2. Chan, Lois, Mai (1994). Cataloguing and Classification : An introduction. 2nd ed. New York : McGraw Hill.
3. Girja Kumar and Krishan Kumar (2000). Theory of Cataloguing. 5th rev. ed. New Delhi : Vikas.
4. OCLC Newsletters Nos. 262, 2003 and 263, 2004.
5. Oddy, Pat (1977). Future Libraries and Future Catalogues. London : Library Association.
6. Piggott. Marry (1998). A topology of Cataloguing showing the most important landmarks, communications and peritous places. London : Library Association.

## 1.4.11 ਸਵੈ-ਨਿਰੀਖਣ ਅਭਿਆਸ :

**ਨੋਟ :** ਹਰੇਕ ਪ੍ਰਸ਼ਨ ਤੋਂ ਬਾਅਦ ਦਿੱਤੀ ਖਾਲੀ ਜਗ੍ਹਾ ਵਿੱਚ ਉੱਤਰ ਲਿਖੋ ਅਤੇ ਆਪਣੇ ਉੱਤਰਾਂ ਦਾ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਨਿਰੀਖਣ ਕਰੋ :

1. ਸੂਚੀਕਰਣ ਦੇ ਮਹੱਤਵਪੂਰਨ ਸਟੈਂਡਰਡਾਂ ਦੇ ਨਾਂ ਦੱਸੋ।

______________________________________________

______________________________________________

______________________________________________

______________________________________________

2. ਯੂਨੀਮਾਰਕ ਕੀ ਹੈ?

______________________________________________

______________________________________________

______________________________________________

______________________________________________

3. ਆਈ.ਐਸ.ਬੀ.ਡੀ. ਕੀ ਹੈ?

______________________________________________

______________________________________________

______________________________________________

______________________________________________

4. ਓਪੇਕ ਕੀ ਹਨ?

_______________________________________________

_______________________________________________

_______________________________________________

_______________________________________________

5. ਓ.ਸੀ.ਐਲ.ਸੀ. ਦੀਆਂ ਸੇਵਾਵਾਂ ਦੱਸੋ।

_______________________________________________

_______________________________________________

_______________________________________________

_______________________________________________

6. ਇੱਕ ਡਿਜ਼ੀਟਲ ਲਾਇਬ੍ਰੇਰੀ ਵਿੱਚ ਉਪਲਬਧ ਸ੍ਰੋਤਾਂ ਦੇ ਨਾਂ ਲਿਖੋ।

_______________________________________________

_______________________________________________

_______________________________________________

_______________________________________________

7. ਦੋ ਮੈਟਾਡਾਟਾ ਸਟੈਂਡਰਡਾਂ ਦੇ ਨਾਂ ਦੱਸੋ।

_______________________________________________

_______________________________________________

_______________________________________________

_______________________________________________

## 1.4.12 ਸਵੈ-ਨਿਰੀਖਣ ਅਭਿਆਸਾਂ ਦੇ ਉੱਤਰ :

1. ਸੂਚੀਕਰਣ ਨਾਲ ਸਬੰਧਤ ਮਹੱਤਵਪੂਰਨ ਸਟੈਂਡਰਡ ਹੇਠ ਲਿਖੇ ਹਨ :
   - ਆਈ.ਐਸ.ਓ.-2709
   - ਮਾਰਕ
   - ਸੀ.ਸੀ.ਐਫ.
   - ਆਈ.ਐਸ.ਬੀ.ਡੀ.
   - ਡਬਲਿਨ ਕੋਰ
2. ਯੂਨੀਮਾਰਕ ਇਫਲਾ ਨੇ 1977 ਵਿੱਚ ਵਿਕਸਿਤ ਕੀਤਾ। ਇਸ ਦਾ ਉਦੇਸ਼ ਕੌਮੀ ਬਿਬਲਿਓਗ੍ਰਾਫਿਕ ਸੰਸਥਾਵਾਂ ਵਿੱਚ ਮਸ਼ੀਨੀ ਪੜ੍ਹਨਯੋਗ ਡਾਟੇ ਦਾ ਅੰਤਰਰਾਸ਼ਟਰੀ ਆਦਾਨ-ਪ੍ਰਦਾਨ ਸੁਵਿਧਾਜਨਕ ਬਣਾਉਣਾ ਸੀ। ਇਸ ਦਾ ਦੂਸਰਾ ਐਡੀਸ਼ਨ 1980 ਵਿੱਚ ਛਪਿਆ ਅਤੇ UNIMARC Handbook 1983 ਵਿੱਚ ਛਪੀ।
3. ਆਈ.ਐਸ.ਬੀ.ਡੀ. ਬਿਬਲਿਓਗ੍ਰਾਫਿਕ ਵਿਵਰਣ ਲਈ ਸਟੈਂਡਰਡ ਫਾਰਮੇਟ ਹੈ। ਬਿਬਲਿਓਗ੍ਰਾਫਿਕ ਸੂਚਨਾ ਦੇ ਸਫਲ ਅਤੇ ਸੁਵਿਧਾਜਨਕ ਆਦਾਨ-ਪ੍ਰਦਾਨ ਲਈ ਇਫਲਾ ਦੇ ਵਰਕਿੰਗ ਗਰੁੱਪ ਨੇ 1971 ਵਿੱਚ ਇੰਟਰਨੈਸ਼ਨਲ ਸਟੈਂਡਰਡ ਬਿਬਲਿਓਗ੍ਰਾਫਿਕ ਡਿਸਕ੍ਰਿਪਸ਼ਨ ਛਾਪਿਆ ਜਿਸ ਦੇ ਨਤੀਜੇ ਵਜੋਂ 1973 ਵਿੱਚ ਇਫਲਾ ਦੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਦੇ ਨਤੀਜੇ ਵਜੋਂ ਆਈ.ਐਸ.ਬੀ.ਡੀ.(ਐਮ) 1974 ਵਿੱਚ ਅਤੇ ਆਈ.ਐਸ.ਬੀ.ਡੀ.(ਜੀ) 1977 ਵਿੱਚ ਛਾਪਿਆ ਗਿਆ। ਏ ਏ ਸੀ ਆਰ-2 ਵਿੱਚ ਆਈ.ਐਸ.ਬੀ.ਡੀ.(ਐਮ) ਮੋਨੋਗ੍ਰਾਫ ਸਾਮੱਗਰੀ ਦੀ ਵਿਵਰਣਾਤਮਕ ਸੂਚਨਾ ਅਤੇ ਆਈ.ਐਸ.ਬੀ.ਡੀ. (ਜੀ) ਸਾਰੀ ਹੀ ਤਰ੍ਹਾਂ ਦੀ ਸਾਮੱਗਰੀ ਦੇ ਵਿਵਰਣ ਦਾ ਆਧਾਰ ਬਣੇ।

4. ਆਨਲਾਈਨ ਪਬਲਿਕ ਐਕਸੈਸ ਕੈਟਾਲਾਗ (ਓਪੇਕ) ਉਹ ਕੰਪਿਊਟਰ ਪ੍ਰੋਗਰਾਮ ਹਨ, ਜਿਹੜੇ ਪਾਠਕਾਂ ਨੂੰ ਕਿਸੇ ਵੀ ਲਾਇਬ੍ਰੇਰੀ ਦੇ ਸੰਗ੍ਰਹਿ ਨੂੰ ਜਾਣਨ ਵਿੱਚ ਮਦਦ ਕਰਦੇ ਹਨ। ਓਪੇਕ ਵਿਸ਼ੇਸ਼ ਤੌਰ 'ਤੇ ਪਾਠਕਾਂ ਨੂੰ ਲਾਇਬ੍ਰੇਰੀ ਕੈਟਾਲਾਗ ਵੇਖਣ ਵਿੱਚ ਮਦਦ ਕਰਦੇ ਹਨ। ਇਹ ਕੁਝ ਦੂਸਰੀਆਂ ਸੁਵਿਧਾਵਾਂ ਵੀ ਦਿੰਦੇ ਹਨ; ਜਿਵੇਂ ਪੁਸਤਕਾਂ ਉਧਾਰ ਲੈਣ ਵਾਲੇ ਦੇ ਰੀਕਾਰਡਾਂ ਦਾ ਨਿਰੀਖਣ ਕਰਨਾ, ਪੜ੍ਹਨ ਸਾਮੱਗਰੀ ਨੂੰ ਰਾਖਵਾਂ ਕਰਨਾ, ਲਾਇਬ੍ਰੇਰੀ ਨਿਊਜ਼ ਬੁਲੇਟਿਨ ਵੇਖਣਾ ਆਦਿ। ਭਾਵੇਂ ਓਪੇਕ 1970 ਵਿੱਚ ਪਹਿਲੀ ਵਾਰ ਇਸਤੇਮਾਲ ਕੀਤੇ ਗਏ ਪਰ ਅਗਲੇ ਦਸ਼ਕ ਵਿੱਚ ਹੀ ਬਹੁਤ ਸਾਰੀਆਂ ਲਾਇਬ੍ਰੇਰੀਆਂ ਨੇ ਕਾਰਡ ਕੈਟਾਲਾਗ ਨੂੰ ਆਟੋਮੇਟਿਡ ਕੈਟਾਲਾਗ ਵਿੱਚ ਬਦਲ ਲਿਆ। ਪਹਿਲੇ ਕੈਟਾਲਾਗ ਕੇਵਲ ਸਰਕੁਲੇਸ਼ਨ ਸਿਸਟਮ ਨਾਲ ਹੀ ਸੰਬੰਧਤ ਸਨ ਅਤੇ ਥੋੜ੍ਹਾਂ ਬਹੁਤ ਸੂਚੀਕਰਣ ਦਾ ਕੰਮ ਕੀਤਾ ਜਾਂਦਾ ਸੀ ਪਰ ਸਮੇਂ ਨਾਲ ਇਨ੍ਹਾਂ ਵਿੱਚ ਬਹੁਤ ਪਰਿਵਰਤਨ ਆ ਗਿਆ ਹੈ। ਹੁਣ ਵਾਲੇ ਓਪੇਕ ਇੱਕ ਬਿਬਲਿਓਗ੍ਰਾਫਿਕ ਸੂਚਨਾ ਸਿਸਟਮ ਦੀ ਤਰ੍ਹਾਂ ਹਨ ਜਿਹੜੇ ਬਹੁਤ ਸਾਰੇ ਡਾਟਾਬੇਸਾਂ ਅਤੇ ਸੇਵਾਵਾਂ ਨੂੰ ਪਹੁੰਚ ਦਿੰਦੇ ਹਨ।

5. ਓ.ਸੀ.ਐਲ.ਸੀ. ਹੇਠ ਲਿਖੀਆਂ ਸੇਵਾਵਾਂ ਦੇ ਰਿਹਾ ਹੈ :

**(i) ਵਰਲਡ ਕੈਟ (ਓ.ਸੀ.ਐਲ.ਸੀ. ਆਨਲਾਈਨ ਸੰਘ ਸੂਚੀ) :**

ਇਹ ਦੁਨੀਆ ਦਾ ਸਭ ਤੋਂ ਵੱਡਾ ਅਤੇ ਵਿਆਪਕ ਬਿਬਲਿਓਗ੍ਰਾਫਿਕ ਡਾਟਾਬੇਸ ਹੈ। ਇਸ ਵਿੱਚ 458 ਭਾਸ਼ਾਵਾਂ ਵਿੱਚ ਸੰਗ੍ਰਹਿਤ ਸੂਚਨਾ ਸਾਹਿਤ ਦੇ 600 ਲੱਖ ਤੋਂ ਕਿਤੇ ਵੱਧ ਰੀਕਾਰਡ ਹਨ। ਲਾਇਬ੍ਰੇਰੀਆਂ ਸਾਮੱਗਰੀ ਨੂੰ ਪ੍ਰੋਸੈਸ ਕਰਨ ਲਈ ਅਤੇ ਸੂਚਨਾ ਦੇ ਆਦਾਨ-ਪ੍ਰਦਾਨ ਲਈ ਵਰਲਡ ਕੈਟ ਡਾਟਾਬੇਸ ਅਤੇ ਓ.ਸੀ.ਐਲ.ਸੀ. ਦਾ ਕੰਪਿਊਟਰ ਦੂਰਸੰਚਾਰ ਨੈਟਵਰਕ ਇਸਤੇਮਾਲ ਕਰਦੀਆਂ ਹਨ।

**(ii) ਓਪਨ ਵਰਲਡ ਕੈਟ ਪਾਇਲਟ (Open World Cat Pilot) :**

ਜੂਨ 2003 ਵਿੱਚ ਓ.ਸੀ.ਐਲ.ਸੀ. ਨੇ ਮੈਂਬਰ ਲਾਇਬ੍ਰੇਰੀਆਂ ਦੇ ਸੰਗ੍ਰਹਿ ਨੂੰ ਵੈਬਸਾਈਟ 'ਤੇ ਇਕੱਠਾ ਕਰਨ ਲਈ ਓਪਨ ਵਰਲਡ ਕੈਟ ਪਾਇਲਟ ਨਾਮ ਦੀ ਨਵੀਂ ਸੇਵਾ ਸ਼ੁਰੂ ਕੀਤੀ। ਇਹ ਪਾਇਲਟ ਸੇਵਾ ਹੁਣ ਵੈਬ (Web) ਦੁਆਰਾ ਬਹੁਤ ਸਾਰੀਆਂ ਸੇਵਾਵਾਂ ਤੋਂ ਉਪਲਬਧ ਹੈ ਜਿਵੇਂ Abebooks, Alibris, ABAA, Bookpage ਅਤੇ HCI Bibliography। ਇਸ ਸੇਵਾ ਰਾਹੀਂ ਓ.ਸੀ.ਐਲ.ਸੀ. ਨੇ ਵਰਲਡ ਕੈਟ ਦੇ ਸ੍ਰੋਤਾਂ ਨੂੰ ਲਾਇਬ੍ਰੇਰੀ ਵਾਤਾਵਰਣ ਤੋਂ ਬਾਹਰੋਂ ਪ੍ਰਾਪਤ ਕਰਕੇ ਵਰਤਣ ਵਾਲਿਆਂ ਨੂੰ ਉਪਲਬਧ ਕਰਵਾਏ ਹਨ।

**(iii) ਓ.ਸੀ.ਐਲ.ਸੀ. ਫਰਸਟ ਸਰਚ ਸੇਵਾ (OCLC First Search Service) :**

ਇਹ ਉਪਭੋਗਤਾਵਾਂ ਨੂੰ 70 ਤੋਂ ਵੀ ਵੱਧ ਡਾਟਾਬੇਸਾਂ ਤੋਂ ਖੋਜ ਕਰਨ ਅਤੇ ਵਿਸ਼ਾ ਪਹੁੰਚ ਉਪਲਬਧ ਕਰਦੀ ਹੈ।

**(iv) ਓ.ਸੀ.ਐਲ.ਸੀ. ਫਰਸਟ ਸਰਚ ਇਲੈਕਟ੍ਰਾਨਿਕ ਕੁਲੈਕਸ਼ਨ ਆਨਲਾਈਨ ਸੇਵਾ (OCLC First Search Electronic Collections Online Service) :**

ਇਹ ਵੈਬ (Web) ਰਾਹੀਂ ਬਹੁਤ ਦੂਰ ਲਾਇਬ੍ਰੇਰੀ ਵਿੱਚ ਪਏ ਰਸਾਲਿਆਂ ਦੇ ਸੰਗ੍ਰਹਿ ਤੱਕ ਪਹੁੰਚ ਦਿੰਦੀ ਹੈ।

**(v) ਓ.ਸੀ.ਐਲ.ਸੀ. ਐਕਸੈਸ ਸੇਵਾਵਾਂ (OCLC Access Service) :**

ਇਹ ਆਨਲਾਈਨ ਅਤੇ ਆਫ਼ਲਾਈਨ ਸੂਚੀਕਰਣ, ਸ੍ਰੋਤਾਂ ਦਾ ਵਟਾਂਦਰਾ, ਸੰਦਰਭ ਅਤੇ ਚੋਣ ਸੇਵਾਵਾਂ ਉਪਲਬਧ ਕਰਵਾਉਂਦੀਆਂ ਹਨ।

6. ਡਿਜ਼ੀਟਲ ਲਾਇਬ੍ਰੇਰੀ ਵਿੱਚ ਹੇਠ ਲਿਖੇ ਸ੍ਰੋਤ ਉਪਲਬਧ ਹੁੰਦੇ ਹਨ :

ਓਪੇਕ, ਇਲੈਕਟ੍ਰੋਨਿਕ ਡਾਟਾਬੇਸ (ਆਨਲਾਈਨ ਅਤੇ ਸੀ.ਡੀ. ਰੋਮ), ਈ-ਰਸਾਲੇ ਅਤੇ ਵੈਬ ਸ੍ਰੋਤ।

7. ਦੋ ਮਹੱਤਵਪੂਰਨ ਮੈਟਾਡਾਟਾ ਸਟੈਂਡਰਡ ਹੇਠ ਲਿਖੇ ਹਨ :

(1) ਡਬਲਿਨ ਕੋਰ ਮੈਟਾਡਾਟਾ ਐਡੀਟਰਜ਼ (Dublin Core Metadata Editors)

(2) ਇਨਕੋਡਿਡ ਆਰਕਾਈਵਲ ਡਿਸਕ੍ਰਿਪਸ਼ਨ (Encoded Archival Description)

**ਪਾਠ ਨੰਬਰ 1.5**

**ਲੇਖਕ : ਡਾ. ਵੀ. ਚੰਦਰਾਕੁਮਾਰ**
**ਅਨੁਵਾਦਕ : ਡਾ. ਜਸਮੇਰ ਸਿੰਘ**

# ਓਪੇਕ ਅਤੇ ਆਨਲਾਈਨ ਖੋਜ ਲਈ ਵਿਸ਼ਾ ਸੂਚੀਕਰਣ
# (OPAC and Subject Cataloguing for Online Search)

**ਸੰਰਚਨਾ :**

1.5.0 ਉਦੇਸ਼
1.5.1 ਭੂਮਿਕਾ
1.5.2 ਆਨਲਾਈਨ ਪਬਲਿਕ ਐਕਸੈਸ ਕੈਟਾਲਾਗ (OPAC)
 1.5.2.1 ਓਪੇਕਸ ਦੀਆਂ ਪੀੜ੍ਹੀਆਂ
 1.5.2.2 ਵੈਬ ਓਪੇਕਸ
1.5.3 ਆਨਲਾਈਨ ਖੋਜ
 1.5.3.1 ਆਨਲਾਈਨ ਖੋਜ ਦਾ ਵਾਧਾ ਅਤੇ ਵਿਕਾਸ
 1.5.3.2 ਆਨਲਾਈਨ ਖੋਜ ਦੇ ਤੱਤ
 1.5.3.3 ਖੋਜ ਜੁਗਤ ਦੀ ਤਿਆਰੀ
 1.5.3.4 ਖੋਜ ਤਕਨੀਕਾਂ
1.5.4 ਸਾਰ
1.5.5 ਪਰਿਭਾਸ਼ਿਕ ਸ਼ਬਦਾਵਲੀ
1.5.6 ਸੰਦਰਭ ਅਤੇ ਅੱਗੇ ਪੜ੍ਹਨ ਲਈ
1.5.7 ਸਵੈ-ਨਿਰੀਖਣ ਅਭਿਆਸ

## 1.5.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਪਾਠਕ :

* ਓਪੇਕ (OPAC) ਦੇ ਸੰਕਲਪ ਨੂੰ ਸਮਝ ਸਕਣਗੇ; ਅਤੇ
* ਆਨਲਾਈਨ ਖੋਜ ਸੇਵਾਵਾਂ, ਤਕਨੀਕਾਂ ਅਤੇ ਉਨ੍ਹਾਂ ਦੀ ਵਰਤੋਂ ਆਦਿ ਬਾਰੇ ਗਿਆਨ ਹਾਸਲ ਕਰ ਸਕਣਗੇ।

## 1.5.1 ਭੂਮਿਕਾ :

ਬਬਲਿਓਗ੍ਰਾਫਿਕ ਸੂਚਨਾ ਦੀ ਆਨਲਾਈਨ ਖੋਜ ਸਭ ਤੋਂ ਪਹਿਲਾਂ ਸੂਚਨਾ ਵਿਗਿਆਨੀਆਂ ਅਤੇ ਲਾਇਬ੍ਰੇਰੀਅਨਾਂ ਦੁਆਰਾ ਉਦਯੋਗਿਕ ਅਤੇ ਵਪਾਰਕ ਖੇਤਰ ਵਿੱਚ ਸ਼ੁਰੂ ਕੀਤੀ ਗਈ। ਹੁਣ ਬਹੁਤ ਸਾਰੇ ਸੰਗਠਨਾਂ ਕੋਲ ਆਨਲਾਈਨ ਖੋਜ ਲਈ ਚੰਗੀ ਸਥਾਪਿਤ ਪ੍ਰਣਾਲੀਆਂ ਮੌਜੂਦ ਹਨ। ਅਕਾਦਮਿਕ, ਸਰਕਾਰੀ ਅਤੇ ਲੋਕ ਲਾਇਬ੍ਰੇਰੀਆਂ ਵੀ ਆਪਣੇ ਪਾਠਕਾਂ ਨੂੰ ਦੂਰਵਰਤੀ (Remote) ਆਨਲਾਈਨ ਖੋਜ ਸੇਵਾਵਾਂ ਲਈ ਪਹੁੰਚ ਪ੍ਰਦਾਨ ਕਰਦੀਆਂ ਹਨ। ਬਰਤਾਨੀਆ ਵਿੱਚ ਲੋਕ ਲਾਇਬ੍ਰੇਰੀਆਂ ਦੁਆਰਾ 1970 ਦੇ ਅੰਤ ਵਿੱਚ ਬ੍ਰਿਟਿਸ਼ ਲਾਇਬ੍ਰੇਰੀ ਖੋਜ ਅਤੇ ਵਿਕਾਸ ਵਿਭਾਗ ਤੋਂ ਸ਼ੁਰੂਆਤੀ ਫੰਡ ਪ੍ਰਾਪਤ ਕਰਕੇ ਅਜਿਹੀਆਂ ਸੇਵਾਵਾਂ ਦੀ ਵਰਤੋਂ ਵਿਕਸਿਤ ਕੀਤੀ ਗਈ ਸੀ। ਡਾਯਲਾਗ (Dialog), ਪੀ.ਐਫ.ਡੀ.ਐਸ. (PFDS), ਬਲੇਜ਼ (BLAISE) ਅਤੇ ਈ.ਐਸ.ਏ.-ਆਈ.ਆਰ.ਐਸ. (ESA-IRS) ਪ੍ਰਸਿੱਧ ਆਨਲਾਈਨ ਸੇਵਾਵਾਂ ਹਨ ਅਤੇ ਇਹ ਡਾਟਾਬੇਸ ਬਹੁਤ ਜ਼ਿਆਦਾ ਵਰਤੇ ਜਾਂਦੇ ਹਨ।

### 1.5.2 ਆਨਲਾਈਨ ਪਬਲਿਕ ਐਕਸੈਸ ਕੈਟਾਲਾਗ (OPACs) :

ਓ.ਪੀ.ਏ.ਸੀ. ਜਾਂ ਓਪੇਕ ਆਨਲਾਈਨ ਪਬਲਿਕ ਐਕਸੈਸ ਕੈਟਾਲਾਗਜ਼ ਦੇ ਸ਼ਬਦ ਸੰਖੇਪ ਵਜੋਂ ਵਰਤਿਆ ਜਾਂਦਾ ਹੈ। ਇਹ ਕਿਸੇ ਲਾਇਬ੍ਰੇਰੀ ਜਾਂ ਲਾਇਬ੍ਰੇਰੀਆਂ ਦੇ ਸੰਗ੍ਰਹਿ ਲਈ ਪਹੁੰਚ ਸੰਦ ਜਾਂ ਸ੍ਰੋਤ ਗਾਇਡ ਹਨ, ਜਿਹੜੇ ਬਿਬਲਿਓਗ੍ਰਾਫਿਕ ਡਾਟਾ ਨੂੰ ਮਸ਼ੀਨ ਦੁਆਰਾ ਪੜ੍ਹਨਯੋਗ ਰੂਪ ਵਿੱਚ ਪ੍ਰਦਾਨ ਕਰਦੀਆਂ ਹਨ, ਜਿਸਨੂੰ ਪਾਠਕ ਕੰਪਿਊਟਰ ਟਰਮੀਨਲ ਤੇ ਕ੍ਰਿਆਸ਼ੀਲ ਹੋ ਕੇ ਖੋਜ ਸਕਦੇ ਹਨ। ਅਜਿਹੇ ਓਪੇਕਾਂ ਦੀ ਉਸੇ ਲਾਇਬ੍ਰੇਰੀ ਦੇ ਟਰਮੀਨਲ ਤੋਂ ਜਾਂ ਲਾਇਬ੍ਰੇਰੀ ਨਾਲ ਜੁੜੀ ਸੰਸਥਾ ਦੇ ਕਿਸੇ ਟਰਮੀਨਲ ਤੋਂ ਜਾਂ ਫੇਰ ਦੁਰਾਡੇ ਸੰਚਾਰ ਨੈਟਵਰਕਾਂ ਨਾਲ ਜੁੜੇ ਟਰਮੀਨਲ ਦੁਆਰਾ ਖੋਜ ਕੀਤੀ ਜਾ ਸਕਦੀ ਹੈ। ਸੱਚ ਤਾਂ ਇਹ ਹੈ ਕਿ ਬਹੁਤ ਦੂਰ ਸਥਿਤ ਕਿਸੇ ਲਾਇਬ੍ਰੇਰੀ ਸੂਚੀ ਦੀ ਸਪੱਸ਼ਟ ਖੋਜ ਲਾਇਬ੍ਰੇਰੀ ਸੂਚੀ ਦੀ ਵਰਤੋਂ ਵਿੱਚ ਇੱਕ ਜ਼ਿਕਰਯੋਗ ਵਿਕਾਸ ਹੈ।

ਲਾਇਬ੍ਰੇਰੀ ਕੈਟਾਲਾਗ ਰੂਪੀ ਸ੍ਰੋਤ, ਕਿਸੇ ਵਿਸ਼ੇਸ਼ ਲਾਇਬ੍ਰੇਰੀ ਜਾਂ ਲਾਇਬ੍ਰੇਰੀਆਂ ਦੇ ਸਮੂਹ ਵਿੱਚ ਉਪਲਬਧ ਸਾਮੱਗਰੀ ਬਾਰੇ ਜਾਣੂ ਕਰਾਉਣ ਲਈ ਬਣਾਇਆ ਗਿਆ ਹੈ। ਲਾਇਬ੍ਰੇਰੀ ਸੂਚੀ ਦੇ ਉਦੇਸ਼ ਚੰਗੀ ਤਰ੍ਹਾਂ ਪ੍ਰਮਾਣਿਤ ਤੌਰ 'ਤੇ ਬਿਆਨ ਕੀਤੇ ਗਏ ਹਨ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਸੂਚੀ ਵਿੱਚ ਦਰਜ ਵਿਸ਼ਾ ਸਾਮੱਗਰੀ ਤੱਕ ਪਹੁੰਚ ਲਈ ਪ੍ਰਮਾਣਿਕ ਇੰਦਰਾਜ ਤਿਆਰ ਕਰਨ ਦੇ ਉਪਰਾਲੇ ਕੀਤੇ ਜਾਂਦੇ ਹਨ।

ਓਪੇਕਾਂ ਦੇ ਵਿਕਾਸ ਤੋਂ ਪਹਿਲਾਂ ਕੈਟਾਲਾਗ ਬਹੁਤ ਸਾਰੇ ਭੌਤਿਕ ਫਰਮਿਆਂ (Formats) ਵਿੱਚ ਮਿਲਦਾ ਸੀ; ਜਿਵੇ ਂਕਿ ਪੁਸਤਕ, ਕਾਰਡ ਅਤੇ ਕੰਪਿਊਟਰ ਆਊਟਪੁੱਟ ਮਾਇਕਰੋਫਾਰਮ (COM) ਆਦਿ। ਇਨ੍ਹਾਂ ਫਾਰਮੇਟਾਂ ਦੀ ਪਾਠਕ ਆਮ ਤੌਰ 'ਤੇ ਅੱਜ ਦੇ ਸਮੇਂ ਵਿੱਚ ਵਰਤੋਂ ਤੋਂ ਅਕਸਰ ਗੁਰੇਜ਼ ਕਰਦੇ ਹਨ।

ਓਪੇਕ ਬਹੁਤ ਸਾਰੇ ਕਾਰਨਾਂ ਕਰਕੇ ਜ਼ਿਆਦਾ ਰਵਾਇਤੀ ਬਿਬਲਿਓਗ੍ਰਾਫਿਕ ਸੂਚਨਾ ਮੁੜ-ਪ੍ਰਾਪਤੀ ਸਿਸਟਮ ਤੋਂ ਵੱਖਰੇ ਹਨ। ਇਸ ਦੀਆਂ ਮੁੱਢਲੀਆਂ ਵਿਸ਼ੇਸ਼ਤਾਵਾਂ ਓਹੀ ਜਾਣਦੇ ਹਨ, ਜੋ ਇਨ੍ਹਾਂ ਦੀ ਵਰਤੋਂ ਕਰਦੇ ਹਨ। ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਖੋਜ-ਕਰਤਾ ਨੂੰ ਸੂਚਨਾ ਮੁੜ-ਪ੍ਰਾਪਤੀ ਦੇ ਸਿਧਾਂਤਾਂ ਦਾ ਵੱਧ ਤੋਂ ਵੱਧ ਗਿਆਨ ਹੋਵੇ ਅਤੇ ਉਹ ਕਈ ਪ੍ਰਮੁੱਖ ਭਾਸ਼ਾਵਾਂ ਨੂੰ ਸਿੱਖਣ ਲਈ ਤਿਆਰ ਰਹੇ। ਅਜਿਹੀਆਂ ਧਾਰਨਾਵਾਂ ਓਪੇਕ ਤੋਂ ਜਾਣਕਾਰੀ ਦੇ ਖੋਜੀ ਲਈ ਕੰਪਿਊਟਰ ਦੀ ਵਰਤੋਂ, ਸੂਚੀ ਅਤੇ ਸੂਚੀਕਰਣ ਬਾਰੇ ਗਿਆਨ, ਸੂਚਨਾ ਮੁੜ-ਪ੍ਰਾਪਤੀ ਸਿਸਟਮ ਬਾਰੇ ਗਿਆਨ ਅਤੇ ਉਸ ਵਿਸ਼ੇ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ, ਜਿਸ ਬਾਰੇ ਉਹ ਸੂਚਨਾ ਦੀ ਭਾਲ ਕਰ ਰਿਹਾ ਹੈ। ਓਪੇਕਾਂ ਅਤੇ ਰਵਾਇਤੀ ਬਿਬਲਿਓਗ੍ਰਾਫਿਕ ਸੂਚਨਾ ਸਿਸਟਮਾਂ ਵਿੱਚ ਦੂਸਰਾ ਪ੍ਰਮੁੱਖ ਅੰਤਰ ਡਾਟਾਬੇਸ ਦੇ ਵਿਸ਼ਾ ਖੇਤਰ ਦਾ ਹੈ। ਬਿਬਲਿਓਗ੍ਰਾਫਿਕ ਡਾਟਾਬੇਸ ਵਿਸ਼ਾ ਖੇਤਰ ਵਿੱਚ ਕਿਸੇ ਇੱਕ ਵਿਸ਼ੇ ਜਾਂ ਉਸ ਨਾਲ ਸਬੰਧਿਤ ਪੱਖਾਂ ਤੱਕ ਹੀ ਸੀਮਿਤ ਹੁੰਦਾ ਹੈ, ਜਦੋਂ ਕਿ ਲਾਇਬ੍ਰੇਰੀ ਸੂਚੀ ਵਿੱਚ ਗਿਆਨ ਦੇ ਸਾਰੇ ਖੇਤਰ ਬਾਰੇ ਜਾਣਕਾਰੀ ਮਿਲਦੀ ਹੈ।

#### ਓਪੇਕ (OPAC) ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੁਵਿਧਾਵਾਂ :

1. ਕੰਪਿਊਟਰ ਨੈਟਵਰਕ ਤੇ ਓਪੇਕਾਂ ਦੀ ਸਹਾਇਤਾ ਨਾਲ ਲਾਇਬ੍ਰੇਰੀ ਆਪਣੇ ਸੰਗ੍ਰਹਿ ਨੂੰ ਵਿਕਸਿਤ ਕਰ ਸਕਦੀ ਹੈ।
2. ਪ੍ਰਭਾਵਸ਼ਾਲੀ ਸੂਚੀਕਰਣ ਸੇਵਾ ਦਿੱਤੀ ਜਾ ਸਕਦੀ ਹੈ।
3. ਇਹ ਤਸੱਲੀਬਖਸ਼ ਸੰਦਰਭ ਸੇਵਾ ਪ੍ਰਦਾਨ ਕਰ ਸਕਦੀ ਹੈ।
4. ਕੋਈ ਲਾਇਬ੍ਰੇਰੀ ਆਪਣੀ ਦਿਲਚਸਪੀ ਦੇ ਖੇਤਰ ਵਿੱਚ ਚੰਗੀਆਂ ਬਿਬਲਿਓਗ੍ਰਾਫੀਆਂ ਅਤੇ ਪੜ੍ਹਨ ਲਈ ਸੂਚੀਆਂ ਬਣਾ ਸਕਦੀ ਹੈ।
5. ਲਾਇਬ੍ਰੇਰੀ ਤੋਂ ਪੁਸਤਕਾਂ ਉਧਾਰ ਲੈਣ ਵਾਲਿਆਂ ਦੇ ਰੀਕਾਰਡਾਂ ਦਾ ਨਿਰੀਖਣ ਕੀਤਾ ਜਾ ਸਕਦਾ ਹੈ।
6. ਲਾਇਬ੍ਰੇਰੀ ਸਮਾਚਾਰ ਬੁਲੇਟਿਨ ਤਿਆਰ ਕੀਤੇ ਅਤੇ ਸਰਕੁਲੇਟ ਕੀਤੇ ਜਾ ਸਕਦੇ ਹਨ।

#### 1.5.2.1 ਓਪੇਕਾਂ ਦੀਆਂ ਪੀੜ੍ਹੀਆਂ (OPACs Generation) :

ਓਪੇਕਾਂ ਨੂੰ ਉਨ੍ਹਾਂ ਦੇ ਵਿਕਾਸ ਦੇ ਆਧਾਰ 'ਤੇ ਤਿੰਨ ਪੀੜ੍ਹੀਆਂ ਵਿੱਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਪੀੜ੍ਹੀਆਂ ਦਾ ਆਧਾਰ ਇਸ ਤਰ੍ਹਾਂ ਦੀਆਂ ਉਹ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਵਿੱਚ ਬਦਲਾਵ ਆਇਆ ਹੈ। ਇਹ ਹਨ – ਡਾਟਾ ਕਨਟੈਂਟ (Data Content), ਪਹੁੰਚ ਬਿੰਦੂ ਨੁਕਤਾ (Access Point), ਅਤੇ ਯੂਜ਼ਰ ਇਨਟਰਫੇਸ (User Interface).

ਪਹਿਲੀ ਪੀੜ੍ਹੀ ਦੇ ਓਪੇਕ ਵਾਕਾਂਸ਼ ਅਨੁਕ੍ਰਮਣਿਕਾ ਜਾਂ ਪੂਰਵ–ਤਾਲਮੇਲੀ (Pre-Coordinate) ਓਪੇਕਾਂ ਦੇ ਤੌਰ 'ਤੇ ਵਿਕਸਿਤ ਹੋਏ। ਇਹ ਸਰਕੁਲੇਸ਼ਨ ਜਾਂ ਸੂਚੀਕਰਣ ਪ੍ਰਣਾਲੀ ਵਿਚੋਂ ਗਿਆਤ ਮੱਦਾਂ ਦੇ ਜ਼ਰੀਏ ਲੱਭਣ ਵਾਲੇ ਯੰਤਰ ਦੇ ਤੌਰ 'ਤੇ ਵਿਕਸਿਤ ਕੀਤੇ ਗਏ। ਇਹ ਲੇਖਕ ਸਿਰਲੇਖ, ਵਰਗ ਨੰਬਰ, ਕਈ ਵਾਰ ਵਿਸ਼ਾ ਸਿਰਲੇਖਾਂ ਦੀ ਮਦਦ ਨਾਲ ਨੁਕਤੇ (access points) ਪ੍ਰਦਾਨ ਕਰਦੀ ਸੀ। ਇਹ ਖੋਜ ਪੈਟਰਨ ਲਈ ਰਵਾਇਤੀ ਸੂਚੀਕਰਣ ਵਾਲੇ ਨੁਕਤੇ ਪ੍ਰਦਾਨ ਕਰਦੀ ਸੀ ਅਤੇ ਪਾਠਕਾਂ ਨੂੰ ਥੋੜ੍ਹੀ ਬਹੁਤ ਸਹਾਇਤਾ ਹੀ ਮਿਲਦੀ ਸੀ।

ਦੂਸਰੀ ਪੀੜ੍ਹੀ ਵਿੱਚ ਓਪੇਕਾਂ ਦਾ ਆਧਾਰ ਕੁੰਜੀ ਸ਼ਬਦਾਂ (Keywords) ਦੇ ਉੱਤਰ–ਤਾਲਮੇਲੀ (Post-Coordinate) ਓਪੇਕਾਂ ਦੇ ਤੌਰ 'ਤੇ ਵਿਕਸਿਤ ਹੋਇਆ। ਇਸ ਵਿੱਚ ਸ਼ਬਦ ਖੋਜ ਦੀ ਸਮਰੱਥਾ ਵਿੱਚ ਕਾਫ਼ੀ ਸੁਧਾਰ ਹੋਇਆ। ਪ੍ਰਲੇਖ ਨੂੰ ਪਛਾਣ ਲਈ ਦਿੱਤੇ ਗਏ ਸਿਰਲੇਖ ਦੇ ਸ਼ਬਦ ਵਿੱਚੋਂ ਹੀ ਇਸ ਪੀੜ੍ਹੀ ਦੇ ਓਪੇਕਾਂ ਲਈ ਸਿਰਲੇਖਾਂ, ਲੇਖਕ ਅਤੇ ਵਿਸ਼ੇ ਨੂੰ ਸਿਰਲੇਖਾਂ ਜਿਹੇ ਪਹੁੰਚ ਨੁਕਤਿਆਂ ਲਈ ਕੁੰਜੀ ਸ਼ਬਦਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪਾਠਕ ਦੋ ਜਾਂ ਵਧੇਰੇ ਖੋਜ ਢੰਗਾਂ ਜਿਵੇਂ ਕਿ ਮੀਨੂੰ (Menu) ਅਤੇ ਕਮਾਂਡ (Command) ਰਾਹੀਂ ਪਹੁੰਚ ਕਰ ਸਕਦਾ ਹੈ। ਦੂਜੀ ਪੀੜ੍ਹੀ ਦੇ ਓਪੇਕ ਕੁੰਜੀ ਸ਼ਬਦ ਜਾਂ ਸੁਤੰਤਰ ਪਾਠ ਪਹੁੰਚ ਲਈ ਜਾਣੇ ਜਾਂਦੇ ਹਨ। ਦੂਸਰੀ ਪੀੜ੍ਹੀ ਦੇ ਓਪੇਕ ਆਨਲਾਈਨਜ਼ ਬਿਬਲਿਓਗ੍ਰਾਫਿਕ ਸੂਚਨਾ ਮੁੜ ਪ੍ਰਾਪਤੀ ਪ੍ਰਣਾਲੀ ਦੇ ਸਮਰੂਪ ਮੰਨੇ ਜਾਂਦੇ ਹਨ।

ਓਪੇਕਸ ਦੀ ਤੀਸਰੀ ਪੀੜ੍ਹੀ ਵਿੱਚ ਪਹਿਲੀ ਪੀੜ੍ਹੀ ਅਤੇ ਦੂਸਰੀ ਪੀੜ੍ਹੀ ਦੀਆਂ ਵਿਸ਼ੇਸ਼ਤਾਵਾਂ ਦਾ ਮਿਸ਼ਰਣ ਕੀਤਾ ਗਿਆ ਹੈ। ਇਹ ਵਾਕਾਂਸ਼ ਖੋਜ ਅਤੇ ਕੁੰਜੀ ਸ਼ਬਦ ਖੋਜ ਦੀ ਸਹੂਲਤ ਪ੍ਰਦਾਨ ਕਰਦੀ ਹੈ। ਇੰਟਰਫੇਸ ਮੱਦਾਂ ਵਿੱਚ, ਇਹ ਅਕਸਰ ਇੱਕ ਸਰਲ ਭਾਸ਼ਾ ਕਮਾਂਡ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ, ਜੋ ਯੂਜਰ ਨੂੰ ਪਰਸਪਰ ਤਾਲਮੇਲ ਦੀ ਸਹੂਲਤ ਦਿੰਦੀ ਹੈ। ਸਕਰੀਨ ਨੂੰ ਇੰਟਰਫੇਸ (Interface) ਦੀ ਮਦਦ ਨਾਲ ਸੁਧਾਰਿਆ ਗਿਆ ਹੈ। ਇਸ ਤਰ੍ਹਾਂ ਕੰਮਾਂ ਵਿੱਚ ਸਰਲਤਾ, ਅੰਸ਼ਕ ਮਿਲਾਣ, ਆਧਾਰ ਸ਼ਬਦਾਂ ਦੀ ਛੰਗਾਈ, ਮੁੜ-ਪ੍ਰਾਪਤ ਸਿੱਟਿਆਂ ਦੀ ਦਰਜਾਬੰਦੀ, ਸਮਾਨ ਪੱਧਰੀ ਤਾਲਮੇਲ, ਸਵੈਚਾਲਿਤ ਯੋਜਨਾਬੰਦੀ ਆਦਿ ਤੀਜੀ ਪੀੜ੍ਹੀ ਦੇ ਓਪੇਕਾਂ ਦੀਆਂ ਪ੍ਰਾਪਤੀਆਂ ਹਨ।

### 1.5.2.2 ਵੈਬ ਓਪੇਕ (Web OPACs) :

ਇੰਟਰਨੈਟ ਅਤੇ ਡਬਲਯੂ.ਡਬਲਯੂ.ਡਬਲਯੂ. (www) ਨੇ ਸੂਚਨਾ ਪਹੁੰਚ (Information Access) ਅਤੇ ਸੂਚਨਾ ਮੁੜ-ਪ੍ਰਾਪਤੀ ਦੇ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਬਹੁਤ ਸਾਰੀਆਂ ਅਕਾਦਮਿਕ ਅਤੇ ਵਿਸ਼ੇਸ਼ ਲਾਇਬ੍ਰੇਰੀਆਂ ਵੈਬ ਆਧਾਰਤ ਓਪੇਕਾਂ ਵੱਲ ਮੁੜੀਆਂ ਹਨ। ਵੈਬ ਓਪੇਕ ਵਿੱਚ www ਰਾਹੀਂ ਸੂਚਨਾ ਤੱਕ ਪਹੁੰਚ ਕੀਤੀ ਜਾਂਦੀ ਹੈ। ਇਸ ਵੈਬ ਆਧਾਰਤ ਆਨਲਾਈਨ ਕੈਟਾਲਾਗ ਦਾ ਇੱਕ ਲਾਭ ਇਹ ਹੈ ਕਿ ਇਹ ਸਿਰਫ਼ ਆਪਣੀ ਸਬੰਧਿਤ ਲਾਇਬ੍ਰੇਰੀ ਲਈ ਸ੍ਰੋਤ ਤੋਂ ਗੇਟਵੇ ਦੇ ਤੌਰ 'ਤੇ ਹੀ ਕੰਮ ਨਹੀਂ ਕਰਦਾ ਸਗੋਂ ਇਸ ਨਾਲ ਹੋਰ ਖੇਤਰੀ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਭਾਗੀਦਾਰ ਲਾਇਬ੍ਰੇਰੀਆਂ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਇਹ ਪਾਠਕ ਨੂੰ ਪੂਰੇ ਸੰਸਾਰ ਵਿੱਚ ਕੰਪਿਊਟਰ ਤੇ ਸੰਗ੍ਰਹਿਤ ਪ੍ਰਲੇਖਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ।

ਓਪੇਕ ਦੀਆਂ ਆਮ ਵਿਸ਼ੇਸ਼ਤਾਵਾਂ ਜਿਵੇਂ ਕਿ ਬਿਬਲਿਓਗ੍ਰਾਫਿਕ ਅਤੇ ਸੰਪੂਰਨ ਟੈਕਸਟ ਡਾਟਾਬੇਸ, ਇੰਟਰਨੈਟ ਭਾਲ ਇੰਜਣ, ਵੈਬ ਆਧਾਰਿਤ ਓਪੇਕਸ ਵਿੱਚ ਪ੍ਰਾਪਤ ਓਪੇਕ ਅਤੇ ਹੋਰ ਸਬੰਧਤ ਸ੍ਰੋਤ ਆਦਿ।

### 1.5.3 ਆਨਲਾਈਨ ਸਰਚਿੰਗ (Online Searching) :

ਆਨਲਾਈਨ ਸਰਚਿੰਗ ਤੋਂ ਭਾਵ ਸੂਚਨਾ ਲਈ ਕਿਸੇ ਵਿਸ਼ੇਸ਼ ਬੇਨਤੀ ਨੂੰ ਹੱਲ ਕਰਨ ਲਈ ਕੰਪਿਊਟਰ ਪ੍ਰਣਾਲੀ ਤੋਂ ਸਿੱਧੀ ਪੁੱਛ–ਗਿੱਛ ਪ੍ਰਕਿਰਿਆ ਹੈ। ਭਾਲ ਆਮ ਤੌਰ 'ਤੇ ਸਕਰੀਨ ਜਾਂ ਕੀ–ਬੋਰਡ (keyboard) ਦੇ ਰਾਹੀਂ ਕੀਤੀ ਜਾਂਦੀ ਹੈ। ਆਨਲਾਈਨ ਸਰਚਿੰਗ ਵਿੱਚ ਕੰਪਿਊਟਰ ਪ੍ਰਣਾਲੀ ਨਾਲ ਸੰਚਾਰ ਕੀਤਾ ਜਾਂਦਾ ਹੈ ਅਤੇ ਡਾਟਾ ਫ਼ਾਈਲਾਂ ਵਿੱਚ ਉਪਲਬਧ ਜਾਣਕਾਰੀ ਦੀ ਖੋਜ ਕੀਤੀ ਜਾਂਦੀ ਹੈ। ਆਨਲਾਈਨ ਸਰਚ ਪ੍ਰਣਾਲੀ ਦੀਆਂ ਕਿਸਮਾਂ ਨੂੰ ਕਈ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ, ਪਰ ਪ੍ਰਮੁੱਖ ਚਾਰ ਕਿਸਮਾਂ ਇਸ ਪ੍ਰਕਾਰ ਹਨ :

(ੳ) ਬਾਹਰੀ ਸਰਚ ਸੇਵਾਵਾਂ (External Search Services), (ਅ) ਸੀ.ਡੀ. ਰੋਮ ਸਰਚ ਸਿਸਟਮ (CD-ROMs Search System), (ੲ) ਅਜਿਹੇ ਸਰਚ ਸਿਸਟਮ ਜਿਨ੍ਹਾਂ ਵਿੱਚ ਡਾਟਾਬੇਸ ਸਟੋਰ ਕੀਤੇ ਜਾਂਦੇ ਹਨ ਜਿਵੇਂ ਓਪੇਕ; ਅਤੇ ਵਿਡਿਓ–ਟੈਕਸਟ/ਟੈਲੀਟੈਕਸਟ ਪ੍ਰਣਾਲੀ (Videotext / teletext system)।

### 1.5.3.1 ਆਨਲਾਈਨ ਸਰਚਿੰਗ ਦਾ ਵਾਧਾ ਅਤੇ ਵਿਕਾਸ :

ਆਨਲਾਈਨ ਸੂਚਨਾ ਮੁੜ-ਪ੍ਰਾਪਤੀ ਦੀ ਧਾਰਨਾ 60ਵਿਆਂ ਦੇ ਦਹਾਕੇ ਵਿੱਚ ਯੂ.ਐਸ. ਨੈਸ਼ਨਲ ਲਾਇਬ੍ਰੇਰੀ ਆਫ਼ ਮੈਡੀਸਨ ਦੁਆਰਾ ਪ੍ਰਿੰਟਿੰਡ ਇੰਡੈਕਸ ਮੈਡੀਕਸ ਦੇ ਉਤਪਾਦਨ ਵਿੱਚ ਕੰਪਿਊਟਰ ਦੀ ਵਰਤੋਂ ਲਈ ਕੀਤੀ ਗਈ ਅਤੇ ਇਸ ਕੰਮ ਵਿੱਚ ਮੈਡਲਰ (MEDLARS) ਦੀਆਂ ਫ਼ਾਈਲਾਂ ਦੀ ਵਰਤੋਂ ਕੀਤੀ ਗਈ। ਪਹਿਲੀ ਆਨਲਾਈਨ ਡਾਇਲਅਪ ਸਰਵਿਸ ਮੈਡਲਾਈਨ (MEDLINE) ਸੀ। ਇਸ ਉਪਰੰਤ 1972 ਵਿੱਚ ਡਾਇਲਾਗ (DIALOG) ਅਤੇ ਓਰਬੀਟ (ORBIT) ਦੁਆਰਾ ਆਨਲਾਈਨ ਸਰਚ ਸੇਵਾ ਅਪਣਾਈ ਗਈ। ਉਦੋਂ ਤੱਕ ਬਹੁਤ ਸਾਰੇ ਸੰਗਠਨਾਂ ਦੁਆਰਾ ਆਨਲਾਈਨ ਡਾਟਾਬੇਸ ਅਤੇ ਸਰਚ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ ਲੱਗੀਆਂ ਸਨ। ਸ਼ੁਰੂ ਵਿੱਚ ਬਹੁਤ ਸਾਰੇ ਆਨਲਾਈਨ ਡਾਟਾਬੇਸ ਸਿਰਫ਼ ਬਿਬਲਿਓਗ੍ਰਾਫਿਕ ਜਾਂ ਸੰਦਰਭ ਡਾਟਾਬੇਸ ਹੀ ਪ੍ਰਦਾਨ ਕਰਦੇ ਸਨ, ਪਰ ਪਿਛਲੇ ਕੁਝ ਸਾਲਾਂ ਤੋਂ ਬਹੁਤ ਸਾਰੇ ਡਾਟਾਬੇਸ ਬਿਬਲਿਓਗ੍ਰਾਫਿਕ ਸੂਚਨਾ ਦੇ ਨਾਲ-ਨਾਲ ਪ੍ਰਲੇਖ ਦਾ ਵਿਸ਼ਾ ਵੀ ਉਪਲਬਧ ਕਰਵਾਉਂਦੇ ਹਨ। ਇਹ ਡਾਟਾਬੇਸ ਫੁੱਲ ਟੈਕਸਟ ਹੋ ਸਕਦੇ ਹਨ, ਜਿਨ੍ਹਾਂ ਵਿੱਚ ਪ੍ਰਲੇਖਾਂ ਜਾਂ ਡਾਟਾਬੈਂਕ ਦੇ ਫੁੱਲ ਟੈਕਸਟ ਹੋਣ। ਇਨ੍ਹਾਂ ਵਿੱਚ ਅਕਸਰ ਮਸ਼ੀਨੀ ਪੜ੍ਹਨਯੋਗ ਅੰਕਾਂ ਸਬੰਧੀ (Numeric) ਡਾਟਾ ਸ਼ਾਮਿਲ ਹੁੰਦਾ ਹੋਵੇ। ਸਮੇਂ ਦੇ ਬੀਤਣ ਨਾਲ ਆਨਲਾਈਨ ਡਾਟਾਬੇਸ ਅਤੇ ਰੀਕਾਰਡਾਂ ਦੀ ਗਿਣਤੀ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ।

ਡਾਇਲਾਗ (DIALOG) ਪਹਿਲੀ ਆਨਲਾਈਨ ਖੋਜ ਸੇਵਾ ਸੀ ਜਿਸਨੇ 1972 ਵਿੱਚ 6 ਡਾਟਾਬੇਸਾਂ ਦੀ ਮਦਦ ਨਾਲ ਸੇਵਾ ਦੇਣੀ ਆਰੰਭ ਕੀਤੀ ਸੀ ਅਤੇ ਇਹ 450 ਡਾਟਾਬੇਸਾਂ ਦੀ ਮਦਦ ਨਾਲ ਸੇਵਾ ਦੇਣ ਵਾਲੀ ਪ੍ਰਮੁੱਖ ਆਨਲਾਈਨ ਖੋਜ ਸੇਵਾ ਬਣਕੇ ਸਾਹਮਣੇ ਆਈ ਹੈ। ਡਾਟਾ-ਸਟਾਰ, ਬੀ.ਆਰ.ਐਸ. (BRS), ਆਰਬਿਟ (ORBIT), ਐਸ.ਟੀ.ਐਨ. (STN) ਅਤੇ ਹੋਰ ਬਹੁਤ ਸਾਰੀਆਂ ਆਨਲਾਈਨ ਸੇਵਾਵਾਂ ਹੋਂਦ ਵਿੱਚ ਆ ਚੁੱਕੀਆਂ ਹਨ।

### 1.5.3.2 ਆਨਲਾਈਨ ਖੋਜ ਦੇ ਤੱਤ :

ਕਿਸੇ ਆਨਲਾਈਨ ਖੋਜ (Search) ਵਿੱਚ 9 ਮੂਲ ਤੱਤਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹ ਤੱਤ ਹਨ – ਖੋਜ-ਕਰਤਾ, ਖੋਜ ਰਚਨਾ, ਇਨਪੁੱਟ ਲਈ ਖੋਜ ਵਿਉਂਤ, ਵਰਕ-ਸਟੇਸ਼ਨ, ਕੰਪਿਊਟਰ ਪ੍ਰਣਾਲੀ ਨਾਲ ਸੰਬੰਧ ਜੋੜਨਾ, ਖੋਜ ਸਾਫ਼ਟਵੇਅਰ, ਸੂਚਨਾ ਦਾ ਭੰਡਾਰ (Store), ਮੁੜ-ਪ੍ਰਾਪਤ ਕੀਤੀਆਂ ਮੱਦਾਂ ਅਤੇ ਛਪਾਈ।

ਖੋਜ-ਕਰਤਾ ਉਹ ਵਿਅਕਤੀ ਹੁੰਦਾ ਹੈ, ਜੋ ਅਸਲ ਵਿੱਚ ਸੂਚਨਾ ਦੀ ਖੋਜ ਕਰ ਰਿਹਾ ਹੁੰਦਾ ਹੈ। ਇਹ ਵਿਅਕਤੀ ਆਖ਼ਰੀ ਪਾਠਕ (End User) ਵੀ ਹੋ ਸਕਦਾ ਹੈ ਅਤੇ ਵਿਚਕਾਰਲਾ (intermediary) ਵੀ ਹੋ ਸਕਦਾ ਹੈ। ਸਰਚ ਵਿਉਂਤ (Search Formuation) ਨੂੰ ਖੋਜ ਬੇਨਤੀ ਵੀ ਆਖਿਆ ਜਾਂਦਾ ਹੈ। ਇਸਨੂੰ ਅਜਿਹੇ ਢੰਗ ਨਾਲ ਤਿਆਰ ਕੀਤਾ ਜਾਣਾ ਚਾਹੀਦਾ ਹੈ, ਜਿਸਨੂੰ ਕੰਪਿਊਟਰ ਸਿਸਟਮ ਆਸਾਨੀ ਨਾਲ ਸਮਝ ਸਕੇ। ਇੱਕ ਵਿਸ਼ੇਸ਼ ਤਰੀਕੇ ਵਿੱਚ ਬਣਾਈ ਖੋਜ ਬੇਨਤੀ ਨੂੰ ਕਿਸੇ ਜੁਗਤ (device) ਦੀ ਵਰਤੋਂ ਕਰਕੇ ਪ੍ਰਣਾਲੀ ਵਿੱਚ ਇਨਪੁੱਟ ਜਾਂ ਦਾਖ਼ਲ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਇਨਪੁੱਟ ਸਰਚ ਫਾਰਮੂਲੇਸ਼ਨ ਕਿਹਾ ਜਾਂਦਾ ਹੈ। ਵਰਕ-ਸਟੇਸ਼ਨ (Work Station) ਦੀ ਵਰਤੋਂ ਰੀਮੋਟ ਕੰਪਿਊਟਰ ਪ੍ਰਣਾਲੀ ਨੂੰ ਜੋੜਨ ਲਈ ਕੀਤੀ ਜਾਂਦੀ ਹੈ। ਕਿਸੇ ਵਰਕ-ਸਟੇਸ਼ਨ ਤੋਂ ਇੱਕ ਟਰਮੀਨਲ ਦੇ ਤੌਰ 'ਤੇ ਕੰਮ ਲੈਣ ਲਈ ਵਿਸ਼ੇਸ਼ ਸਾਫ਼ਟਵੇਅਰ ਦੀ ਲੋੜ ਪੈਂਦੀ ਹੈ, ਜਿਸ ਨਾਲ ਸਹੀ ਸੁਨੇਹਾ ਭੇਜਿਆ ਅਤੇ ਪ੍ਰਾਪਤ ਕੀਤਾ ਜਾ ਸਕਦਾ ਹੈ। ਕੰਪਿਊਟਰ ਪ੍ਰਣਾਲੀ ਨਾਲ ਸੰਬੰਧ ਸਥਾਪਿਤ ਕਰਨ ਹਿੱਤ ਇੱਕ ਰੀਮੋਟ ਕੰਪਿਊਟਰ ਪ੍ਰਣਾਲੀ ਡਿਜ਼ੀਟਲ ਸੂਚਨਾ ਦੇ ਪ੍ਰਸਾਰਣ ਲਈ ਤਿਆਰ ਕੀਤੀ ਟੈਲੀਕਮਿਊਨੀਕੇਸ਼ਨ ਸਹੂਲਤਾਂ ਦੀ ਸਿੱਧੀ ਵਰਤੋਂ ਕਰਕੇ ਪਹੁੰਚ ਪ੍ਰਦਾਨ ਕਰ ਸਕਦਾ ਹੈ। ਸਰਚ ਸਾਫ਼ਟਵੇਅਰ ਇੱਕ ਪ੍ਰੋਗਰਾਮ ਜਾਂ ਪ੍ਰੋਗਰਾਮਾਂ ਦਾ ਸੈਟ ਹੁੰਦਾ ਹੈ, ਜੋ ਕਿ ਖੋਜ ਲਈ ਕੀਤੀ ਬੇਨਤੀ ਨੂੰ ਪੂਰੀ ਕਰਦਾ ਹੈ। ਜ਼ਿਆਦਾਤਰ ਸਾਫ਼ਟਵੇਅਰ ਆਨਲਾਈਨ ਸਰਚਿੰਗ ਲਈ ਸੁਤੰਤਰ ਪਾਠ ਮੁੜ-ਪ੍ਰਾਪਤੀ (Free Text Retrieval) ਕਿਸਮ ਦੀ ਵਰਤੋਂ ਕਰਦੇ ਹਨ। ਸੂਚਨਾ ਦੇ ਸਟੋਰ, ਦੀ ਸੰਰਚਨਾ ਡਾਟਾਬੇਸ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਉਹ ਵਿਅਕਤੀਗਤ ਮੱਦਾਂ ਜਿਹੜੀਆਂ ਵੱਖ-ਵੱਖ ਭਾਗਾਂ ਵਿੱਚ ਹਨ, ਦੇ ਸੰਗ੍ਰਹਿ ਨੂੰ ਡਾਟਾਬੇਸਿਜ਼, ਵਿਅਕਤੀਗਤ ਮੱਦਾਂ ਨੂੰ ਰੀਕਾਰਡ ਅਤੇ ਵੱਖਰੇ-ਵੱਖਰੇ ਭਾਗਾਂ ਨੂੰ ਫੀਲਡ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਜਦੋਂ ਖੋਜ ਸ਼ੁਰੂ ਕੀਤੀ ਜਾਂਦੀ ਹੈ ਤਾਂ ਇੱਕ ਤੋਂ ਜ਼ਿਆਦਾ ਡਾਟਾਬੇਸਿਜ਼ ਚੁਣੇ ਜਾਂਦੇ ਹਨ। ਖੋਜ ਫੀਲਡ ਵਿਚੋਂ ਕੱਢਕੇ ਰੀਟਰਾਇਵਡ ਰੀਕਾਰਡ

ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਜਦੋਂ ਖੋਜ ਸਾਫ਼ਟਵੇਅਰ ਮੱਦ ਨੂੰ ਮੁੜ-ਪ੍ਰਾਪਤ ਕਰਦਾ ਹੈ ਤਾਂ ਇਹ ਖੋਜ—ਕਰਤਾ ਨੂੰ ਨਜ਼ਰ ਆਉਂਦੀ ਹੈ। ਬਿਬਲਿਓਗ੍ਰਾਫਿਕ ਮੁੜ-ਪ੍ਰਾਪਤੀ ਪ੍ਰਣਾਲੀ, ਮੱਦ ਦੀ ਸਾਰੀ ਬਿਬਲਿਓਗ੍ਰਾਫਿਕ ਸੂਚਨਾ ਜਿਵੇਂ ਲੇਖਕ, ਸਿਰਲੇਖ, ਸਾਰ, ਭਾਸ਼ਾ ਅਤੇ ਪ੍ਰਕਾਸ਼ਨਾ ਵਰ੍ਹਾ ਆਦਿ ਦੀ ਮੁੜ-ਪ੍ਰਾਪਤੀ (retrieval) ਕਰਵਾਉਂਦੀ ਹੈ। ਹਰੇਕ ਵਰਕ-ਸਟੇਸ਼ਨ ਆਨਲਾਈਨ ਸਰਚਿੰਗ ਲਈ ਆਮ ਤੌਰ 'ਤੇ ਇਸ ਨਾਲ ਜੁੜੇ ਪ੍ਰਿੰਟਰ ਦੀ ਵਰਤੋਂ ਕਰਦਾ ਹੈ ਤਾਂ ਜੋ ਭਾਲ ਦੀ ਹਾਰਡ ਕਾਪੀ ਪ੍ਰਾਪਤ ਕੀਤੀ ਜਾ ਸਕੇ। ਇਸ ਉਦੇਸ਼ ਲਈ ਕਿਸੇ ਹੋਰ ਸਟੋਰੇਜ ਡਿਵਾਈਸ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

### 1.5.3.3 ਖੋਜ ਜੁਗਤ (Search Strategy) ਦੀ ਤਿਆਰੀ :

ਇੱਕ ਲਾਭਦਾਇਕ ਖੋਜ ਜੁਗਤ ਦੀ ਤਿਆਰੀ ਕਰਨ ਲਈ ਹੇਠ ਲਿਖੇ ਅਨੁਸਾਰ ਕੰਮ ਕੀਤਾ ਜਾ ਸਕਦਾ ਹੈ

(i) ਜ਼ਰੂਰੀ ਖੋਜ ਸਾਮੱਗਰੀ, ਜਿਵੇਂ – ਸਿਸਟਮ, ਮੈਨੂਅਲ ਅਤੇ ਖੋਜ ਸਾਮੱਗਰੀ ਸਿਸਟਮ, ਡਾਟਾਬੇਸ ਬਾਰੇ ਸੂਚਨਾ, ਸ਼ਬਦਾਵਲੀ ਨਿਯੰਤ੍ਰਣ ਜੁਗਤਾਂ (Vocubulary Control Devices) ਅਤੇ ਵਰਗੀਕਰਣ ਪ੍ਰਣਾਲੀਆਂ, ਸ਼ਬਦਕੋਸ਼ ਗਲਾਸਰੀਆਂ ਆਦਿ ਪ੍ਰਾਪਤ ਕੀਤੀਆਂ ਜਾਣ।

(ii) ਪ੍ਰਸ਼ਨਾਂ ਜਾਂ ਪੁੱਛਾਂ ਦੇ ਬਾਰੇ ਸ਼ੰਕੇ ਮਿਟਾਉਣ ਲਈ ਖੋਜ ਤੋਂ ਪਹਿਲਾਂ ਪੁੱਛਣ ਵਾਲਿਆਂ ਨਾਲ ਇੰਟਰਵਿਊ ਕੀਤੀ ਜਾਵੇ। ਇਹ ਕੰਮ ਵਿਚੋਲੇ ਕਰ ਸਕਦੇ ਹਨ। ਵੱਖ-ਵੱਖ ਸੰਦਾਂ ਦੀ ਵਰਤੋਂ ਕਰਕੇ ਸਪੱਸ਼ਟ ਸੂਚਨਾ ਲੋੜ ਨੂੰ ਸਮਝਿਆ ਜਾ ਸਕਦਾ ਹੈ।

(iii) ਡਾਟਾਬੇਸ ਦੀ ਚੋਣ ਵਿਸ਼ੇ ਦੇ ਖੇਤਰ, ਪ੍ਰਲੇਖ ਤੱਕ ਪਹੁੰਚ, ਸਮਾਂ, ਖੋਜ ਦੇ ਖੇਤਰ ਅਤੇ ਖੋਜ ਵਿਧੀ, ਕਾਰਗੁਜ਼ਾਰੀ ਆਦਿ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

(iv) ਸਿਸਟਮ ਅਤੇ ਫ਼ਾਈਲਾਂ ਦੇ ਗਿਆਨ ਦੁਆਰਾ ਜਾਂ ਸੰਦਰਭ ਪੁਸਤਕਾਂ ਦੀ ਵਰਤੋਂ ਰਾਹੀਂ ਪੁੱਛ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਖੋਜ ਟਰਮਾਂ ਦੀ ਚੋਣ ਕੀਤੀ ਜਾਂਦੀ ਹੈ।

(v) ਭਾਲ ਓਪਰੇਟਰ ਜਿਵੇਂ ਕਿ ਬੂਲੀਅਨ (Boolean), ਪ੍ਰੋਕਸੀਮਿਟੀ (Proximity) ਆਦਿ ਦੀ ਵਰਤੋਂ ਨਾਲ ਖੋਜ ਦੀ ਯੋਜਨਾਬੰਦੀ ਅਤੇ ਖੋਜ ਕਾਰਵਾਈ ਕੀਤੀ ਜਾਂਦੀ ਹੈ।

(vi) ਯੋਗ ਡਿਸਪਲੇਅ ਜਾਂ ਪ੍ਰਿੰਟ ਫਾਰਮੈਟਾਂ ਦੀ ਵਰਤੋਂ ਕਰਕੇ ਸਿੱਟੇ ਪ੍ਰਾਪਤ ਕੀਤੇ ਜਾਂਦੇ ਹਨ; ਅਤੇ ਜੇਕਰ ਸਿੱਟੇ ਸੰਤੋਖਜਨਕ ਨਾ ਹੋਣ ਤਾਂ ਖੋਜ ਟਰਮਾਂ ਜਾਂ ਖੋਜ ਜੁਗਤਾਂ ਨੂੰ ਸੁਧਾਰਿਆ ਜਾਂਦਾ ਹੈ।

(vii) ਖੋਜ ਲਈ ਚੁੱਕੇ ਗਏ ਕਦਮਾਂ ਦਾ ਰੀਕਾਰਡ ਰੱਖਿਆ ਜਾਂਦਾ ਹੈ ਅਤੇ ਖੋਜ ਪ੍ਰਾਪਤੀ ਦਾ ਡਿਸਕ ਜਾਂ ਪ੍ਰਿੰਟ ਦੇ ਰੂਪ ਵਿੱਚ ਆਊਟਪੁੱਟ ਕੀਤਾ ਜਾਂਦਾ ਹੈ।

### 1.5.3.4 ਖੋਜ ਤਕਨੀਕਾਂ (Search Techniques) :

ਬਹੁਤ ਸਾਰੇ ਆਨਲਾਈਨ ਸਰਵਿਸ ਸਾਫ਼ਟਵੇਅਰ ਪੈਕੇਜ, ਵੱਖ-ਵੱਖ ਖੋਜ ਅਤੇ ਮੁੜ-ਪ੍ਰਾਪਤੀ ਸੁਵਿਧਾਵਾਂ ਪ੍ਰਦਾਨ ਕਰਦੇ ਹਨ, ਪਰ ਜ਼ਿਆਦਾਤਰ ਸਾਫ਼ਟਵੇਅਰ ਬੂਲੀਅਨ ਅਤੇ ਨੇੜਤਾ (Boulean and Proximity) ਖੋਜ ਤਕਨੀਕਾਂ ਤੱਕ ਸੀਮਿਤ ਹਨ। ਡਬਲਿਊ ਡਬਲਿਊ ਡਬਲਿਊ (www) ਦੀ ਆਮਦ ਨਾਲ ਕਾਫ਼ੀ ਗਿਣਤੀ ਵਿੱਚ ਮੁੜ-ਪ੍ਰਾਪਤੀ ਸਿਸਟਮ ਵਿਕਸਿਤ ਹੋਏ, ਜਿਨ੍ਹਾਂ ਨੂੰ ਵੈਬ ਖੋਜ ਇੰਜਣ ਕਿਹਾ ਜਾਂਦਾ ਹੈ। ਇਨ੍ਹਾਂ ਖੋਜ ਇੰਜਣਾਂ ਦਾ ਵਿਕਾਸ ਪਾਠਕਾਂ ਨੂੰ www ਤੋਂ ਸੂਚਨਾ ਦੀ ਖੋਜ ਅਤੇ ਮੁੜ-ਪ੍ਰਾਪਤੀ ਵਿੱਚ ਮਦਦ ਕਰਨ ਲਈ ਹੋਇਆ। ਸਾਰੇ ਟੈਕਸਟ ਮੁੜ-ਪ੍ਰਾਪਤੀ ਪੈਕੇਜਾਂ ਵਿੱਚ ਨਿਮਨਲਿਖਿਤ ਸਾਂਝੀਆਂ ਖੋਜ ਸੁਵਿਧਾਵਾਂ ਮਿਲਦੀਆਂ ਹਨ :–

**(i) ਬੂਲੀਅਨ ਪੁੱਛ-ਗਿੱਛ ਰਚਨਾ (Boolean query formulation) :-** ਇੱਕ ਟੈਕਸਟ ਮੁੜ-ਪ੍ਰਾਪਤੀ ਸਿਸਟਮ ਪ੍ਰਸ਼ਨ ਰਚਨਾ ਲਈ ਬੂਲੀਅਨ 'ਐਂਡ', 'ਆਰ' ਅਤੇ 'ਨਾਟ' (AND, OR and NOT) ਚਾਲਕਾਂ ਅਤੇ ਟਿਕਾਊ ਬੂਲੀਅਨ ਸਰਚਿੰਗ (nested boolean searching) ਦੀ ਵਰਤੋਂ ਕਰਦੇ ਹਨ। ਬੂਲੀਅਨ ਖੋਜ ਪਾਠਕ ਨੂੰ ਦਿੱਤੇ ਖੋਜ ਆਦੇਸ਼ਾਂ ਅਨੁਸਾਰ ਖੋਜ ਟਰਮਾਂ ਨੂੰ ਜੋੜਨ ਦੀ ਸਹੂਲਤ ਦਿੰਦੀ ਹੈ। ਟਿਕਾਊ ਬੂਲੀਅਲ ਖੋਜ ਸੁਵਿਧਾਵਾਂ ਖੋਜ ਟਰਮਾਂ ਨਾਲ ਜ਼ਿਆਦਾ ਜਟਿਲ ਸ਼ਰਤਾਂ ਲਗਾਉਣ ਦੀ ਇਜਾਜ਼ਤ ਦਿੰਦੀ ਹੈ। ਬੀ.ਆਰ.ਐਸ. (BRS) ਜਾਂ ਸਰਚ ਸਾਫ਼ਟਵੇਅਰ ਵਿੱਚ ਨਿਮਨਲਿਖਿਤ ਖੋਜ ਬਿਆਨ, ਬੂਲੀਅਨ ਚਾਲਕਾਂ (operators) ਦੀ

ਉਦਾਹਰਣਾਂ ਵਜੋਂ ਸਮਝੇ ਜਾ ਸਕਦੇ ਹਨ :–

FISH AND CHIPS

ਇਸ ਨਾਲ ਸਾਰੇ ਰੀਕਾਰਡ ਵਿੱਚੋਂ FISH ਅਤੇ CHIPS ਖੋਜ ਟਰਮਾਂ ਵਾਲੇ ਰੀਕਾਰਡਾਂ ਜਾਂ ਦਸਤਾਵੇਜ਼ਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕਦੀ ਹੈ।

FISH OR CHIPS

ਇਸ ਨਾਲ ਸਾਰੇ ਰੀਕਾਰਡ ਵਿੱਚੋਂ FISH ਜਾਂ CHIPS ਵਿੱਚੋਂ ਕਿਸੇ ਇੱਕ ਸ਼ਬਦ ਵਾਲੇ ਰੀਕਾਰਡਾਂ ਜਾਂ ਫ਼ਾਈਲਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕਦੀ ਹੈ।

FISH NOT CHIPS

ਇਸ ਨਾਲ ਸਾਰੇ ਰੀਕਾਰਡ ਨੂੰ ਘੋਖਣ ਉਪਰੰਤ ਸਿਰਫ਼ ਉਨ੍ਹਾਂ ਰੀਕਾਰਡਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕੇਗੀ, ਜਿਨ੍ਹਾਂ ਨਾਲ FISH ਲੱਗਿਆ ਹੋਵੇਗਾ।

FISH OR CHIPS

ਇਨ੍ਹਾਂ ਦੋਹਾਂ ਵਿੱਚੋਂ ਇੱਕ ਸ਼ਬਦ ਹੋਵੇਗਾ, ਪਰ ਦੋਵੇਂ ਇਕੱਠੇ ਨਹੀਂ ਆਉਣਗੇ।

ਇਸ ਤਰ੍ਹਾਂ ਪਾਠ ਮੁੜ-ਪ੍ਰਾਪਤੀ ਸਾਫ਼ਟਵੇਅਰ ਵਿੱਚ ਵੱਖ-ਵੱਖ ਬੂਲੀਅਨ, ਚਾਲਕਾਂ ਨੂੰ ਵਰਤਕੇ ਸੂਚਨਾ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕਦੀ ਹੈ।

**(ii) ਪ੍ਰਾਕਸੀਮੀਟੀ ਖੋਜ (Proximity) :-** ਇਹ ਖੋਜ ਪਾਠਕ ਨੂੰ ਇਹ ਯਕੀਨੀ ਬਣਾਉਣ ਦੀ ਸੁਵਿਧਾ ਦਿੰਦੀ ਹੈ ਕਿ, ਕੀ ਖੋਜ ਟਰਮਾਂ ਇੱਕ ਦੂਸਰੇ ਦੇ ਨਾਲ ਜੁੜਵੀਆਂ ਹੋਣੀਆਂ ਚਾਹੀਦੀਆਂ ਹਨ; ਜਾਂ ਫੇ ਰ ਦੋਹਾਂ ਖੋਜ ਟਰਮਾਂ ਦਰਮਿਆਨ ਇੱਕ ਜਾਂ ਇੱਕ ਤੋਂ ਵੱਧ ਸ਼ਬਦ ਲਿਖੇ ਜਾਣੇ ਚਾਹੀਦੇ ਹਨ; ਜਾਂ ਫੇਰ ਵਿਚਕਾਰ ਆਏ ਸ਼ਬਦਾਂ ਦੀ ਪ੍ਰਵਾਹ ਨਹੀਂ ਕਰਦੇ ਹੋਏ ਖੋਜ ਟਰਮਾਂ ਪੈਰਾਗਰਾਫ਼ ਦੇ ਰੂਪ ਵਿੱਚ ਆਉਣੀਆਂ ਚਾਹੀਦੀਆਂ ਹਨ। ਪ੍ਰਾਕਸੀਮੀਟੀ ਜਾਂ ਨੇੜਤਾ ਵਾਲੀ ਬੀ.ਆਰ.ਐਸ. (BRS) ਜਾਂ ਖੋਜ ਲਈ ਹੇਠ ਲਿਖੀਆਂ ਨੇੜਲੀਆਂ ਖੋਜਾਂ ਨੂੰ ਪ੍ਰਵਾਨ ਕੀਤਾ ਗਿਆ ਹੈ :–

FISH SAME CHIPS

ਇਸ ਨਾਲ ਡਾਟਾਬੇਸ ਵਿੱਚੋਂ ਪੜਚੋਲ ਉਪਰੰਤ ਸਾਰੇ ਰੀਕਾਰਡਾਂ ਦੀ ਮੁੜ-ਪ੍ਰਾਪਤੀ ਹੋ ਜਾਵੇਗੀ, ਜਿਨ੍ਹਾਂ ਵਿੱਚ ਇਹ ਖੋਜ ਟਰਮਾਂ ਇੱਕੋ ਪੈਰਾਗ੍ਰਾਫ਼ ਵਿੱਚ ਆਈਆਂ ਹੋਣਗੀਆਂ।

FISH WITH CHIPS

ਜਿੱਥੇ ਇਹ ਦੋਵੇਂ ਸ਼ਬਦ ਇੱਕੋ ਵਾਕ ਵਿੱਚ ਹੋਣ, ਉਨ੍ਹਾਂ ਸਾਰੇ ਰੀਕਾਰਡਾਂ ਦੀ ਮੁੜ-ਪ੍ਰਾਪਤੀ ਹੋ ਜਾਵੇਗੀ।

FISH ADJ CHIPS

ਉਸ ਸਾਰੇ ਰੀਕਾਰਡ ਦੀ ਮੁੜ-ਪ੍ਰਾਪਤੀ ਹੋ ਸਕੇਗੀ, ਜਿਸ ਵਿੱਚ ਇੱਕੋ ਵਾਕ ਵਿੱਚ FISH ਤੋਂ ਬਾਅਦ CHIPS ਆਈ ਹੋਵੇ ਜਾਂ CHIPS ਤੋਂ ਬਾਅਦ FISH ਆਈ ਹੋਵੇ। ਪਾਠ ਮੁੜ-ਪ੍ਰਾਪਤੀ ਸਾਫ਼ਟਵੇਅਰ ਵੱਖ-ਵੱਖ ਪ੍ਰਾਕਸੀਮੀਟੀ ਚਾਲਕਾਂ ਦੀ ਪ੍ਰਤੀਨਿਧਤਾ ਲਈ ਵੱਖਰੀ-ਵੱਖਰੀ ਸੰਕੇਤਨ ਵਰਤਦਾ ਹੈ।

**(iii) ਰੇਂਜ ਖੋਜ (Range Searching) :-** ਇਹ ਰੀਕਾਰਡਾਂ ਦੇ ਸੈਟ ਜਾਂ ਡਾਟਾਬੇਸ ਵਿੱਚ ਕਿਸੇ ਰੀਕਾਰਡ ਦੀ ਰੇਂਜ ਜਾਂ ਸੀਮਾ ਚੁਣਨ ਲਈ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਰੇਂਜ ਜਾਂ ਸੀਮਿਤ ਖੋਜ ਲਈ ਹੇਠਾਂ ਲਿਖੇ ਵਿਕਲਪ (option) ਆਮ ਕਰਕੇ ਉਪਲਬਧ ਹਨ :–

* ਤੋਂ ਵੱਡਾ ਹੈ (greater than) (>)
* ਤੋਂ ਛੋਟਾ ਹੈ (less than) (<)
* ਦੇ ਬਰਾਬਰ ਹੈ (equal to) (=)
* ਦੇ ਬਰਾਬਰ ਨਹੀਂ ਹੈ (not equal to) (≠ OR <>)
* ਤੋਂ ਵੱਡਾ ਜਾਂ ਬਰਾਬਰ ਹੈ (greater than or equal to) (>=)
* ਤੋਂ ਛੋਟਾ ਜਾਂ ਬਰਾਬਰ ਹੈ (less than or equal to) (<=)

ਇਨ੍ਹਾਂ ਵਿਕਲਪਾਂ ਦੀ ਵਰਤੋਂ ਦਿੱਤੇ ਖੋਜ ਬਿਆਨ ਵਿੱਚ ਖੋਜ ਟਰਮਾਂ ਦੀ ਸਥਿਤੀ ਨਿਸ਼ਚਿਤ ਕਰਨ ਲਈ ਕੀਤੀ ਜਾਂਦੀ ਹੈ।

**(iv) ਲਿਮਿਟਿੰਗ ਖੋਜ (Limiting Searching) :–** ਕਿਸੇ ਪਾਠ ਮੁੜ-ਪ੍ਰਾਪਤੀ ਸਿਸਟਮ ਦੇ ਡਾਟਾਬੇਸ ਵਿੱਚ ਵੱਖ-ਵੱਖ ਫੀਲਡ ਸ਼ਾਮਿਲ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਵੱਖ-ਵੱਖ ਮੱਦਾਂ ਦੀ ਸੂਚਨਾ ਸ਼ਾਮਿਲ ਹੁੰਦੀ ਹੈ। ਪਾਠ ਮੁੜ-ਪ੍ਰਾਪਤੀ ਸਿਸਟਮ ਵਿੱਚ ਪਾਠਕਾਂ ਦੁਆਰਾ ਇੱਕ ਜਾਂ ਜ਼ਿਆਦਾ ਫੀਲਡਾਂ ਦੀ ਖੋਜ ਲਈ ਹੱਦਬੰਦੀ (limit) ਦੀ ਸਹੂਲਤ ਹੋਣੀ ਚਾਹੀਦੀ ਹੈ। ਹੇਠਾਂ ਲਿਖੀਆਂ ਉਦਾਹਰਣਾਂ BRS/Search ਵਿੱਚੋਂ ਲਈਆਂ ਗਈਆਂ ਹਨ :-

BIRD. PET

ਇਸ ਵਿੱਚ Pet ਫੀਲਡ ਵਿੱਚ Bird ਸ਼ਬਦ ਜਾਂ ਫਰਮ ਵਾਲੇ ਸਾਰੇ ਰੀਕਾਰਡਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕੇਗੀ।

**(v) ਛੰਗਾਈ (Truncation) :-** ਛੰਗਾਈ ਜਾਂ ਟ੍ਰੰਕੇਸ਼ਨ ਪ੍ਰਕਿਰਿਆ ਸਾਂਝੇ ਮੂਲ ਵਾਲੇ ਕਿਸੇ ਸ਼ਬਦ ਦੇ ਸਾਰੇ ਆਕਾਰਾਂ ਦੀ ਖੋਜ ਦੀ ਇਜਾਜ਼ਤ ਦਿੰਦੀ ਹੈ। ਉਦਾਹਰਣ ਵਜੋਂ ਛਾਂਗੀ ਗਈ ਟਰਮ COMPUT* ਨਾਲ COMPUTER, COMPUTING, COMPUTATION, COMPUTE ਆਦਿ ਸਾਰੀਆਂ ਮੱਦਾਂ ਜਾਂ ਆਈਟਮਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕਦੀ ਹੈ। ਛੰਗਾਈ ਲਈ ਵੱਖ-ਵੱਖ ਵਿਕਲਪਾਂ, ਜਿਵੇਂ – ਸੱਜੇ ਪਾਸੇ ਛੰਗਾਈ, ਖੱਬੇ ਪਾਸੇ ਛੰਗਾਈ (Left Truncation) ਅਤੇ ਸ਼ਬਦ ਦੇ ਵਿਚਕਾਰ ਬਣਾਵਟੀ ਚਿਹਰਾ ਜੋੜਨਾ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਖੱਬੇ ਪਾਸੇ ਦੀ ਛੰਗਾਈ (Left Truncation) ਨਾਲ ਉਨ੍ਹਾਂ ਸਾਰੇ ਸ਼ਬਦਾਂ ਦੀ ਮੁੜ-ਪ੍ਰਾਪਤੀ ਹੋ ਜਾਂਦੀ ਹੈ, ਜਿਨ੍ਹਾਂ ਦੇ ਸੱਜੇ ਪਾਸੇ ਇੱਕੋ ਕਿਸਮ ਦੇ ਅੱਖ਼ਰ ਹੁੰਦੇ ਹਨ। ਉਦਾਹਰਣ ਵਜੋਂ *hyl ਛਾਂਗੇ ਗਏ ਸ਼ਬਦ ਦੀ ਵਰਤੋਂ ਨਾਲ methyl, ethyl ਵਗੈਰਾ ਸ਼ਬਦਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸੀ ਪ੍ਰਕਾਰ ਅੱਧ ਵਿਚਕਾਰੋਂ ਛੰਗਾਈ ਕੀਤੇ ਗਏ ਸ਼ਬਦ ਸੱਜੇ ਅਤੇ ਖੱਬੇ ਪਾਸੇ ਮਿਲਦੇ ਇੱਕੋ ਜਿਹੇ ਸ਼ਬਦਾਂ ਦੀ ਮੁੜ-ਪ੍ਰਾਪਤੀ ਵਿੱਚ ਮਦਦ ਕਰਦੇ ਹਨ। ਇਸ ਦੀ ਉਦਾਹਰਣ ਵਜੋਂ ਅੱਧ ਵਿਚਕਾਰੋਂ ਛਾਂਗੀ ਟਰਮ 'Col*r' ਦੀ ਮਦਦ ਨਾਲ 'Colour' ਅਤੇ 'Color' ਦੋਹਾਂ ਟਰਮਾਂ ਦੀ ਮੁੜ-ਪ੍ਰਾਪਤੀ ਕੀਤੀ ਜਾ ਸਕਦੀ ਹੈ।

**ਛੰਗਾਈ ਦੇ ਪ੍ਰਕਾਰ :**

| ਛੰਗਾਈ | ਛਾਂਗੇ ਗਏ ਪੱਦ ਛਾਂਗੇ ਗਏ | ਪਦ ਦੁਆਰਾ ਖੋਜੇ ਗਏ ਸ਼ਬਦ |
|---|---|---|
| Right Truncation | LIBR* | Library, Librarian, etc. |
| Left Truncation | *OLOGY | Zoology, Geology, etc. |
| Infix Truncation | P*DIATRICS | Pediatrics, Paediatrics |
| Right-left Truncation | *Electric* | Electricity, etc. |

ਛੰਗਾਈ ਦਾ ਸੰਕੇਤਨ ਕਰਨ ਲਈ '*' ਚਿੰਨ੍ਹ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਚਿੰਨ੍ਹ ਇੱਕ ਪ੍ਰਣਾਲੀ ਤੋਂ ਦੂਸਰੀ ਪ੍ਰਣਾਲੀ ਵਿੱਚ ਅਲਹਿਦਾ ਢੰਗ ਨਾਲ ਤਿਆਰ ਕੀਤੇ ਜਾ ਸਕਦੇ ਹਨ।

**(vi) ਸਟਰਿੰਗ ਖੋਜ (String Searching) :-** ਸਟਰਿੰਗ ਖੋਜ ਪਾਠਕ ਨੂੰ ਰੀਕਾਰਡ ਵਿੱਚ ਟੈਕਸਟ ਦੀ ਬਾਡੀ ਵਿੱਚ ਆਏ ਉਨ੍ਹਾਂ ਅੱਖ਼ਰਾਂ ਦੀਆਂ ਲੜੀਆਂ ਲੱਭਣ ਵਿੱਚ ਮਦਦ ਕਰਦੀ ਹੈ, ਜਿਨ੍ਹਾਂ ਦਾ ਰਸਮੀ ਪਾਠ ਸਬੰਧਤ ਫ਼ਾਈਲਾਂ ਵਿੱਚ ਦਰਜ ਨਹੀਂ ਕੀਤਾ ਗਿਆ ਹੁੰਦਾ। ਦੂਜੇ ਸ਼ਬਦਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ ਜਿਸ ਦਾ ਟੈਕਸਟ ਪ੍ਰੀ-ਇੰਡੈਕਸਡ ਜਾਂ ਇਨਵਰਟਿਡ ਫ਼ਾਈਨ ਵਿੱਚ ਨਹੀਂ ਹੈ। ਲੜੀ ਜਾਂ ਸਟਰਿੰਗ ਖੋਜ ਉਨ੍ਹਾਂ ਟਰਮਾਂ ਹੇਠ ਖੋਜ ਕਰਨ ਦੀ ਇਜਾਜ਼ਤ ਦਿੰਦੀ ਹੈ, ਜਿਨ੍ਹਾਂ ਦੀ ਇੰਡੈਕਸਿੰਗ ਨਹੀਂ ਹੋਈ। ਕੁਝ ਪਾਠ ਮੁੜ-ਪ੍ਰਾਪਤੀ ਸਿਸਟਮ ਇਹ ਸਹੂਲਤ ਪ੍ਰਦਾਨ ਕਰਦੇ ਹਨ।

### 1.5.4 ਸਾਰ (Summary) :

ਬਿਬਲਿਓਗ੍ਰਾਫਿਕ ਸੇਵਾਵਾਂ ਦੀ ਆਨਲਾਈਨ ਖੋਜ ਦੀ ਸ਼ੁਰੂਆਤ ਆਰੰਭ ਵਿੱਚ ਵਪਾਰਕ ਅਤੇ ਵਣਜ ਸੰਗਠਨਾਂ

ਦੁਆਰਾ ਕੀਤੀ ਗਈ। ਸੂਚਨਾ ਸੰਚਾਰ ਤਕਨਾਲੋਜੀ (Information Communication Technologies) ਨੇ ਆਨਲਾਈਨ ਸੇਵਾਵਾਂ ਦੀ ਸੂਚਨਾ ਸਮਾਜ ਦੁਆਰਾ ਵਰਤੋਂ ਸੁਖਾਲੀ ਕਰ ਦਿੱਤੀ ਹੈ। ਬਹੁਤ ਸਾਰੇ ਗੈਰ-ਵਪਾਰਕ ਸੰਗਠਨ ਵੀ ਆਪਣੇ ਪਾਠਕਾਂ ਨੂੰ ਆਨਲਾਈਨ ਡਾਟਾਬੇਸ ਪ੍ਰਦਾਨ ਕਰਨ ਲਈ ਤਿਆਰ ਹੋ ਗਏ ਹਨ। ਯੂ.ਐਸ.ਏ. ਦੀ ਨੈਸ਼ਨਲ ਲਾਇਬ੍ਰੇਰੀ ਆਫ਼ ਮੈਡੀਸਨ ਨੇ ਆਪਣੇ ਪਾਠਕਾਂ ਲਈ ਆਨਲਾਈਨ ਸੇਵਾਵਾਂ ਸ਼ੁਰੂ ਕੀਤੀਆਂ ਹੋਈਆਂ ਹਨ। ਬਹੁਤ ਸਾਰੇ ਵਪਾਰੀਆਂ ਨੇ ਵੀ ਇਹ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਓਪੇਕ ਕਿਸੇ ਵਿਸ਼ੇਸ਼ ਲਾਇਬ੍ਰੇਰੀ ਜਾਂ ਲਾਇਬ੍ਰੇਰੀਆਂ ਦੇ ਸਮੂਹ ਵਿੱਚੋਂ ਸ੍ਰੋਤਾਂ ਦੀ ਖੋਜ ਲਈ ਇੱਕ ਸੰਦ ਹੈ। ਓਪੇਕ ਦੂਰਸੰਚਾਰ ਸੇਵਾਵਾਂ ਦੀ ਮਦਦ ਨਾਲ ਦੂਰ-ਦੂਰ ਸਥਿਤ ਲਾਇਬ੍ਰੇਰੀਆਂ ਦੇ ਸ੍ਰੋਤਾਂ ਦੀ ਖੋਜ ਵਿੱਚ ਮਦਦਗਾਰ ਸਾਬਿਤ ਹੋ ਰਿਹਾ ਹੈ। ਓਪੇਕਸ ਖੋਜ ਸੁਵਿਧਾਵਾਂ ਨੂੰ ਤਿੰਨ ਪੀੜ੍ਹੀਆਂ ਵਿੱਚ ਵੰਡਿਆ ਜਾ ਸਕਦਾ ਹੈ। ਅੱਜਕੱਲ੍ਹ ਬਹੁਤ ਸਾਰੀਆਂ ਲਾਇਬ੍ਰੇਰੀਆਂ ਵੈਬ ਆਧਾਰਿਤ ਓਪੇਕ (OPAC) ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ "ਵੈਬ ਓਪੇਕਸ" (Web OPAC) ਕਿਹਾ ਜਾਂਦਾ ਹੈ।

ਬਹੁਤ ਸਾਰੇ ਵਪਾਰਕ ਅਦਾਰੇ ਜਿਵੇਂ ਕਿ ਡਾਇਲਾਗ (DIALOG), ਓਰਬੀਟ (ORBIT), ਬੀ.ਆਰ.ਐਸ. (BRS) ਆਦਿ ਆਨਲਾਈਨ ਖੋਜ ਸੇਵਾਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਕਿਸੇ ਵੀ ਆਨਲਾਈਨ ਖੋਜ ਵਿੱਚ 9 ਮੁੱਖ ਤੱਤ ਸ਼ਾਮਿਲ ਕੀਤੇ ਜਾਂਦੇ ਹਨ – ਖੋਜ-ਕਰਤਾ, ਖੋਜ ਰਚਨਾ, ਇਨਪੁੱਟ ਖੋਜ ਵਿਉਂਤ ਫਾਰਮੂਲੇਸ਼ਨ, ਵਰਕ-ਸਟੇਸ਼ਨ, ਕੰਪਿਊਟਰ ਪ੍ਰਣਾਲੀ ਨਾਲ ਸੰਬੰਧ ਜੋੜਨਾ, ਖੋਜ ਸਾਫ਼ਟਵੇਅਰ, ਸੂਚਨਾ ਦਾ ਭੰਡਾਰ ਜਾਂ ਸਟੋਰ, ਮੱਦ ਦੀ ਪ੍ਰਾਪਤੀ ਤੇ ਪ੍ਰਿੰਟਰ। ਬਿਬਲਿਓਗ੍ਰਾਫਿਕ ਪਾਠ ਮੁੜ-ਪ੍ਰਾਪਤੀ ਸਾਫ਼ਟਵੇਅਰ, ਆਨਲਾਈਨ ਡਾਟਾਬੇਸ ਦੀ ਖੋਜ ਲਈ ਬਹੁਤ ਸਾਰੀਆਂ ਖੋਜ ਸਹੂਲਤਾਵਾਂ ਪ੍ਰਦਾਨ ਕਰਦੇ ਹਨ। ਜਿਵੇਂ ਕਿ – ਬੂਲੀਅਨ ਪੁੱਛ ਰਚਨਾ, ਪ੍ਰਾਕਸੀਮੀਟੀ ਖੋਜ, ਰੇਂਜ ਖੋਜ, ਸਟਰਿੰਗ, ਛੰਗਾਈ ਆਦਿ।

## 1.5.5 ਹਵਾਲੇ ਅਤੇ ਹੋਰ ਪੜ੍ਹਨ ਲਈ


1. Armstrong, C.J. and Large, J.A. (eds.). Manual of online search strategies. Adershat, Gower, 1988.
2. Chowdhury, G.G. Introduction to modern information retrieval. London : Library Association Publishing, 1999
3. Hartley, R.J. and Carge J.A. Online searching : principles and practice. London, Bowder-Saur, 1990
4. Lancaster, F.W. Information retrieval systems : Characteristics, testing and evaluation. Ed 2. New York : John Wiley, 1978
5. Vickery, B.C. Techniques of information retrieval. London : Butterworth, 1970
6. Walker, G. and Janes, J. Online retrieval : a dialogue of theory and practice. Englewood, Libraries Unlimited, 1993


## 1.5.6 ਸਵੈ-ਨਿਰੀਖਣ ਅਭਿਆਸ :

ਨੋਟ : ਹਰੇਕ ਪ੍ਰਸ਼ਨ ਦੇ ਥੱਲੇ ਦਿੱਤੀ ਜਗ੍ਹਾ ਵਿੱਚ ਉੱਤਰ ਲਿਖੋ।

1. OPAC ਦੀ ਪਰਿਭਾਸ਼ਾ ਦਿਉ।

______________________________________________________________________

______________________________________________________________________

______________________________________________________________________

______________________________________________________________________

2. OPAC ਦੀਆਂ ਵੱਖ-ਵੱਖ ਪੀੜ੍ਹੀਆਂ ਬਾਰੇ ਲਿਖੋ।

3. ਆਨਲਾਈਨ ਖੋਜ ਸੇਵਾ ਦੇ ਇਤਿਹਾਸਕ ਪਰਿਪੇਖ ਦੀ ਵਿਆਖਿਆ ਕਰੋ।

4. ਬਿਬਲਿਓਗ੍ਰਾਫਿਕ ਪਾਠ ਮੁੜ-ਪ੍ਰਾਪਤੀ ਪ੍ਰਣਾਲੀ ਵਿੱਚ ਉਪਲਬਧ ਵੱਖ-ਵੱਖ ਖੋਜ ਸਹੂਲਤਾਂ ਦੀ ਵਿਆਖਿਆ ਕਰੋ।